# ਬਾਰਹਮਾਹਾ
# (ਸਾਵਣਿ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਸ਼ਾਨ ....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਹਉਂ ਤਿਨ ਕੇ ਬਲਿਹਾਰ*
*ਜਿਨਾ ਨੂੰ ਮਿਲਿਆ ਰਾਮ ਪਿਆਰਾ।*

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥*
*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥*
*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥*
*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥*
*ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥*
*ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥*
*ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥*
*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥*
*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥*
*ਅੰਗ - 134*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਬਾਰਿਸ਼ ਹੋ ਰਹੀ ਸੀ, ਕੱਪੜੇ ਲੀੜੇ ਭਿੱਜ ਰਹੇ ਸਨ, ਇਨ੍ਹਾਂ ਗੱਲਾਂ ਦੀ ਪ੍ਰਵਾਹ ਨਾ ਕਰਦੇ ਹੋਏ ਆਪ ਗੁਰੂ ਦੇ ਦਰ ਵਲ ਨੂੰ ਕਦਮ ਅੱਗੇ ਤੋਂ ਅੱਗੇ ਪੁਟਦੇ ਆ ਰਹੇ ਸੀ। ਵਾਹਿਗੁਰੂ ਜੀ ਦੀ ਮਿਹਰ ਹੈ ਜਿਹੜਾ ਸਤਿਸੰਗ ਸਮਾਗਮਾਂ ਦੇ ਵਿਚ ਪਹੁੰਚ ਜਾਏ। ਸਾਵਣ ਦਾ ਮਹੀਨਾ ਹੈ ਮਹਾਰਾਜ ਇਹ ਦੱਸਿਆ ਕਰਦੇ ਸੀ ਕਿ ਇਸ ਮਹੀਨੇ ਦੇ ਅੰਦਰ ਸੌ ਮੀਂਹ ਵਰ੍ਹਦਾ ਹੈ ਤੇ ਸਾਵਣ ਕਿਹਾ ਜਾਂਦਾ ਹੈ। ਇਹਦੇ ਵਿਚ ਕੁਦਰਤੀ ਤੌਰ ਤੇ ਮਨ ਖਿੜਦਾ ਹੈ, ਬਾਰਿਸ਼ ਹੋਣ ਤੇ ਮਨ ਟਿਕਦਾ ਹੈ। ਮਾਇਆ ਦੇ ਮੰਡਲ 'ਚੋਂ ਥੋੜ੍ਹਾ ਉਪਰ ਨਿਕਲਦਾ ਹੈ। ਲੋਚਦਾ ਹੈ ਮਨ ਕਿਸੇ ਦੇ ਮਿਲਾਪ ਵਾਸਤੇ। ਨਾ ਪਤਾ ਹੋਣ ਕਰਕੇ ਦੋਸਤਾਂ-ਮਿਤਰਾਂ, ਪੁੱਤਰਾਂ ਧੀਆਂ, ਇਨ੍ਹਾਂ ਦੇ ਮਿਲਣ ਵਾਸਤੇ ਮਿਲਾਪ ਲੋਚਦਾ ਹੈ। ਪੁਰਾਣੇ ਸਮਿਆਂ ਦੇ ਵਿਚ ਰਿਵਾਜ ਹੋਇਆ ਕਰਦਾ ਸੀ ਕਿ ਇਨ੍ਹਾਂ ਮਹੀਨਿਆਂ ਦੇ ਅੰਦਰ ਜਿਨ੍ਹਾਂ ਬੱਚੀਆਂ ਦੀ ਸ਼ਾਦੀ ਹੋ ਕੇ ਸਹੁਰੇ ਘਰ ਗਈਆਂ ਹੋਈਆਂ ਹਨ, ਉਨ੍ਹਾਂ ਨੂੰ ਵਾਪਸ ਬੁਲਾਇਆ ਜਾਂਦਾ ਸੀ। ਇਥੇ ਕਈ ਕਿਸਮ ਦੇ ਸਮਾਗਮ ਹੁੰਦੇ, ਕਈ ਕਿਸਮ ਦੇ ਵਿਹਾਰ ਹੁੰਦੇ, ਉਹ ਮਨ ਦੀ ਇਕ ਲੋਚਾ ਸੀ, ਮਨੋਵਿਗਿਆਨਕ ਲੋੜ ਕਾਰਨ ਸਾਡੇ ਬਜ਼ੁਰਗਾਂ ਨੇ ਇਹ ਤਿਉਹਾਰ ਵਗੈਰਾ ਮਿਥੇ ਹੋਏ ਸੀ। ਇਹ ਕੋਈ ਵਹਿਮ-ਪ੍ਰਸਤੀ ਨਹੀਂ ਸੀ। ਉਹਦੇ ਵਿਚ ਕੁਦਰਤੀ ਤੌਰ ਤੇ ਮਨ ਦੇ ਵਿਚ ਲੋਚਾ ਹੁੰਦੀ ਹੈ, ਖੇੜਾ ਆਉਂਦਾ ਹੈ, ਖਿੱਚ ਆਉਂਦੀ ਹੈ ਕਿ ਮੈਂ ਆਪਣੇ ਪਿਆਰ ਵਾਲਿਆਂ ਨੂੰ ਮਿਲਾਂ। ਇਸੇ ਤਰ੍ਹਾਂ ਦੇ ਨਾਲ ਜਿਨ੍ਹਾਂ ਦੇ ਮਨ ਦੇ ਅੰਦਰ ਖਿੱਚ ਖਾਧੀ ਹੋਈ ਹੈ ਪ੍ਰਭੂ ਦੀ। ਏਸ ਲਗਨ ਦੇ ਵਿਚ ਲੱਗੇ ਹੋਏ ਨੇ ਕਿ ਇਸ ਮਾਨਸ ਜਨਮ ਦੇ ਅੰਦਰ ਅੰਦਰ ਪ੍ਰਭੂ ਦੀ ਪ੍ਰਾਪਤੀ ਕਰ ਲੈਣੀ ਹੈ। ਇਹ ਮਹੀਨਾ ਉਨ੍ਹਾਂ ਦੇ ਮਨਾਂ ਵਿਚ ਵੀ ਖੇੜਾ ਦਿੰਦਾ ਹੈ। ਠੰਡੀ ਹਵਾ ਰੁਮਕਦੀ ਹੈ, ਛੋਟੀ-ਛੋਟੀ ਬੂੰਦਾਂ ਦੀ ਬਾਰਿਸ਼ ਹੁੰਦੀ ਹੈ, ਕਦੇ ਜ਼ੋਰ ਦੀ ਵੀ ਹੁੰਦੀ ਹੈ। ਧਰਤੀ ਵਿਚ ਖੇੜਾ ਆਉਂਦਾ ਹੈ, ਧਰਤੀ ਖਿੜਦੀ ਹੈ ਤੇ ਹਰਾ ਗਲੀਚਾ ਵਿਛਾ ਦਿੰਦੀ ਹੈ। ਫਸਲਾਂ ਮੌਲਦੀਆਂ ਨੇ, ਦਰਖਤ ਮੌਲਦੇ ਨੇ, ਇਸ਼ਨਾਨ ਕਰਕੇ ਸੁੱਚੇ ਹੋ ਕੇ ਸਾਨੂੰ ਦਰਸ਼ਨ ਦਿੰਦੇ ਨੇ। ਸੋ ਮਹਾਰਾਜ ਕਹਿੰਦੇ –

*ਵਣੁ ਤਿਣੁ ਪ੍ਰਭ ਸੰਗਿ ਮਉਲਿਆ............॥*
*ਅੰਗ - 134*

ਇਹ ਵੀ ਮਉਲਦੇ ਨੇ, ਖਿੜਦੇ ਨੇ, ਇਨ੍ਹਾਂ ਦੇ ਅੰਦਰ ਵੀ ਕੋਈ ਰਸ ਵੱਧਦੈ। ਨਵੇਂ ਬੂਟੇ ਲਾਏ ਜਾਂਦੇ ਨੇ, ਫਟਾ-ਫਟ ਜੜ੍ਹ ਫੜ ਲੈਂਦੀ ਹੈ ਧਰਤੀ। ਇਸੇ ਤਰ੍ਹਾਂ ਦੇ ਨਾਲ ਪ੍ਰਭੂ ਦੇ ਦਰਸ਼ਨ ਵਾਲਿਆਂ ਦੇ ਮਨ ਵਿਚ ਖੇੜਾ ਆਉਂਦਾ ਹੈ ਤੇ ਜੀਅ ਕਰਦਾ ਹੈ ਕਿ ਹੇ ਪ੍ਰਭੂ! ਤੂੰ ਦਰਸ਼ਨ ਦੇਹ। ਕੋਲ ਹੀ ਹੈਂ ਤੂੰ। ਜਿਹੜੇ ਵਿਹੁ ਭਿੱਜੇ ਰੰਗ ਨੇ ਵਿਸ਼ੇ ਵਿਕਾਰਾਂ ਦੇ ਉਹ ਸੁਆਹ ਵਰਗੇ ਲਗਦੇ ਨੇ। ਮਹਾਰਾਜ ਕਹਿੰਦੇ ਪਿਆਰਿਓ! ਇਹਦੇ ਵਿਚ ਜੋ ਨਾਮ ਦੀ ਸੁਹਾਵਣੀ ਬੂੰਦ ਹੈ, ਉਸ ਨੂੰ ਉਨ੍ਹਾਂ ਪੁਰਖਾਂ ਦੇ ਨਾਲ ਮਿਲ ਕੇ ਪੀਓ ਜਿਨ੍ਹਾਂ ਨੇ ਪ੍ਰਮੇਸ਼ਰ ਦਾ ਮਿਲਾਪ ਹਾਸਲ ਕਰ ਲਿਆ। ਬੜੇ ਸੰਕੇਤ ਆਉਂਦੇ ਨੇ ਬਾਣੀ ਦੇ ਅੰਦਰ –

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥ ਅੰਗ - 309*

ਤੁਸੀਂ ਆਤਮ ਮਾਰਗ ਪੜ੍ਹਿਆ ਹੋਣਾ ਹੈ ਉਹਦੇ ਵਿਚ ਇਕ ਲੇਖ ਚਲਦਾ ਸੀ ਪਵਿੱਤਰ ਪੈਂਡਾ। ਉਹ ਬਹੁਤ ਸੋਹਣਾ

ਲਿਖਿਆ ਹੋਇਆ ਹੈ, ਉਪਨਿਸ਼ਦਾਂ ਦੇ ਆਧਾਰ ਤੇ ਹੈ ਉਹ ਲੇਖ। ਗੁਰੂ ਮਹਾਰਾਜ ਵੀ ਉਸੇ ਵਲ ਸੰਕੇਤ ਕਰਦੇ ਹੋਏ ਫੁਰਮਾਨ ਕਰਦੇ ਨੇ। ਉਹਦੇ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ ਪ੍ਰਮੇਸ਼ਰ ਨੇ ਸ੍ਰਿਸ਼ਟੀ ਰਚਨਾ ਤੋਂ ਪਿਛੋਂ ਇਕ ਅਤਿ ਕੀਮਤੀ ਚੀਜ਼ ਜਿਹੜੀ ਸੀ ਉਨ੍ਹਾਂ ਕੋਲ, ਪ੍ਰਭੂ ਨੇ ਦੇਵਤਿਆਂ ਨੂੰ ਕਿਹਾ ਕਿ ਇਸ ਨੂੰ ਛੁਪਾ ਦਿਓ ਅਰ ਐਹੋ ਜਿਹੇ ਥਾਂ ਛੁਪਾਇਓ ਜਿਥੇ ਕੋਈ ਟੋਲ੍ਹ ਨਾ ਸਕੇ। ਉਹ ਸਾਰੇ ਫਿਰ ਕੇ ਆ ਗਏ। ਪ੍ਰਮੇਸ਼ਰ ਨੇ ਕਿਹਾ ਦੱਸੋ ਤੁਸੀਂ ਕਿਥੇ ਕਿਥੇ ਛੁਪਾਉਣ ਵਾਸਤੇ ਨਿਸ਼ਾਨ ਲਾ ਕੇ ਆਏ ਹੋਂ। ਕਿਸੇ ਨੇ ਕਿਹਾ ਜੀ ਬਰਫਾਂ ਦੇ ਥੱਲੇ, ਕਿਸੇ ਨੇ ਕਿਹਾ ਪਹਾੜ ਦੇ ਪੇਟ ਵਿਚ, ਕਿਸੇ ਨੇ ਕਿਹਾ ਸਮੁੰਦਰ ਦੇ ਥੱਲੇ, ਕਿਸੇ ਨੇ ਕਿਹਾ ਵਗਦੇ ਦਰਿਆ ਦੇ ਥੱਲੇ, ਕਿਸੇ ਨੇ ਕਿਹਾ ਕਿ ਚੰਦਰਮਾ ਵਿਚ, ਕਿਸੇ ਨੇ ਸੂਰਜ ਵਿਚ, ਕਿਸੇ ਨੇ ਕਿਸੇ ਸਿਤਾਰੇ ਦਾ ਨਾਮ ਲਿਆ, ਕਿਸੇ ਨੇ ਕਿਸੇ ਗ੍ਰਹਿ ਦਾ ਨਾਉਂ ਲਿਆ। ਪ੍ਰਮੇਸ਼ਰ ਕਹਿਣ ਲੱਗੇ ਇਥੋਂ ਤਾਂ ਟੋਲ੍ਹੀ ਜਾਏਗੀ - ਇਹ ਚੀਜ਼। ਜਿਹਨੇ ਟੋਲ੍ਹ ਲੈਣੀ ਹੈ ਉਹਦਾ ਜੰਮਣ ਮਰਨ ਦਾ ਚੱਕਰ ਖਤਮ ਹੋ ਜਾਏਗਾ ਤੇ ਉਹ ਮੇਰੇ ਮੰਡਲ ਵਿਚ ਆ ਕੇ ਪ੍ਰਵੇਸ਼ ਹੀ ਨਹੀਂ ਕਰੇਗਾ ਉਹ ਮੇਰਾ ਰੂਪ ਹੀ ਬਣ ਜਾਏਗਾ। ਇਸ ਵਾਸਤੇ ਇਹ ਚੀਜ਼ ਹਦ ਤੋਂ ਜ਼ਿਆਦਾ ਕੀਮਤੀ ਹੈ। ਹੋਰ ਦੇਖੋ ਕੋਈ ਥਾਂ ਜਿਥੇ ਇਸ ਨੂੰ ਟੋਲ੍ਹਿਆ ਨਾ ਜਾ ਸਕੇ। ਉਸ ਵੇਲੇ ਉਨ੍ਹਾਂ ਨੇ ਫੇਰ ਖੋਜ ਕਰੀ। ਅਖੀਰ ਕਿਹਾ ਹੇ ਪ੍ਰਭੂ! ਆਪ ਹੀ ਦੱਸੋ ਕਿ ਅਸੀਂ ਕਿੱਥੇ ਰੱਖੀਏ। ਪ੍ਰਭੂ ਕਹਿਣ ਲੱਗੇ ਦੇਖੋ, ਇਹ ਸਾਰੀ ਕਾਇਨਾਤ ਦੇ ਵਿਚੋਂ 83 ਲੱਖ 99 ਹਜ਼ਾਰ, 9 ਸੌ 99 ਜੂਨਾਂ ਜਿਹੜੀਆਂ ਨੇ ਉਨ੍ਹਾਂ ਨੂੰ ਤਾਂ ਇਸ ਗੱਲ ਦਾ ਪਤਾ ਹੀ ਨਹੀਂ ਲੱਗਣਾ, ਇਸ ਕਰਕੇ ਉਨ੍ਹਾਂ ਤੋਂ ਬੇਖਬਰ ਰਹੋ, ਉਨ੍ਹਾਂ ਨੇ ਨਹੀਂ ਟੋਲ੍ਹਣੀ। ਹਾਂ, ਜੋ ਮੈਂ ਮਨੁੱਖ ਬਣਾਇਆ ਹੈ ਇਹਨੇ ਛੇਤੀ ਟੋਲ੍ਹ ਲੈਣੀ ਹੈ ਅਤੇ ਮੇਰੇ ਵਿਚ ਆ ਰਲਣਾ ਹੈ। ਫੇਰ ਅੱਗੇ ਖੇਡ ਚੱਲਣੀ ਨਹੀਂ ਹੈ। ਇਹਨੇ ਕਰਮ ਬੀਜਣੇ ਵੀ ਨੇ, ਕਰਮਾਂ ਤੋਂ ਬਗੈਰ ਚੱਕਰ ਨਹੀਂ ਚਲਦਾ, ਮੇਰੇ ਵਿਚ ਆ ਜਾਏਗਾ। ਸੋ ਐਉਂ ਕਰੋ ਐਹ ਮਨੁੱਖ ਦੇ ਅੰਦਰ ਹੀ ਦਬਾ ਦਿਓ ਇਹਨੂੰ। ਪੁਰਾਣੇ ਮਹਾਤਮਾ ਬੜੇ ਢੰਗ ਦੇ ਨਾਲ ਇਹ ਗੱਲ ਦਸਦੇ ਹੁੰਦੇ ਕਿ ਥੇਹ ਕਿਵੇਂ ਖੋਜੀਦੈ। ਇਸ ਸਰੀਰ ਨੂੰ ਥੇਹ ਕਹਿੰਦੇ ਸੀ, ਥੇਹ ਹੁੰਦਾ ਹੈ ਜਿਵੇਂ ਕੋਈ ਉਜੜਿਆ ਹੋਇਆ ਪਿੰਡ ਹੋਵੇ। ਜਿਹੜਾ ਪਿਛੇ ਉਚਾ ਟਿੱਬਾ ਵੱਧ ਜਾਵੇ ਉਹਨੂੰ ਲੋਕ ਥੇਹ ਕਹਿੰਦੇ ਨੇ। ਮਹਾਤਮਾ ਦੱਸਦੇ ਹੁੰਦੇ ਕਿ ਥੇਹ ਨੂੰ ਕਿਵੇਂ ਖੋਜਣਾ ਹੈ। ਕਿਸ ਤਰ੍ਹਾਂ ਦੇ ਨਾਲ ਹੇਠਾਂ ਸੁਰਤਾਂ ਲਾਉਣੀਆਂ ਨੇ, ਕਿਸ ਤਰ੍ਹਾਂ ਦੇ ਨਾਲ ਉਥੇ ਪਹੁੰਚਣਾ ਹੈ ਤੇ ਗੁਰੂ ਮਹਾਰਾਜ ਨੇ ਵੀ ਇਸੇ ਆਸ਼ੇ ਨੂੰ ਮੁੱਖ ਰੱਖ ਕੇ ਫੁਰਮਾਨ ਕੀਤਾ ਹੈ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥ ਅੰਗ - 309*

ਮਹਾਰਾਜ ਨੇ ਦੱਸ ਪਾ ਦਿਤੀ ਕਿ ਲਓ ਜੇ ਤੁਸੀਂ ਕੱਢਣਾ ਹੈ ਤਾਂ ਕੱਢ ਲਓ ਵੱਡਾ ਭਾਰੀ ਖਜ਼ਾਨਾ ਹੈ ਜਿਹੜੇ ਖਜ਼ਾਨੇ ਦਾ ਕੋਈ ਮੁੱਲ ਹੀ ਨਹੀਂ ਹੈ। ਕੋਈ ਮੁੱਲ ਨਹੀਂ ਹੈ ਇਸ ਖਜ਼ਾਨੇ ਦਾ, ਜੇ ਕੋਈ ਭਾਗਾਂ ਵਾਲਾ ਹੈ ਕੱਢ ਲਓ ਇਸ ਖਜ਼ਾਨੇ ਨੂੰ, ਖੋਜ ਲਓ। ਮਹਾਰਾਜ ਨੇ ਕੋਈ ਗੱਲ ਨਹੀਂ ਛੁਪਾਈ। ਪਰ ਅਸੀਂ ਐਸੇ ਹਾਂ ਕਿ ਸਾਡੇ ਸਮਝ ਨਹੀਂ ਪੈਂਦੀ ਗੱਲ ਦੀ ਕਿ ਮਹਾਰਾਜ ਕਹਿ ਕੀ ਰਹੇ ਨੇ। ਮੁੜ-ਮੁੜ ਕੇ ਅਸੀਂ ਹੇਠਾਂ ਨੂੰ ਗਿਰਦੇ ਹਾਂ, ਉਸ ਗੱਲ ਤੱਕ ਤਾਂ ਅਸੀਂ ਪਹੁੰਚਦੇ ਨਹੀਂ ਹਾਂ। ਇਹੀ ਵਜ੍ਹਾ ਹੈ ਕਿ ਅਸੀਂ ਬਾਰ-ਬਾਰ ਜੰਮ ਪੈਂਦੇ ਹਾਂ, ਮਰ ਜਾਂਦੇ ਹਾਂ, ਜੰਮ ਪੈਂਦੇ ਹਾਂ ਮਰ ਜਾਂਦੇ ਹਾਂ। ਜਾਗੇ ਹੋਏ ਪੁਰਸ਼ ਦੀ ਸੰਗਤ ਤੋਂ ਬਗੈਰ ਨਹੀਂ ਆਦਮੀ ਲੰਘ ਸਕਿਆ ਕਰਦਾ। ਇਹ ਫੈਸਲਾ ਹੈ ਗੁਰੂ ਗ੍ਰੰਥ ਸਾਹਿਬ ਦਾ। ਕਿਉਂਕਿ ਇਥੇ ਵੀ ਫੁਰਮਾਨ ਕੀਤਾ ਹੋਇਆ ਹੈ ਕਿ-

*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥*
*ਅੰਗ - 134*

ਸਾਧੂਆਂ ਨੂੰ ਮਿਲ ਕੇ ਹੀ ਅੰਮ੍ਰਿਤ ਬੂੰਦ ਦੀ ਪ੍ਰਾਪਤੀ ਹੁੰਦੀ ਹੈ, ਨਾਮ ਦੀ ਪ੍ਰਾਪਤੀ ਹੁੰਦੀ ਹੈ।

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥*
*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥ ਅੰਗ - 309*

ਕੋਈ ਹੈ ਵਿਰਲਾ। ਗੁਰਮੁਖ ਦੀ ਸੰਗਤ ਕਰਕੇ ਇਹਨੂੰ ਪਤਾ ਲੱਗੇਗਾ ਕਿ ਮੈਂ ਇਹਨੂੰ ਕਿਵੇਂ ਖੋਜ ਸਕਦਾ ਹਾਂ। ਸੋ ਸਵਾਮੀ ਜੀ ਨੇ ਬੜੀ ਮਿਹਨਤ ਕਰੀ ਹੈ, ਉਨ੍ਹਾਂ ਨੇ ਰਾਹ ਵੀ ਦੱਸਿਆ ਹੋਇਆ ਹੈ ਇਸ ਵਿਚ ਕਿ ਕਿਵੇਂ ਇਹਨੂੰ ਖੋਜਣਾ ਹੈ। ਮੈਗਜ਼ੀਨ ਦੇ ਵਿਚ ਲੇਖ ਹੀ ਐਸੇ ਆਉਂਦੇ ਨੇ ਕਿ ਅਸੀਂ ਜਨਮ ਮਰਨ ਤੋਂ ਕਿਵੇਂ ਛੁਟ ਸਕਦੇ ਹਾਂ। ਜਦੋਂ ਤੋਂ ਇਹ ਮੈਗਜ਼ੀਨ ਚੱਲਿਆ ਹੈ ਉਸ ਵੇਲੇ ਤੋਂ ਹੀ ਇਹ ਗੱਲ ਚੱਲ ਰਹੀ ਹੈ ਕਿ ਸਾਡਾ ਛੁਟਕਾਰਾ ਕਿਵੇਂ ਹੋ ਸਕਦਾ ਹੈ? ਦੁੱਖਾਂ ਦਾ ਖਾਤਮਾ ਕਿਵੇਂ ਹੋ ਸਕਦਾ ਹੈ। ਉਹ ਵਿਚ ਸਭ ਕੁਛ ਆਉਂਦਾ ਹੈ ਕਿ ਪਿਆਰਿਆ! ਜੇ ਤੂੰ ਅਜੇ ਮੰਨਣ ਦੀ ਸਟੇਜ ਵਿਚ ਹੈਂ ਤਾਂ ਤੇਰੀ ਜਿਹੜੀ ਮੰਗ ਹੈ ਉਹ ਪੂਰੀ ਹੋ ਸਕਦੀ ਹੈ ਪ੍ਰਮੇਸ਼ਰ ਦਾ ਨਾਮ ਜਪ ਕੇ। ਤੇਰੀ ਕੋਈ ਵੀ ਇਛਿਆ ਐਸੀ ਨਹੀਂ ਹੈ ਜਿਹੜੀ ਪੂਰੀ ਨਾ ਹੋਵੇ। ਬਾਰ-ਬਾਰ ਉਹਦੇ ਵਿਚ ਜ਼ਿਕਰ ਆਉਂਦਾ ਹੈ, ਐਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਇੱਛਾ ਹੋਣ ਸਭੇ ਤੇਰੀਆਂ ਪੂਰੀਆਂ,*
*ਸਤਿਨਾਮ ਜਪ ਕੇ ਵਾਹਿਗੁਰੂ।*

*ਪ੍ਰਭ ਕੈ ਸਿਮਰਨਿ ਪੂਰਨ ਆਸਾ॥ ਅੰਗ - 263*

ਸਾਰੀਆਂ ਇਛਿਆਵਾਂ ਪੂਰੀਆਂ ਹੋ ਜਾਂਦੀਆਂ ਨੇ, ਬਿਮਾਰੀਆਂ ਹਟ ਜਾਂਦੀਆਂ ਨੇ।

ਲਗਨ ਵਾਲੇ ਬੰਦੇ ਇਸ ਨੂੰ ਪੜ੍ਹਦੇ ਨੇ। ਉਹ ਕਿਹੜੀ ਚੀਜ਼ ਹੈ ਜਿਸਨੂੰ ਪ੍ਰਾਪਤ ਕਰਕੇ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦੀ ਲੋੜ ਨਹੀਂ ਰਹਿੰਦੀ। ਉਹ ਕਿਹੜਾ ਗਿਆਨ ਹੈ ਜਿਹਨੂੰ ਪ੍ਰਾਪਤ ਕਰਕੇ ਕਿਸੇ ਗਿਆਨ ਦੀ ਲੋੜ ਨਹੀਂ ਰਹਿੰਦੀ। ਉਹ ਕਿਹੜਾ ਸੁਖ ਹੈ ਜਿਹਨੂੰ ਪ੍ਰਾਪਤ ਕਰਕੇ ਫੇਰ ਕਿਸੇ ਸੁਖ ਦੀ ਲੋੜ ਨਹੀਂ ਰਹਿੰਦੀ। ਉਹਦੇ ਬਾਰੇ ਇਹਦੇ ਵਿਚ ਜਵਾਬ ਆਉਂਦੇ ਨੇ।

ਜਿਹੜੇ ਖਜ਼ਾਨੇ ਨੂੰ ਤੂੰ ਟੋਲ੍ਹਣਾ ਹੈ, ਜੋ ਕੀਮਤੀ ਚੀਜ਼ ਪ੍ਰਮੇਸ਼ਰ ਨੇ ਛੁਪਾਈ ਹੋਈ ਹੈ ਉਹ ਤੇਰੇ ਅੰਦਰ ਹੈ। ਰੱਬ ਨੇ ਅੰਦਰ ਰੱਖ ਦਿਤੀ ਕਿ ਇਹਨੇ ਟੱਕਰਾਂ ਮਾਰਨੀਆਂ ਨੇ ਬਾਹਰ। ਮਾਰਦੇ ਹੀ ਹਾਂ ਆਪਾਂ, ਅੰਦਰ ਨਹੀਂ ਅਸੀਂ ਖੋਜਦੇ, ਕੋਈ ਵਿਰਲਾ ਹੈ ਜਿਹੜਾ ਅੰਦਰ ਖੋਜਦਾ ਹੈ। ਮਹਾਰਾਜ ਬਾਰ-ਬਾਰ ਸਾਨੂੰ ਸੰਕੇਤ ਦਿੰਦੇ ਨੇ -

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥*
*ਅੰਗ - 684*

ਉਸ ਵਾਹਿਗੁਰੂ ਨੂੰ ਬਾਹਰ ਨਾ ਤੂੰ ਭਾਲ। ਜਿਸ ਦਾ ਨਾਮ ਹੈ ਆਤਮਾ, ਆਤਮਾ, ਪ੍ਰਮਾਤਮਾ, ਬ੍ਰਹਮ, ਪ੍ਰਮੇਸ਼ਰ, ਸਤਿ ਇਹ ਬੜੇ ਨੇੜੇ-ਨੇੜੇ ਦੇ ਨਾਮ ਨੇ, ਥੋੜ੍ਹਾ ਜਿਹਾ ਵਿਆਖਿਆ 'ਚ ਫਰਕ ਹੈ। 'ਸਤਿ' ਜਿਥੇ ਆਉਂਦਾ ਹੈ ਉਥੇ ਨਿਵਾਸ ਨੂੰ ਦੱਸਿਆ ਹੈ ਕਿ 'ਸੱਚਖੰਡ ਵਸੈ ਨਿਰੰਕਾਰ।' ਉਹਦੇ ਸੰਕੇਤ ਆਉਂਦੇ ਨੇ, ਤੁਹਾਨੂੰ ਵੀ ਮੈਨੂੰ ਵੀ, ਮੈਂ ਜਿਹੜੀ ਬੇਨਤੀ ਕੀਤੀ ਹੈ ਕਿ ਪ੍ਰਮੇਸ਼ਰ ਨੇ ਕਿਹਾ, ਛੁਪਾ ਦਿਓ ਏਸ ਨੂੰ, ਇਹਦੇ ਤੱਕ ਕੋਈ ਪਹੁੰਚ ਨਾ ਸਕੇ, ਕਿਉਂਕਿ ਜੋ ਮੈਂ ਰਚਨਾ ਰਚੀ ਹੈ ਉਨ੍ਹਾਂ ਸਾਰਿਆਂ ਤੋਂ ਕੀਮਤੀ ਜੇ ਕੋਈ ਚੀਜ਼ ਹੈ ਉਹ ਇਹ ਹੈ ਇਹਨੂੰ ਛੁਪਾ ਦਿਓ, ਇਹ ਛੇਤੀ-ਛੇਤੀ ਹੱਥ ਨਾ ਆਵੇ ਕਿਸੇ ਦੇ। ਬੜੇ ਸੰਕੇਤ ਨੇ, ਬੜੇ ਤਰੀਕਿਆਂ ਦੇ ਨਾਲ ਦੱਸੀ ਜਾਂਦੀ ਹੈ ਇਹੀ ਗੱਲ। ਪਰ ਕਦਰਦਾਨ ਨਾ ਹੋਣ ਕਰਕੇ ਸਾਨੂੰ ਪਤਾ ਨਹੀਂ ਲਗਦਾ, ਗੱਲ ਅਸੀਂ ਸੁਣ ਲੈਂਦੇ ਹਾਂ, ਲੇਕਿਨ ਨਹੀਂ ਪਤਾ ਲਗਦਾ ਕਿ ਇਥੇ ਤਕ ਪਹੁੰਚੀਏ ਕਿਵੇਂ। ਬਹੁਤ ਵਾਰੀ ਇਹ ਦੱਸਿਆ ਜਾਂਦਾ ਹੈ ਕਿ ਪਿਆਰਿਓ, ਗੁਰੂ ਤੋਂ ਬਗੈਰ ਇਹ ਪ੍ਰਾਪਤੀ ਨਹੀਂ ਹੋਣੀ। ਕੋਈ ਘਰ ਦਾ ਭੇਤੀ ਚਾਹੀਦਾ ਹੈ ਕਿ ਜਿਹੜਾ ਇਹ ਦੱਸੀ ਜਾਵੇ ਛੇਤੀ-ਛੇਤੀ। ਇਕ ਵਾਰੀ ਅਖਬਾਰਾਂ ਵਿਚ ਨਿਕਲਿਆ ਕਿ ਜੈਪੁਰ ਦੇ ਰਾਜੇ ਨੇ ਅਰਬਾਂ-ਖਰਬਾਂ ਦਾ ਖਜ਼ਾਨਾ ਛੁਪਾ ਕੇ ਰੱਖਿਆ ਹੋਇਐ। ਇੰਦਰਾ ਗਾਂਧੀ ਦਾ ਰਾਜ ਸੀ ਉਦੋਂ। ਉਸੇ ਵੇਲੇ ਤਲਾਸ਼ ਸ਼ੁਰੂ ਹੋ ਗਈ ਕਿ ਉਹ ਖਜ਼ਾਨਾ ਦੇਖੋ। ਜਿਹੜੇ ਖਜ਼ਾਨਚੀ ਹੋਇਆ ਕਰਦੇ ਸੀ ਰਾਜਪੂਤ ਰਾਜਿਆਂ ਦੇ ਉਹ ਮਰ ਜਾਂਦੇ ਸੀ, ਭੇਤ ਨਹੀਂ ਸੀ ਕਿਸੇ ਨੂੰ ਦਿੰਦੇ, ਨਾ ਚਾਬੀ ਦਿੰਦੇ ਸੀ। ਕਿੰਨਾ ਹੀ ਕੋਈ ਤਸੀਹੇ ਦੇ ਲਵੇ, ਨਹੀਂ ਦਿੰਦੇ ਸੀ।

ਰਾਣਾ ਪ੍ਰਤਾਪ ਦੇ ਉਪਰ ਜਦ ਸੰਕਟ ਪਿਆ, ਉਸ ਵੇਲੇ ਇਕ ਪ੍ਰੇਮੀ ਆਇਆ, ਉਹਨੇ ਉਸ ਦੀ ਮਦਦ ਕੀਤੀ। ਇਨ੍ਹਾਂ ਨੇ ਨਕਸ਼ੇ ਪ੍ਰਾਪਤ ਕੀਤੇ। ਇਕ ਸੁਰੰਗ ਸੀ ਉਥੇ, ਉਹ ਸੁਰੰਗ ਪਹਾੜੀ ਦੀ ਜੜ੍ਹ ਵਿਚ ਇਕ ਸਰੋਵਰ ਹੈ, ਉਹਦੇ ਉਪਰ ਇਕ ਮਕਾਨ ਬਣਿਆ ਹੋਇਆ ਹੈ, ਉਥੇ ਜਾਂਦੀ ਸੀ। ਉਹਦੇ ਵਿਚ ਕਹਿੰਦੇ ਸੀ ਕਿ ਖਜ਼ਾਨਾ ਛੁਪਿਆ ਹੋਇਆ ਹੈ। ਬੜੀ ਪੁਟਾਈ ਹੋਈ, ਗੈਸ ਮਾਸਕ ਪਾ ਲੈਂਦੇ ਨੇ, ਪੁੱਟਦੇ ਚਲੇ ਜਾਂਦੇ ਨੇ, ਦਰਵਾਜ਼ੇ ਆਈ ਜਾਂਦੇ ਨੇ, ਕੁਛ ਥਹੁ ਨਹੀਂ ਲਗਦਾ ਕਿ ਕਿਧਰ ਨੂੰ ਜਾਈਏ, ਕਿਧਰ ਨੂੰ ਨਾ ਜਾਈਏ। ਜਿਹੜੇ ਮਾਹਰ ਸੀ ਉਹ ਵੀ ਜ਼ੋਰ ਲਾਈ ਜਾਂਦੇ ਨੇ। ਖਜ਼ਾਨਾ ਮਿਲਿਆ ਕਿ ਨਾ ਮਿਲਿਆ ਇਹ ਵਾਹਿਗੁਰੂ ਜਾਣਦਾ ਹੈ ਕਿਉਂਕਿ ਉਘ-ਸੁੱਗ ਹੀ ਨਹੀਂ ਨਿਕਲੀ ਉਸ ਚੀਜ਼ ਦੀ ਮੁੜ ਕੇ। ਇਸੇ ਤਰ੍ਹਾਂ ਦੇ ਨਾਲ ਸਾਡੇ ਅੰਦਰ ਇਕ ਬਹੁਤ ਕੀਮਤੀ ਖਜ਼ਾਨਾ ਪਿਆ ਹੈ। ਜਿਹਦੀ ਦੁਨੀਆਂ ਵਿਚ ਕੋਈ ਵੀ ਕੀਮਤ ਨਹੀਂ ਪੈ ਸਕਦੀ। ਜਿਸਨੂੰ ਪ੍ਰਾਪਤ ਕਰਕੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਵੇ। ਜੰਮਣ ਮਰਨ ਦਾ ਚੱਕਰ ਖਤਮ ਹੋ ਜਾਵੇ। ਉਸ ਦੀ ਤਲਾਸ਼ ਵਿਚ ਜਿੰਨੇ ਮੰਦਰ, ਮਸਜਿਦ, ਗੁਰਦੁਆਰੇ, ਗਿਰਜੇ ਹੋਰ ਧਾਰਮਿਕ ਅਸਥਾਨ ਬਣੇ ਨੇ ਉਹ ਏਸ ਵਾਸਤੇ ਬਣੇ ਨੇ ਕਿ ਉਹਦੀ ਦੱਸ ਪਾਉਣ, ਪਰ ਕਿਸੇ ਨੂੰ ਪਤਾ ਨਹੀਂ ਹੈ। ਦੱਸ ਪਾਉਣ ਵਾਲੇ ਨੂੰ ਵੀ ਪਤਾ ਨਹੀਂ। ਟੋਲ੍ਹਣ ਵਾਲੇ ਤਾਂ ਟੋਲ੍ਹਦੇ ਵੀ ਨਹੀਂ ਕਿ ਕੀ ਇਹਦੇ ਵਿਚ ਖਪਣਾ ਹੈ, ਕੀ ਲੱਭਣਾ ਹੈ ਇਹਨੇ। ਮਹਾਰਾਜ ਕਹਿੰਦੇ ਨੇ -

*ਸਭ ਕਿਛੁ ਘਰ ਮਹਿ ਬਾਹਰਿ ਨਾਹੀ॥*
*ਬਾਹਰਿ ਟੋਲੈ ਸੋ ਭਰਮਿ ਭੁਲਾਹੀ॥ ਅੰਗ - 102*

ਐਨੇ ਕੁ ਥਾਉਂ 'ਚ ਹੀ ਹੈ। ਉਹ ਟੋਲ੍ਹ ਲੈ ਜੋ ਚੀਜ਼ ਪ੍ਰਮੇਸ਼ਰ ਨੇ ਛੁਪਾਈ ਹੋਈ ਹੈ। ਬਾਹਰ ਨਾ ਜਾ।

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ*
*ਮੁਕਰ ਮਾਹਿ ਜੈਸੇ ਛਾਈ॥ ਅੰਗ - 684*

ਜਿਵੇਂ ਸ਼ੀਸ਼ੇ ਵਿਚ ਪਰਛਾਵਾਂ ਹੁੰਦਾ ਹੈ, ਫੁੱਲ ਵਿਚ ਖੁਸ਼ਬੂ ਹੁੰਦੀ ਹੈ -

*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥*
*ਅੰਗ - 684*

ਇਸੇ ਤਰ੍ਹਾਂ ਦੇ ਨਾਲ ਤੇਰੇ ਅੰਦਰ ਉਹ ਛੁਪੀ ਹੋਈ

ਚੀਜ਼ ਹੈ 'ਆਤਮਾ' ਉਹਨੂੰ ਖੋਜ। 'ਕਿਵ ਸਚਿਆਰਾ ਹੋਈਐ' ਜੋ ਪੁਸਤਕ ਹੈ ਉਹ ਵੀ ਇਸੇ ਗੱਲ ਤੇ ਲਿਖੀ ਹੋਈ ਹੈ ਕਿ ਉਹ ਖਜ਼ਾਨਾ ਕਿਵੇਂ ਖੋਜਿਆ ਜਾਵੇ। ਬੜੀ ਸੁਖਾਲੀ ਬੋਲੀ 'ਚ ਹੈ। ਬਹੁਤ ਸਾਰੇ ਅਲੰਕਾਰ ਦੱਸ-ਦੱਸ ਕੇ ਉਸ ਵਿਚ ਦੱਸਿਆ ਹੋਇਆ ਹੈ।

ਸੋ ਇਸ ਖਜ਼ਾਨੇ ਦੀ ਖੋਜ ਨਾ ਕਰਨ ਕਰਕੇ ਅਸੀਂ ਭਟਕਦੇ ਫਿਰਦੇ ਹਾਂ, ਦੁਖਾਂ 'ਚ ਫਿਰਦੇ ਹਾਂ, ਅਸੀਂ ਬਾਹਰ ਟੋਲ੍ਹਦੇ ਹਾਂ। ਮਹਾਰਾਜ ਕਹਿੰਦੇ ਜਿਹੜਾ ਬਾਹਰ ਟੋਲ੍ਹਦਾ ਹੈ ਉਹਦੇ ਪੱਲੇ ਕੁਛ ਨਹੀਂ ਹੋਣਾ।

ਕਬੀਰ ਸਾਹਿਬ ਕਹਿੰਦੇ ਕਿ ਮੈਨੂੰ ਇਸਲਾਮ ਵਾਲੇ ਕਹਿਣ ਲੱਗੇ ਕਿ ਕਬੀਰ! ਤੂੰ ਬਚਪਨ ਤੋਂ ਹੀ ਬੰਦਗੀ ਕਰ ਰਿਹਾ ਹੈਂ, ਜੇ ਤਾਂ ਤੂੰ ਰੱਬ ਦੇ ਦੀਦਾਰ ਕਰਨੇ ਨੇ ਤਾਂ ਅਸੀਂ ਹੱਜ ਜਾ ਰਹੇ ਹਾਂ ਕਾਹਬੇ। ਤੂੰ ਵੀ ਸਾਡੇ ਨਾਲ ਚੱਲ। ਕਬੀਰ ਸਾਹਿਬ ਕਹਿਣ ਲੱਗੇ ਉਹ ਉਥੇ ਨਹੀਂ ਰਹਿੰਦਾ। ਕਹਿੰਦੇ ਨਹੀਂ ਉਹ ਤਾਂ ਉਥੇ ਰਹਿੰਦਾ ਹੈ। ਅਖੀਰ ਕਬੀਰ ਸਾਹਿਬ ਕਹਿੰਦੇ ਕਿ ਮੈਂ ਚੱਲ ਪਿਆ। ਅਜੇ ਮੈਂ ਘਰ ਤੋਂ ਬਾਹਰ ਹੀ ਨਿਕਲਿਆ ਉਸੇ ਵੇਲੇ ਅੱਲਾਹ ਆ ਗਿਆ ਅਰ ਮੇਰੇ ਨਾਲ ਬੱਦੋ-ਬਦੀ ਲੜ ਪਿਆ। ਮੈਨੂੰ ਕਹਿੰਦਾ ਕਿ ਤੈਨੂੰ ਕਿਹਨੇ ਦੱਸੀ ਹੈ ਇਹ ਗੱਲ। ਕੌਣ ਕਮਲਾ ਹੈ ਜਿਹੜਾ ਤੈਨੂੰ ਇਹ ਗੱਲ ਦਸਦਾ ਹੈ ਕਿ ਮੈਂ ਕਿਸੇ ਥਾਉਂ ਦੇ ਉਤੇ ਬੈਠਾ ਹਾਂ। ਤਲਾਸ਼ ਹੈ, ਅਸੀਂ ਵੀ ਤਲਾਸ਼ ਕਰਦੇ ਹਾਂ, ਅਸੀਂ ਵੀ ਹੇਮਕੁੰਟ ਸਾਹਿਬ ਜਾਂਦੇ ਹਾਂ ਕਿ ਸਾਨੂੰ ਗੁਰੂ ਦਸਵੇਂ ਪਾਤਸ਼ਾਹ ਦੇ ਦਰਸ਼ਨ ਹੋਣਗੇ। ਕਈ ਪ੍ਰੇਮੀ ਕਹਾਣੀਆਂ ਬਣਾਉਂਦੇ ਨੇ ਕਿ ਮੈਨੂੰ ਦਰਸ਼ਨ ਹੋਏ। ਕਈ ਕਹਿੰਦੇ ਨੇ ਕਿ ਹਜ਼ੂਰ ਸਾਹਿਬ ਗਏ ਉਥੇ ਦਰਸ਼ਨ ਹੋਏ। ਅੰਮ੍ਰਿਤਸਰ ਗਏ, ਉਥੇ ਦਰਸ਼ਨ ਹੋਏ। ਬਾਣੀ ਕਹਿੰਦੀ ਹੈ ਨਹੀਂ-ਨਹੀਂ, ਤੁਸੀਂ ਅੰਦਰ ਟੋਲ੍ਹੋ। ਇਹ ਦਰਸ਼ਨ ਭ੍ਰਾਂਤੀ ਹੈ। ਤੁਹਾਡੀ ਭਾਵਨਾ ਹੈ, ਜੇ ਅਸਲੀ ਚੀਜ਼ ਟੋਲ੍ਹਣੀ ਹੈ ਤਾਂ ਅੰਦਰ ਟੋਲ੍ਹੋ।

***ਸਭ ਕਿਛੁ ਘਰ ਮਹਿ ਬਾਹਰਿ ਨਾਹੀ॥***
***ਬਾਹਰਿ ਟੋਲੈ ਸੋ ਭਰਮਿ ਭੁਲਾਹੀ॥ ਅੰਗ - 102***

ਸੋ ਮਹਾਰਾਜ ਕਹਿੰਦੇ ਤੇਰੇ ਅੰਦਰ ਹੀ ਹੈ ਪਿਆਰਿਆ! -

***ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥***
***ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥***
***ਅੰਗ - 684***

ਸੋ ਇਹਦੇ ਵਿਚ ਵੀ ਮਹਾਰਾਜ ਫੁਰਮਾਨ ਕਰ ਰਹੇ ਨੇ ਕਿ ਤੇਰੇ ਅੰਦਰ ਹੈ ਸਭ ਕੁਛ। ਇਨ੍ਹਾਂ ਦੇਵਤਿਆਂ ਨੇ ਪ੍ਰਮੇਸ਼ਰ ਦੀ ਗੱਲ ਮੰਨ ਕੇ ਇਹ ਆਤਮਾ ਸਰੀਰ ਦੇ ਵਿਚ ਰੱਖ ਦਿਤੀ। ਇਹ ਪ੍ਰਤੀਕ ਹੈ ਗੱਲ ਕਰਨ ਦਾ। ਗੱਲ ਸਮਝਾਉਣ ਵਾਸਤੇ ਉਹ ਬੋਲੀ ਬੋਲੀ ਗਈ ਹੈ, ਉਹ ਮਿਸਾਲ ਦਿਤੀ ਗਈ ਹੈ ਲੇਕਿਨ ਪੂਰੀ ਨਹੀਂ ਹੈ ਇਹ। ਕਹਿਣ ਲੱਗੇ ਦੇਵਤੇ ਕਿ ਮਹਾਰਾਜ! ਇਹਨੂੰ ਢਕੀਏ ਕਾਹਦੇ ਨਾਲ? ਇਹ ਵੀ ਦੱਸ ਦਿਓ? ਪ੍ਰਮੇਸ਼ਰ ਨੇ ਕਿਹਾ ਕਿ ਪਹਿਲਾਂ ਤੁਸੀਂ ਐਉਂ ਕਰੋ ਜਿਹੜੀ ਹਉਮੈ ਦੀਆਂ ਜਿਹੜੀਆਂ ਵੱਡੀਆਂ-ਵੱਡੀਆਂ ਸ਼ੀਟਾਂ ਪਈਆਂ ਨੇ ਨਾ, ਇਹ ਦੇਣੀਆਂ ਸ਼ੁਰੂ ਕਰ ਦਿਓ ਇਹਦੇ ਉਤੇ। ਕਹਿੰਦੇ ਜੇ ਬਾਕੀ ਦੇ ਪੱਟ ਵੀ ਲਏ ਹਉਮੈ ਤੋਂ ਅੱਗੇ ਨਹੀਂ ਇਸ ਤੋਂ ਲੰਘ ਹੋਣਾ। ਏਸੇ ਕਰਕੇ ਪਹਿਲਾਂ ਹਉਮੈ ਨਾਲ ਢਕੋ ਇਹਨੂੰ। ਫੇਰ ਇਹਨੂੰ ਵਾਸ਼ਨਾਵਾਂ ਦੇ ਨਾਲ ਢਕੋ। ਫੇਰ ਇਹਦੇ ਵਿਚ ਆਸ਼ਾਵਾਂ ਪਾਓ, ਅੰਦੇਸ਼ੇ ਪਾਓ, ਫੇਰ ਇਹਦੇ ਵਿਚ ਭੋਗਾਂ ਦਾ ਰਸ ਪਾਓ, ਉਹਦੇ ਨਾਲ ਢਕੋ, ਫੇਰ ਇਹਦੇ ਵਿਚ ਅਗਿਆਨ ਦਾ ਹਨ੍ਹੇਰਾ ਕਰ ਦਿਓ। ਫੇਰ ਇਹਦੇ ਉਤੇ ਮਾਇਆ ਦਾ ਜਾਲ ਪਾ ਦਿਓ। ਹੁਣ ਕਿਹੜਾ ਬਲੀ ਹੈ ਜਿਹੜਾ ਐਨਾ ਕੁਛ ਪੁੱਟ ਲਏਗਾ। ਬੜਾ ਮੁਸ਼ਕਲ ਹੈ। ਮਹਾਰਾਜ ਕਹਿੰਦੇ ਕਿ ਇਹ ਤਾਂ ਬੰਦਾ ਬੜੀ ਹਿੰਮਤ ਨਾਲ, 83 ਲੱਖ, 99 ਹਜ਼ਾਰ, 999 ਜੂਨਾਂ ਦਾ ਚੱਕਰ ਕੱਟ ਕੇ ਪਹੁੰਚਿਆ ਸੀ ਮਨੁੱਖਾ ਜਨਮ ਦੇ ਅੰਦਰ। ਇਹਨੂੰ ਇਕ ਮੰਤਰ ਦਿਤਾ ਗਿਆ ਸੀ 'ਨਾਮ' ਕਿ ਨਾਮ ਜਪ ਕੇ ਤੂੰ ਅੰਦਰ ਆਪਣੇ ਖੋਜ ਲਏਂਗਾ। ਜਿਹੜਾ ਤੇਰੇ ਅੰਦਰ ਪਿਆ ਹੈ ਉਹਨੂੰ ਕੱਢ ਲਏਂਗਾ। ਪਰ ਹੋਇਆ ਕੀ? ਜਾਲ ਪੈ ਗਿਆ -

***ਧਾਰਨਾ - ਬੰਦਾ ਨਾਮ ਦੇ ਜਪਣ ਨੂੰ ਆਇਆ,***
***ਮਾਇਆ ਵਾਲਾ ਜਾਲ ਪੈ ਗਿਆ।***
***ਯਾ ਜੁਗ ਮਹਿ ਏਕਹਿ ਕਉ ਆਇਆ॥***
***ਜਨਮਤ ਮੋਹਿਓ ਮੋਹਨੀ ਮਾਇਆ॥***
***ਗਰਭ ਕੁੰਟ ਮਹਿ ਉਰਧ ਤਪ ਕਰਤੇ॥***
***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥***
***ਉਰਝਿ ਪਰੇ ਜੋ ਛੋਡਿ ਛਡਾਨਾ॥***
***ਦੇਵਨਹਾਰੁ ਮਨਹਿ ਬਿਸਰਾਨਾ॥ ਅੰਗ - 252***

ਬੜਾ ਲੰਮਾ ਚੱਕਰ ਕੱਟ ਕੇ ਆਇਆ ਸੀ ਕਿ ਮੈਂ ਪ੍ਰਮੇਸ਼ਰ ਨੂੰ ਮਿਲਾਂ। ਇਹਨੂੰ ਗਿਆਨ ਕਿਥੋਂ ਹੋਇਆ? ਜਦੋਂ ਮਾਤਾ ਦੇ ਪੇਟ ਵਿਚ ਪੁੱਠਾ ਲਟਕਦਾ ਹੈ ਉਸ ਵੇਲੇ ਇਸ ਦੀ ਸੁਰਤੀ ਸੁਖਮਨਾ ਨਾੜੀ 'ਚ ਹੁੰਦੀ ਹੈ।

***ਇੜਾ ਪਿੰਗੁਲਾ ਅਉਰ ਸੁਖਮਨਾ***
***ਤੀਨਿ ਬਸਹਿ ਇਕ ਠਾਈ॥ ਅੰਗ - 974***

ਦਸਵੇਂ ਦੁਆਰ 'ਚ ਜੁੜੀ ਹੁੰਦੀ ਹੈ। ਦਸਵੇਂ ਦੁਆਰ 'ਚ all knowledge ਹੈ। ਸਭ ਕੁਛ ਜਾਣਦਾ ਹੈ ਉਥੇ। ਉਥੇ ਇਹਨੂੰ ਸਾਰਾ ਤਜਰਬਾ ਹੋ ਗਿਆ ਕਿ ਮੈਂ ਤਾਂ ਜਨਮ ਬਿਰਥੇ ਗਵਾ ਲਏ। ਇਕ ਦੋ ਚਾਰ ਨਹੀਂ, ਲੱਖਾਂ ਨਹੀਂ ਕਰੋੜਾਂ ਅਰਬਾਂ ਖਰਬਾਂ ਜਨਮ ਮੈਂ ਬਿਰਥੇ ਗਵਾ ਬੈਠਿਆ। ਹੁਣ ਮੈਨੂੰ chance ਮਿਲ ਰਿਹਾ ਹੈ, ਮਨੁੱਖਾ ਜਨਮ ਦਾ। ਹੁਣ ਮੈਂ ਨਾਮ ਜਪਣਾ ਹੈ ਕੁਛ ਨਹੀਂ ਕਰਨਾ। ਬਾਰ-ਬਾਰ ਇਹ ਧਾਰਨਾ ਕਰਦਾ, ਅਰਦਾਸ ਕਰਦਾ ਹੈ ਕਿ ਹੇ ਪ੍ਰਭੂ!

ਹੁਣ ਮੈਨੂੰ ਕੱਢ ਲੈ ਏਥੋਂ। ਮੈਂ ਬੜਾ ਕਸੂਤਾ ਫਸ ਗਿਆ। ਮੇਰਾ ਸਿਰ ਹੇਠਾਂ ਨੂੰ ਹੈ ਪੈਰ ਉਪਰ ਨੂੰ, ਤੋਰੀ ਵਾਂਗੂੰ ਮੈਂ ਲਟਕਦਾ ਹਾਂ। ਹੁਣ ਮੈਂ ਸਮਝ ਗਿਆ, ਹੁਣ ਨਹੀਂ ਮੈਂ ਕੋਈ ਕਸਰ ਛੱਡਣੀ, ਹੁਣ ਮੈਂ ਨਾਮ ਜਪਾਂਗਾ ਤੇ ਉਸ ਖਜ਼ਾਨੇ ਨੂੰ ਭਾਲ ਲਵਾਂਗਾ ਜਿਹੜਾ ਮੇਰੇ ਅੰਦਰ ਛੁਪਾ ਦਿਤਾ। ਜਿਹਨੂੰ ਮਿਲ ਕੇ ਅਮਰ ਹੋ ਜਾਈਦਾ ਹੈ, ਮੁੜ ਕੇ ਜੰਮਣ ਮਰਨ ਤੋਂ ਛੁਟਕਾਰਾ ਮਿਲ ਜਾਂਦਾ ਹੈ। ਮਹਾਰਾਜ ਕਹਿੰਦੇ ਨੇ ਆਇਆ ਤਾਂ ਇਹ ਸੋਚ ਕੇ ਸੀ। ਮਹਾਂਪੁਰਸ਼ ਹੋਰ ਵੀ ਅੱਗੇ ਦਸਦੇ ਨੇ ਕਿ ਇਹਦੀ ਜ਼ਮਾਨਤ ਨਾ ਦਿਤੀ ਕਿਸੇ ਨੇ। ਪ੍ਰਮੇਸ਼ਰ ਨੇ ਕਿਹਾ ਕੋਈ ਜਾਮਨੂੰ ਲਿਆ। ਪੰਜ ਤੱਤ ਤੇਰੇ ਨਾਲ ਨੇ। ਪੰਜਾਂ ਤੱਤਾਂ ’ਚੋਂ ਜਾਮਨੂੰ ਲਿਆ। ਆਕਾਸ਼ ਕਹਿੰਦਾ ਮੇਰਾ ਤਾਂ ਵਜੂਦ ਹੀ ਨਹੀਂ, ਅੱਗ ਨੇ ਕਿਹਾ ਕਿ ਤੂੰ ਤਾਂ ਮੇਰੇ ਤੋਂ ਡਰਦਾ ਹੈਂ। ਮਿੱਟੀ ਨੇ ਕਿਹਾ ਕਿ ਤੂੰ ਮੈਨੂੰ ਪਸੰਦ ਨਹੀਂ ਕਰਦਾ। ਹਵਾ ਕਹਿਣ ਲੱਗੀ ਤੇਰੀ ਮੇਰੀ ਕੋਈ ਸਾਂਝ ਹੀ ਨਹੀਂ ਹੈ। ਪਾਣੀ ਰਹਿ ਗਿਆ, ਉਹਦੀਆਂ ਮਿੰਨਤਾਂ ਕਰਦਾ ਹੈ ਹੇ ਵਰੁਣ ਦੇਵਤਾ! ਤੂੰ ਮੇਰੀ ਜ਼ਮਾਨਤ ਕਰ। ਕਹਿਣ ਲੱਗਿਆ ਤੇਰੀ ਜ਼ਮਾਨਤ ਕਾਹਦੀ ਦੇਈਏ ਤੂੰ ਝੂਠਾ ਹੈਂ। ਸਾਨੂੰ ਸ਼ਰਮਿੰਦੇ ਹੋਣਾ ਪੈਂਦਾ ਹੈ ਹਰ ਵਕਤ ਤੇਰੀ ਜ਼ਮਾਨਤ ਦੇ ਕੇ। ਤੂੰ ਉਹ ਕੰਮ ਨਹੀਂ ਕਰਦਾ ਜਿਹੜਾ ਕੰਮ ਕਰਨ ਵਾਸਤੇ ਤੂੰ ਆਇਆ ਹੈਂ। ਅਖੀਰ ਤਰਲੇ ਲਏ, ਪ੍ਰਮੇਸ਼ਰ ਨੂੰ ਕਹਿਣ ਲੱਗਿਆ ਦੇਖੋ ਮਹਾਰਾਜ! ਤੁਸੀਂ ਵੀ ਜਾਣਦੇ ਓਂ, ਮੈਂ ਵੀ ਜਾਣਦਾ ਹਾਂ। ਇਹ ਆਦਮੀ ਇਤਬਾਰ ਕਰਨ ਵਾਲਾ ਨਹੀਂ ਹੈ, ਝੂਠਾ ਹੈ ਇਕ ਨੰਬਰ ਦਾ। ਬਚਨ ਕਰੇ ਤੇ ਖਿਸਕ ਜਾਏ, ਬੋਲੇ ਸਭ ਕੱਚਾ। ਇਕ ਨੰਬਰ ਦਾ ਕੱਚਾ ਹੈ ਇਹ। ਇਹਦੀ ਜ਼ਮਾਨਤ ਕਾਹਦੀ ਦੇਈਏ, ਇਹਨੇ ਤਾਂ ਹੁਣ ਛੁਟ ਜਾਣਾ ਹੈ ਤੇ ‘ਨੈਂ ਲੰਘੀ ਖੁਆਜਾ ਵਿਸਾਰਿਆ’ ਵਾਲੀ ਗੱਲ ਨਾ ਹੋਵੇ।

ਇਕ ਕੋਈ ਬੰਦਾ ਖਜੂਰ ਦੇ ਦਰਖਤ ਤੇ ਚੜ੍ਹ ਗਿਆ। ਲੱਤਾਂ ਕੰਬਣ ਲੱਗ ਗਈਆਂ, ਸਾਹ ਚੜ੍ਹ ਗਿਆ। ਕਹਿਣ ਲੱਗਿਆ ਹੁਣ ਨਹੀਂ ਮੈਂ ਬਚਦਾ ਹੁਣ ਕਿਸੇ ਦੇਵੀ ਦੇਵਤੇ ਦੀ ਮਦਦ ਲਈ ਜਾਵੇ। ਅਖੀਰ ਦੇਵੀ ਦੀ ਮਦਦ ਮੰਗ ਲਈ ਕਹਿਣ ਲੱਗਿਆ ਹੇ ਦੇਵੀ ਮਾਤਾ! ਮੈਂ 25 ਰੁਪਈਏ ਦਾ ਪ੍ਰਸ਼ਾਦ ਕਰਾਊਂ ਮੈਨੂੰ ਸਹੀ ਸਲਾਮਤ ਥੱਲੇ ਲਾਹ ਦੇ। ਉਨ੍ਹਾਂ ਦਿਨਾਂ ’ਚ ਇਕ ਰੁਪਈਏ ਦਾ 20 ਛਟਾਂਕ ਘਿਉ ਆਉਂਦਾ ਹੁੰਦਾ ਸੀ। ਅੱਧ ਤਾਈਂ ਆ ਗਿਆ। ਫੇਰ ਸੋਚਣ ਲੱਗਿਆ ਕਿ 25 ਰੁਪਈਏ ਦਾ ਤਾਂ ਬਹੁਤ ਆ ਜਾਏਗਾ। 30 ਕਿਲੋ ਤਾਂ ਘਿਉ ਹੀ ਆ ਜਾਏਗਾ। ਫੇਰ 30 ਕਿਲੋ ਉਹਦੇ ਵਿਚ ਆਟਾ ਪਾਉਣਾ ਹੈ, 30 ਕਿਲੋ ਖੰਡ ਪਾਉਣੀ ਹੈ ਤੇ 120 ਕਿਲੋ ਇਹਦੇ ਵਿਚ ਪਾਣੀ ਪਾਉਣਾ ਹੈ। ਇਹ ਤਾਂ ਦੋ ਕੁਇੰਟਲ ਤੋਂ ਵੀ ਉਪਰ ਟੱਪ ਗਿਆ। ਅੱਜ ਤੱਕ ਕਰਿਐ ਕਿਸੇ ਨੇ ਐਨਾ ਪ੍ਰਸ਼ਾਦ। ਕਹਿਣ ਲੱਗਿਆ ਅੱਧਾ ਬਥੇਰਾ ਹੈ ਇਕ ਕੁਇੰਟਲ ਬਹੁਤ ਹੈ। ਭਾਅ ਚੰਗੇ ਸੀ ਉਸ ਵਕਤ ਚੀਜ਼ਾਂ ਦੇ। ਪਹਿਲੇ ਜ਼ਮਾਨਿਆਂ ’ਚ ਸਵਾ ਰੁਪਿਆ ਹੀ ਹੁੰਦਾ ਸੀ ਪ੍ਰਸ਼ਾਦ ਦਾ। ਚੌਥਾ ਹਿੱਸਾ ਹੋਰ ਲੰਘ ਆਇਆ, ਕਹਿਣ ਲੱਗਾ ਇਹ ਵੀ ਜ਼ਿਆਦਾ ਹੈ ਸਵਾ ਸੇਰ ਦਾ ਕਰਾ ਦੇਵਾਂਗੇ, ਹੋਰ ਦੋ ਕਦਮਾਂ ਉਠਿਆ, ਕਹਿੰਦਾ ਪੰਜ ਦਾ, ਹੋਰ ਥੱਲੇ ਆ ਕੇ ਕਹਿੰਦਾ ਢਾਈ ਬਹੁਤ ਹੈ। ਜਦ ਰਹਿ ਗਿਆ ਪੰਜ ਸੱਤ ਕਦਮਾਂ, ਦੋ ਤਿੰਨ ਕਦਮਾਂ ਹੋਰ ਥੱਲੇ ਉਤਰ ਆਇਆ, ਕਹਿੰਦਾ ਸਵਾ ਰੁਪਏ ਦਾ ਪ੍ਰਸ਼ਾਦ ਕਰਾਂਦੀ ਹੈ ਦੁਨੀਆਂ, ਸਵਾ ਰੁਪਏ ਦਾ ਥੋੜ੍ਹੈ। ਉਸ ਤੋਂ ਬਾਅਦ ਹੋਰ ਥੱਲੇ ਉਤਰ ਆਇਆ, ਸਮਝ ਲਓ ਕਿ ਪੰਜ ਛੇ ਫੁੱਟ ਉਚਾ ਰਹਿ ਗਿਆ। ਥਾਉਂ ਸੀ ਹੇਠਾਂ ਵਾਹਿਆ ਹੋਇਆ, ਹੰਭਲਾ ਮਾਰ ਕੇ ਛਾਲ ਮਾਰੀ, ਕਹਿੰਦਾ ਲੈ ਆਪਾਂ ਨਾ ਤੇਰੇ ’ਤੇ ਮੁੜ ਕੇ ਚੜ੍ਹੀਏ, ਨਾ ਪ੍ਰਸ਼ਾਦ ਕਰਾਈਏ। ਇਹ ਨਾ ਬੰਦੇ ਦੇ ਬਾਰੇ ਦੱਸਿਆ ਹੋਇਆ ਹੈ ਕਿ ਬੰਦਾ ਇਸ ਤਰ੍ਹਾਂ ਦੇ ਨਾਲ ਵਾਅਦੇ ਕਰਕੇ ਮੁੱਕਰ ਜਾਂਦਾ ਹੈ, ਜਦੋਂ ਇਹਦਾ ਕੰਮ ਲੰਘ ਜਾਵੇ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਹ ਹੁਣ ਫਸਿਆ ਹੋਇਆ ਐਹੋ ਜਿਹੀਆਂ ਗੱਲਾਂ ਕਰਦਾ ਹੈ। ਜਦੋਂ ਇਹ ਮਾਤਾ ਦੇ ਪੇਟ ਤੋਂ ਬਾਹਰ ਆਇਆ ਨਾ, ਫੇਰ ਇਹ ਨਾ ਤੈਨੂੰ ਪੁੱਛੇ ਨਾ ਮੈਨੂੰ ਪੁੱਛੇ।

ਪ੍ਰਮੇਸ਼ਰ ਨੇ ਵਰੁਣ ਦੇਵਤਾ ਨੂੰ ਕਿਹਾ ਕਿ ਤੂੰ ਫੇਰ ਇਹਦੀ ਜ਼ਮਾਨਤ ਦੇਣ ਕਾਹਤੋਂ ਆਇਐਂ?

ਕਹਿੰਦਾ, ਮੈਨੂੰ ਫੇਰ ਵੀ ਤਰਸ ਆਉਂਦੈ? ਪਰ ਮੈਂ ਲੰਗੜੀ ਜ਼ਮਾਨਤ ਦਿੰਦਾ ਹਾਂ। ਜਦੋਂ ਨਾਹੁਣ ਵੇਲੇ ਇਕ ਕੱਪ ਉਤੇ ਪਾਇਆ ਕਰੂ ਉਤੇ, ਇਕ ਵਾਰੀ ਮੈਂ ਵਾਹਿਗੁਰੂ ਰਾਮ ਅੱਲਾਹ ਇਹਦੇ ਮੂੰਹ ’ਚੋਂ ਕਢਾ ਦਊਂਗਾ। ਅੱਗੇ ਇਹ ਜਾਣੇ ਇਹਦਾ ਕੰਮ। ਮਹਾਰਾਜ ਕਹਿੰਦੇ ਪਿਆਰਿਆ! –

***ਯਾ ਜੁਗ ਮਹਿ ਏਕਹਿ ਕਉ ਆਇਆ॥***
***ਜਨਮਤ ਮੋਹਿਓ ਮੋਹਨੀ ਮਾਇਆ॥ ਅੰਗ - 252***

ਆਇਆ ਤਾਂ ਨਾਮ ਜਪਣ ਵਾਸਤੇ ਸੀ ਉਹ ਖਜ਼ਾਨਾ ਟੋਲ੍ਹਣ ਵਾਸਤੇ। ਤੇਰੇ ਉਪਰ ਮਾਇਆ ਦਾ ਪੜਦਾ ਪੈ ਗਿਆ ਕਿਉਂਕਿ ਸਭ ਤੋਂ ਉਪਰਲਾ ਪੜਦਾ ਮਾਇਆ ਦਾ ਹੈ। ਮਾਇਆ ’ਚ ਬਹੁਤ ਰੂਪ ਰੰਗ ਨੇ –

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥ ਅੰਗ - 921***

ਭਉ ਦੂਜਾ ਲਗ ਗਿਆ, ਹੁਣ ਪੱਟੇ ਕਿਹੜਾ, ਜਿਹੜਾ ਜਾਲ ਸੀ ਉਹਦੇ ਵਿਚ ਫਸ ਗਿਆ, ਹੁਣ ਕਟਾਈ ਬੰਦ ਕਰ ਦਿਤੀ। ਹੁਣ ਸੰਤ ਮਾਰਦੇ ਨੇ ਹਾਕਾਂ –

***ਮਾਇਆ ਮਮਤਾ ਮੋਹਣੀ***

*ਜਿਨਿ ਵਿਣੁ ਦੰਤਾ ਜਗੁ ਖਾਇਆ॥ ਅੰਗ - 643*

ਬਗੈਰ ਦੰਦਾਂ ਤੋਂ ਖਾ ਲਿਆ ਪਿਆਰਿਆ ਤੈਨੂੰ। ਤੂੰ ਜਿਹੜੇ ਕੰਮ ਨੂੰ ਆਇਐਂ ਧਿਆਨ ਦੇਹ। ਸੋ ਬਾਬਾ ਫਰੀਦ ਕਹਿੰਦੇ ਕੀ ਕਰੀਏ, ਸੁਣਦਾ ਨਹੀਂ ਹੈ, ਗੱਲ ਇਹਨੂੰ ਸਹੀ ਦਸਦੇ ਹਾਂ ਪਰ ਇਹ ਭੋਰਾ ਜਿੰਨੀ ਵੀ ਨਹੀਂ ਸੁਣਦਾ।

*ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ,*
*ਦਿਤੀਆਂ ਬਾਗਾਂ ਤੋਂ ਨਾ ਜਾਗਦੇ।*

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥*
*ਅੰਗ - 1378*

ਜਿਹੜਾ ਮਾਇਆ ਨੇ ਕਾਬੂ ਕਰ ਲਿਆ ਉਹ ਚਿੱਤ ਨਹੀਂ ਫੇਰਦਾ। ਮਹਾਤਮਾ ਦੱਸੀਂ ਜਾਂਦੇ ਨੇ ਕਿ ਜਿਹੜੀ ਚੀਜ਼ ਤੂੰ ਟੋਲ੍ਹਣ ਵਾਸਤੇ ਆਇਆ ਹੈਂ ਨਾ, ਜਿਹੜੀ ਲੈਣ ਵਾਸਤੇ ਆਇਆ ਹੈਂ, ਉਹ ਤੇਰੇ ਅੰਦਰ ਹੈ। ਬਾਰ-ਬਾਰ ਦਸਦੇ ਨੇ ਇਸ ਤਰ੍ਹਾਂ ਦੇ ਨਾਲ -

*ਧਾਰਨਾ - ਤੇਰੇ ਅੰਦਰ ਹਰੀ ਦਾ ਵਾਸਾ,*
*ਪੜਦਾ ਹਉਮੈ ਵਾਲਾ ਪੈ ਗਿਆ।*

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥ ਅੰਗ - 1263*

ਕੰਧ ਬਣ ਗਈ ਕਰਾਰੀ -

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥*
*ਅੰਗ - 624*

ਮਹਾਰਾਜ ਕਹਿੰਦੇ ਜਿਹਨੂੰ ਟੋਲ੍ਹਦਾ ਫਿਰਦਾ ਹੈਂ ਉਹ ਤਾਂ ਤੇਰੇ ਅੰਦਰ ਹੈ ਪਿਆਰਿਆ। ਬਾਹਰ ਨਾ ਟੋਲ੍ਹ। ਹੁਣ ਇਹ ਖਜ਼ਾਨਾ ਜਦੋਂ ਦੇਵਤਿਆਂ ਨੇ ਲਕੋਇਆ, ਕਹਿੰਦੇ ਪਹਿਲਾਂ ਸਖਤ ਤੈਹਾਂ ਪਾ ਦਿਓ ਹਉਮੈ ਦੀਆਂ। ਇਹ ਨਹੀਂ ਕਿਸੇ ਤਰੀਕੇ ਨਾਲ ਦੂਰ ਹੋਣੀਆਂ। ਜਿੰਨਾਂ ਜੀਅ ਕਰਦਾ ਹੈ ਖੋਜ ਲਵੇ, ਜਿੰਨਾਂ ਜੀਅ ਕਰਦਾ ਹੈ ਖਪ ਲਵੇ ਕਿਉਂਕਿ ਇਹਨੇ ਅੰਦਰ ਨੂੰ ਤਾਂ ਜਾਣਾ ਨਹੀਂ ਇਹ ਤਾਂ ਬਾਹਰ ਤੀਰਥਾਂ ਤੇ ਨਾਹੁਣ ਜਾਊ। ਬਾਹਰ ਤੁਰਿਆ ਫਿਰਦਾ ਹੈ। ਕਬੀਰ ਸਾਹਿਬ ਕਹਿੰਦੇ ਜਦ ਮੈਂ ਬਾਹਰ ਜਾਣ ਲੱਗਿਆ ਤਾਂ ਰੱਬ ਲੜ ਪਿਆ ਮੇਰੇ ਨਾਲ। ਕਹਿੰਦਾ ਤੈਨੂੰ ਕਿਹਨੇ ਗੱਲ ਦੱਸੀ ਹੈ ਕਿ ਮੈਂ ਮੱਕੇ 'ਚ ਰਹਿੰਦਾ ਹਾਂ।

*ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ॥*
*ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ॥*
*ਅੰਗ - 1375*

ਤੂੰ ਮੈਨੂੰ ਬਾਹਰ ਟੋਲ੍ਹਦਾ ਫਿਰਦੈ ਹੈਂ? ਤੂੰ ਵੀ? ਹੋਰ ਤਾਂ ਭੁੱਲਿਆ ਹੋਇਆ ਸੰਸਾਰ ਹੈ।

ਸੋ ਕਹਿਣ ਲੱਗੇ ਕਿ ਐਉਂ ਪਾ ਦਿਓ ਪੜ੍ਹਦੇ ਇਹਦੇ ਉਤੇ ਹਉਮੈ ਦਾ ਪਾ ਦਿਓ, ਵਾਸ਼ਨਾਵਾਂ ਦਾ ਪਾ ਦਿਓ, ਮਾਇਆ ਦਾ ਪਾ ਦਿਓ, ਅਗਿਆਨ ਦਾ ਪਾ ਦਿਓ। ਇਹਦੇ ਇਹ ਪੜਦੇ ਲਾਹ ਹੀ ਨਹੀਂ ਹੋਣੇ।

ਇਕ ਰਾਜਾ ਸੀ। ਇਕ ਸਾਖੀ ਪ੍ਰਤੀਕ ਬਣਾ ਕੇ ਦਸਦਾਂ ਮੈਂ ਤੁਹਾਨੂੰ। ਉਹਦੇ ਓਲਾਦ ਨਹੀਂ ਸੀ, ਉਹਨੇ ਐਲਾਨ ਕਰ ਦਿਤਾ ਕਿ ਮੈਂ ਆਪਣੀ ਸੈਰਗਾਹ ਦੇ ਵਿਚ ਕੱਲ੍ਹ ਨੂੰ, ਜਿਹੜਾ ਮੈਨੂੰ ਟੋਲ੍ਹ ਲਏਗਾ ਉਹਨੂੰ ਮੈਂ ਆਪਣੇ ਤਖਤ ਤੇ ਬਿਠਾ ਲਵਾਂਗਾ। ਰਾਜਾ ਬਹੁਤ ਵੱਡਾ ਸੀ ਪੂਰੇ ਹਿੰਦੋਸਤਾਨ ਵਰਗਾ। ਇਕ ਦਮ ਦੁਨੀਆਂ ਦੇ ਮਨ ਵਿਚ ਲਾਲਚ ਆ ਗਿਆ। ਸੈਰਗਾਹ ਸਾਰੀਓ 30ਕੁ ਮੀਲ ਦੀ ਸੀ। ਲੋਕਾਂ ਨੇ ਕਿਹਾ ਕਿ ਖੋਜ ਲਵਾਂਗੇ ਤੀਹ ਮੀਲ ਦੇ ਅੰਦਰ, ਕੀ-ਕੀ ਪਿਐ। ਦੱਸ ਵਜੇ ਗੇਟ ਖੁਲ੍ਹਿਆ। ਬੇਅੰਤ ਲੱਖਾਂ ਦੀ ਤਾਦਾਦ ਵਿਚ ਦੁਨੀਆਂ ਅੰਦਰ ਵੜੀ। ਰਾਜੇ ਨੇ ਭੁਲ-ਭਲਾਈਆਂ ਬਣਾਈਆਂ ਹੋਈਆਂ ਸੀ। ਭੁਲ-ਭਲਾਈਆਂ 'ਚ ਜੇ ਬੰਦਾ ਚਲਿਆ ਜਾਵੇ, ਕਈ ਹੋਸ਼ ਵਾਲਾ ਬੰਦਾ ਤਾਂ ਬਾਹਰ ਆ ਜਾਂਦੈ। ਸਭ ਬੰਦੇ ਨਹੀਂ ਆਉਂਦੇ। ਜੇ ਹਜ਼ਾਰ ਭੁਲ-ਭਲਾਈ ਹੋਵੇ ਨਹੀਂ ਬਾਹਰ ਆ ਸਕਦਾ। ਲਖਨਊ ਵਿਚ ਭੁੱਲ ਭਲਾਈਆਂ ਨੇ, ਉਹਦੇ ਵਿਚ 396 ਨੇ, ਉਹਦੇ ਵਿਚੋਂ ਆਦਮੀ ਨਿਕਲ ਹੀ ਨਹੀਂ ਸਕਦਾ। ਹਾਕ ਤਾਂ ਮਾਰਦਾ ਨਹੀਂ। ਉਹ ਛੱਡ ਕੇ ਆ ਜਾਂਦੇ ਨੇ ਜਾਣ ਕੇ। ਸ਼ਰਤ ਲਾ ਲੈਂਦੇ ਨੇ, ਜੇ ਇਸ ਤੋਂ ਬਾਹਰ ਨਿਕਲ ਜਾਵੇ, ਜਿਹੜੇ ਅਸੀਂ ਪੰਜ ਰੁਪਏ ਲੈਣੇ ਨੇ ਉਹ ਨਹੀਂ ਲੈਂਦੇ, ਤੈਨੂੰ ਹੋਰ ਪੰਜ ਦੇਵਾਂਗੇ ਕੋਲੋਂ। ਵਿਚ ਜਾ ਕੇ ਕਹਿੰਦੇ ਨੇ ਆਦਮੀ ਨੂੰ, ਆਪ ਲਾਂਬੇ ਹੋ ਜਾਂਦੇ ਨੇ। ਉਹਦੇ ਵਿਚ ਆਦਮੀ ਫੇਰ ਫਿਰੀ ਜਾਂਦਾ ਹੈ, ਟੋਲ੍ਹੀ ਜਾਂਦੈ, ਖਪੀ ਜਾਂਦੈ, ਫੇਰ ਆ ਜਾਂਦੇ ਨੇ। ਮੈਂ ਵੀ ਉਥੇ ਗਿਆ ਸੀ, ਮੈਨੂੰ ਪਤਾ ਨਹੀਂ ਸੀ, 1947 ਦਾ ਜ਼ਮਾਨਾ ਸੀ, ਉਦੋਂ ਇਕ ਦੂਜੇ 'ਤੇ ਵਿਸ਼ਵਾਸ਼ ਨਹੀਂ ਸੀ ਕਰਦੇ, ਇਸਲਾਮ ਵਾਲੇ ਸੀ ਉਹ। ਜਦੋਂ ਮੈਂ ਅੰਦਰ ਵੜਿਆ, ਮੈਂ ਸੋਚਿਆ ਕਿਤੇ ਐਂ ਨਾ ਹੋਵੇ ਕਿ ਵਿਚਾਲੇ ਹੀ ਰਹਿ ਜਾਈਏ, ਮੈਂ ਬੜੇ ਸਾਵਧਾਨੀ ਨਾਲ ਅੰਦਰ ਵੜਿਆ। ਉਹਨੇ ਮੈਨੂੰ ਇਹ ਗੱਲ ਕਹੀ, ਕਹਿੰਦਾ ਆ ਜਾਓਂਗੇ। ਮੈਂ ਕਿਹਾ ਆ ਜਾਊਂਗਾ। ਉਹ ਪਾਸੇ ਦੀ ਹੋਇਆ, ਮੈਂ ਉਸ ਤੋਂ ਪਹਿਲਾਂ ਚਲਿਆ ਗਿਆ ਬਾਹਰ। ਹੈਰਾਨ ਹੋ ਗਿਆ। ਕਹਿੰਦਾ ਤੂੰ ਕਿਵੇਂ ਬਾਹਰ ਆ ਗਿਆ। ਇਥੋਂ ਤਾਂ ਕੋਈ ਆਦਮੀ ਨਿਕਲਿਆ ਹੀ ਨਹੀਂ, ਇਹ ਤਾਂ ਭੁੱਲ-ਭਲਾਈਆਂ ਨੇ। ਮੈਂ ਕਿਹਾ ਮੈਨੂੰ ਹੋਸ਼ ਸੀ ਜਦੋਂ ਮੈਂ ਅੰਦਰ ਵੜਿਆ ਸੀ ਕਿ ਕੀ ਪਤਾ ਵਿਚਾਲੇ ਹੀ ਛੱਡ ਕੇ ਨੱਠ ਆਵੇ ਇਹ। ਕਹਿੰਦਾ ਤੁਸੀਂ ਕਰਿਆ ਕਿਵੇਂ? ਮੈਂ ਕਿਹਾ ਮੈਂ ਐਰੋ ਮਾਰਕ ਕਰਦਾ ਚਲਿਆ ਗਿਆ, ਮੇਰੇ ਹੱਥ ਵਿਚ ਪੈਨਸਲ ਸੀ, ਬੱਸ ਉਹਨੂੰ ਦੇਖ ਕੇ ਮੈਂ ਵਾਪਸ ਆ ਗਿਆ।

ਇਹ ਭੁੱਲ ਭਲਾਈਆਂ ਕਹਾਉਂਦੀਆਂ ਨੇ। ਇਹ ਵਾਹਿਗੁਰੂ ਜੀ ਨੇ ਬੇਅੰਤ ਭੁੱਲ ਭਲਾਈਆਂ ਪੈਦਾ ਕਰ ਦਿਤੀਆਂ ਜੀਵ ਦੇ ਅਤੇ ਆਪਣੇ ਵਿਚ। ਉਹ ਮਾਇਆ ਦੀਆਂ ਭੁੱਲ ਭਲਾਈਆਂ ਨੇ ਸਾਰੀਆਂ। ਮਾਇਆ ਦੇ ਅਨੇਕਾਂ ਹੀ ਰੂਪ ਨੇ, ਕੋਈ ਬੰਦਾ ਹੈ ਨਹੀਂ ਸੂਰਮਾ ਜਿਹੜਾ ਮਾਇਆ ਤੋਂ ਨਿਕਲ ਜਾਵੇ। ਨਹੀਂ ਨਿਕਲ ਸਕਦਾ। ਮਹਾਰਾਜ ਕਹਿੰਦੇ ਪੂਰਾ ਗੁਰੂ ਮਿਲ ਜਾਵੇ ਤਾਂ ਉਹ ਕੰਧ ਤੋੜ ਦਿੰਦੈ, ਨਹੀਂ ਤਾਂ ਨਹੀਂ ਟੁੱਟਦੀ। ਸੋ ਇਸ ਤਰ੍ਹਾਂ ਦੇ ਨਾਲ ਉਹ ਖਜ਼ਾਨਾ ਸਾਡੇ ਅੰਦਰ ਪਿਐ। ਜੀਵ ਨੇ ਵੀ ਬਥੇਰੇ ਵਾਅਦੇ ਕੀਤੇ, ਇਹ ਤਾਂ ਭੁੱਲ ਗਿਆ ਇਥੇ। ਮਾਇਆ ਨੇ ਮੋਹ ਲਿਆ, ਮਾਇਆ ਦੇ ਅਨੇਕ ਰੰਗ, ਅਨੇਕ ਰੂਪ, ਅਨੇਕ ਪੱਖ ਨੇ। ਕਿਤੇ ਪੁੱਤਰ ਬਣੀ ਹੋਈ ਹੈ, ਕਿਤੇ ਇਸਤਰੀ ਬਣੀ ਹੋਈ ਹੈ, ਕਿਤੇ ਮਿਤਰ ਬਣੀ ਹੋਈ ਹੈ, ਕਿਤੇ ਮਾਤਾ ਪਿਤਾ ਬਣੀ ਹੋਈ ਹੈ, ਕਿਤੇ ਕੋਠੀ ਬਣੀ ਹੋਈ ਹੈ, ਕਿਤੇ ਜਾਇਦਾਦ ਬਣੀ ਹੋਈ ਹੈ, ਜਿੰਨਾਂ ਸਾਡਾ ਬਚਪਨ ਤੋਂ ਹੁਣ ਤਕ ਵਾਹ ਪਿਆ ਹੋਇਆ ਹੈ ਉਹ ਮਾਇਆ ਨਾਲ ਪਿਆ ਹੈ। ਇਹ ਪੜਦਾ ਕੌਣ ਤੋੜ ਦਏਗਾ, ਕਿਹੜਾ ਸੂਰਮਾ ਹੈ ਜਿਹੜਾ ਇਹਦੇ ਵਿਚੋਂ ਲੰਘ ਜਾਏਗਾ। ਫੇਰ ਅੱਗੇ ਵਾਸ਼ਨਾਵਾਂ ਦਾ ਆ ਗਿਆ, ਵਾਸ਼ਨਾਵਾਂ ਮੁਕਦੀਆਂ ਹੀ ਨਹੀਂ, ਆਦਮੀ ਜ਼ੋਰ ਲਾ ਲਏ ਜਿੰਨਾ ਲਗਦੈ। ਵਾਸ਼ਨਾਵਾਂ ਮੁਕਦੀਆਂ ਹੀ ਨਹੀਂ, ਆਦਮੀ ਜ਼ੋਰ ਲਾ ਲਏ ਜਿੰਨਾਂ ਲਗਦਾ ਹੈ। ਆਸ਼ਾਵਾਂ ਦਾ ਆ ਗਿਆ, ਅੰਦੇਸ਼ਿਆਂ ਦਾ ਆ ਗਿਆ, ਭੋਗਾਂ ਦਾ ਆ ਗਿਆ। ਅਖੀਰ ਵਿਚ ਸਭ ਤੋਂ ਸਖਤ ਪੜਦਾ ਆ ਗਿਆ ਹਉਮੈ ਦਾ। ਹੁਣ ਕਰੀਏ ਕੀ? ਮਹਾਰਾਜ ਕਹਿੰਦੇ ਤੈਨੂੰ ਜੁਗਤ ਦੱਸ ਦਿਤੀ। ਜਿਹੜੀ ਉਭੱਲ ਨਿਕਲਦੀ ਹੈ। ਆਰਟੀਜ਼ਨ ਬੈਲ ਲਾਉਂਦੇ ਨੇ ਨਾ, ਯੂ.ਪੀ 'ਚ ਲਾਉਂਦੇ ਹੁੰਦੇ। ਜਦੋਂ ਆਰਟੀਜ਼ਨ ਬੈਲ ਨੇ ਛੱਲ ਮਾਰਨੀ ਨਾ, ਉਹਦੇ ਵਿਚ ਪਾਈਪ ਪਾਏ ਹੁੰਦੇ, ਨਾਲ ਬੰਦ ਕਰਨ ਵਾਸਤੇ ਵੀ ਰੱਖਿਆ ਹੁੰਦਾ ਪ੍ਰਬੰਧ। ਉਹ 8 ਇੰਚ ਦਾ, 9 ਇੰਚ ਦਾ, 12 ਇੰਚ ਦਾ ਪਾਣੀ ਨਿਕਲਦਾ। ਬੰਦੇ ਨੂੰ ਰੋੜ੍ਹ ਕੇ ਲੈ ਜਾਂਦਾ ਸੀ ਐਨ ਤੇਜ਼ ਹੁੰਦਾ। ਉਹ ਫੇਰ ਸਾਰੇ ਖੇਤਾਂ 'ਚ ਫੈਲ ਜਾਂਦਾ ਸੀ। ਮੁਸ਼ਕਲ ਖੜ੍ਹੀ ਹੋ ਜਾਂਦੀ ਸੀ ਕਿ ਇਹ ਸਾਰੇ ਹੀ ਫੈਲ ਗਿਆ। ਫੇਰ ਉਹਨੂੰ ਬੰਦ ਕਰਨ ਵਾਸਤੇ ਢੱਕਣ ਲਾਏ ਹੁੰਦੇ ਸੀ। ਸੋ ਮਹਾਰਾਜ ਕਹਿੰਦੇ ਤੈਨੂੰ ਇਕ ਜੁਗਤ ਦਸ ਦਿੰਦੇ ਹਾਂ ਉਥੇ ਪਹੁੰਚਣ ਦੀ। ਦੇਖ ਤੇਰੇ ਕੋਲ ਟਾਈਮ ਨਹੀਂ ਹੈ। ਜੇ ਲਗਾਤਾਰ ਸਾਧੂਆਂ ਦੀ ਸੰਗਤ ਕਰੇਂ। ਉਹ ਵੀ ਨਿਸ਼ਕਾਮ ਹੋਵੇ ਤਾਂ ਤੂੰ ਪਹੁੰਚ ਜਾਏਂਗਾ। ਜੇ ਕਾਮਨਾ ਸਹਿਤ ਸੰਗਤ ਕਰਦਾ ਹੈਂ ਤਾਂ ਕਾਮਨਾਵਾਂ ਤਾਂ ਤੇਰੀਆਂ ਪੂਰੀਆਂ ਹੋਈ ਜਾਣਗੀਆਂ, ਪਰ ਅੱਗੇ ਇਕ ਕਦਮ ਵੀ ਨਹੀਂ ਪੁੱਟ ਹੋਣਾ। ਬਿਮਾਰੀਆਂ ਹਟ ਜਾਣਗੀਆਂ, ਕਾਰੋਬਾਰ ਚੱਲ ਪੈਣਗੇ, ਬਾਲ-ਬੱਚੇ ਹੋ ਜਾਣਗੇ। ਪਰ ਇਹ ਤਾਂ ਗਲਤ ਪਾਸੇ ਪਰਚ ਲਿਆ ਸੰਤਾਂ ਨੂੰ। ਸੰਤਾਂ ਦਾ ਕੰਮ ਹੁੰਦੈ ਕਿ ਉਹ ਖਜ਼ਾਨੇ ਦਾ ਭੇਤ ਦੇ ਦੇਣ। ਖਜ਼ਾਨੇ ਦਾ ਭੇਤ ਇਸ ਤਰ੍ਹਾਂ ਦਿੰਦੇ ਨੇ ਮਹਾਰਾਜ ਬਾਣੀ ਵਿਚ ਆਉਂਦੈ –

***ਗੁਹਜ ਰਤਨ ਵਿਚ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕ ਕਢੈ ਖੋਤਿ॥*** ***ਅੰਗ - 309***

ਇਸ ਸਰੀਰ ਦੇ ਵਿਚ ਤਾਂ ਬੇਅੰਤ ਕੀਮਤੀ ਰਤਨ ਲੁਕੇ ਪਏ ਨੇ।

ਮੈਂ ਰਾਜੇ ਦੀ ਗੱਲ ਕਰਦਾ ਸੀ। ਰਾਜੇ ਨੂੰ ਟੋਲ੍ਹਣ ਲਈ ਬੰਦੇ ਸਾਰਾ ਦਿਨ ਖਪੀ ਗਏ, ਭੁੱਲ ਭਲਾਈਆਂ 'ਚ ਚਲੇ ਗਏ, ਝੀਲ ਸੀ ਉਹਦੇ ਵਿਚ ਚਲੇ ਗਏ, ਮੰਦਰ ਬਣਾਏ ਹੋਏ ਸੀ, ਬਹੁਤ ਸੋਹਣੇ ਜੰਗਲ ਸੀ, ਅਖੀਰ ਖਪ ਗਏ, ਕਿਸੇ ਨੂੰ ਨਾ ਰਾਜਾ ਲੱਭਿਆ। ਇਕ ਬੰਦਾ ਬੜਾ ਸਿਆਣਾ ਸੀ, ਉਹ ਮੈਨੇਜਰ ਦੇ ਕੋਲ ਬੈਠਾ ਰਿਹਾ, ਉਹਦੀ ਸੇਵਾ ਕਰੀ ਗਿਆ। ਮੈਨੇਜਰ ਨੇ ਉਸ ਨੂੰ ਪੁਛਿਆ, ਜਦ ਥੋੜ੍ਹਾ ਟਾਈਮ ਰਹਿ ਗਿਆ, ਕਹਿਣ ਲੱਗਿਆ ਤੂੰ ਵੀ ਟੋਲ੍ਹ ਲੈ। ਉਹ ਕਹਿੰਦਾ ਐਥੇ ਕਿਤੇ ਲੱਭਣੈ, ਤੇਰੀ ਮਿਹਰਬਾਨੀ ਨਾਲ ਲੱਭਣੈ। ਕੋਈ ਜੁਗਤੀ ਦੱਸ ਦੇ। ਕਹਿੰਦਾ ਲੈ ਆ ਫੜ ਚਾਬੀ, ਆਹ ਬਿਲਡਿੰਗ ਦੇ ਪਿਛਲੇ ਪਾਸੇ ਇਕ ਢੇਰੀ ਹੈ ਉਚੀ ਮਿੱਟੀ ਦੀ ਬਣੀ ਹੋਈ। ਉਥੇ ਬੋਰੀ ਦੇ ਨਾਲ ਉਹਦਾ ਰਾਹ ਬੰਦ ਕੀਤਾ ਹੋਇਆ ਹੈ, ਮਿੱਟੀ ਦੀ ਬੋਰੀ ਭਰ ਕੇ ਲਾਈ ਹੋਈ ਹੈ। ਤੂੰ ਉਹ ਬੋਰੀ ਪਰ੍ਹੇ ਖਿੱਚ ਲੈ। ਅੰਦਰ ਫੇਰ ਬਹੁਤ ਸਾਰੀਆਂ ਚੀਜ਼ਾਂ ਆਉਣਗੀਆਂ। ਅੰਦਰ ਪ੍ਰਕਾਸ਼ ਆਉਣਗੇ, ਰਾਗ ਆਉਣਗੇ, ਮਿਊਜ਼ਕ ਆਉਣਗੇ, ਆਵਾਜ਼ਾਂ ਆਉਣਗੀਆਂ, ਬਹੁਤ ਖੂਬਸੂਰਤ ਚੀਜ਼ਾਂ ਆਉਣਗੀਆਂ, ਤੈਨੂੰ ਲੁਭਾ ਲੈਣਗੀਆਂ, ਤੂੰ ਕਿਸੇ 'ਚ ਨਾ ਫਸੀ, ਅਖੀਰ ਰਾਜਾ ਆਖਰੀ ਸਿਰੇ ਤੇ ਬੈਠਾ ਹੈ। ਉਸ ਬੰਦੇ ਨੇ ਉਵੇਂ ਜਿਵੇਂ ਕਰਿਆ। ਰਾਜੇ ਦੇ ਕੋਲ ਚਲਿਆ ਗਿਆ। ਰਾਜੇ ਨੇ ਐਲਾਨ ਕਰ ਦਿਤਾ, ਸਾਇਰਨ ਵਜ ਗਏ। ਪਤਾ ਲਗ ਗਿਆ ਕਿ ਰਾਜਾ ਟੋਲ੍ਹ ਲਿਆ। ਤਖਤ ਤੇ ਬਿਠਾਲ ਦਿਤਾ ਉਸ ਬੰਦੇ ਨੂੰ।

ਇਹੀ ਟੋਲ੍ਹ ਸਾਡੀ ਲੱਗੀ ਹੋਈ ਹੈ। ਰਾਜੇ ਦਾ ਤਖਤ ਤਾਂ ਕੁਛ ਵੀ ਨਹੀਂ ਸੀ ਅਸੀਂ ਤਾਂ ਵਾਹਿਗੁਰੂ ਦੇ ਤਖਤ ਤੇ ਬੈਠਣਾ ਹੈ। ਪਰ ਟੋਲਣਾ ਪੈਣਾ ਹੈ ਉਹਨੂੰ। ਮਹਾਰਾਜ ਕਹਿੰਦੇ –

................ ***ਗੁਰਮੁਖਿ ਸੇਵਕ ਕਢੈ ਖੋਤਿ॥***
***ਅੰਗ - 309***

ਕਿਸੇ ਗੁਰਮੁਖ ਨੂੰ ਮਿਲ, ਜਿਹਨੂੰ ਇਹ ਜਾਚ ਆਉਂਦੀ ਹੈ। ਅਸੀਂ ਇਥੇ ਟਿਊਬਵੈਲ ਲਾਈ ਗਏ। ਕਿੰਨੇ ਹੀ ਲਾ

ਦਿਤੇ ਪਾਣੀ ਕਿਸੇ ਦਾ ਆਵੇ, ਕਿਸੇ ਦਾ ਨਾ ਆਵੇ। ਫੇਰ ਅਸੀਂ ਵੱਡਾ ਟਿਊਬਵੈਲ ਲਗਾਇਆ। ਇਕ ਫੁੱਟ ਦਾ ਲਿਆਏ ਬੋਰ ਕਰਨ ਵਾਸਤੇ। ਜਦੋਂ ਪਾਣੀ ਕੱਢਿਆ ਤਾਂ ਬੇਅੰਤ ਹੀ ਪਾਣੀ ਹੋ ਗਿਆ। ਅਸੀਂ ਰੋਕ-ਰੋਕ ਰਖਦੇ ਹਾਂ ਕਿ ਛੇ ਇੰਚ ਦਾ ਬਹੁਤ ਹੈ ਅੱਠ ਦਾ ਕੀ ਕਰਨਾ ਹੈ। ਉਹਨੂੰ ਭੇਤ ਸੀ ਕੱਢਣ ਦਾ, ਮਸ਼ੀਨਰੀ ਸੀ ਉਹਦੇ ਕੋਲ। ਉਹਦੇ ਨਾਲ ਬੋਰ ਕਰ ਦਿਤਾ। ਹੁਣ ਮਹਾਰਾਜ ਜਿਹੜਾ ਖੋਤ ਕਹਿੰਦੇ ਨੇ ਖੁਣਨ ਨੂੰ ਕਹਿੰਦੇ ਨੇ, ਖੁਣ ਕੇ ਕੱਢਣਾ। ਖੁਣ ਕੇ ਹੁੰਦੈ ਜਿਵੇਂ ਭਾਰੀ ਮਿੱਟੀ ਹੋਵੇ, ਪਹਾੜ ਹੋਵੇ, ਉਹਦੇ ਵਿਚੋਂ ਗਲੀ ਕੱਢਣੀ ਉਹ ਖੁਣ ਕੇ ਕੱਢੀ ਜਾਂਦੀ ਹੈ। ਖੁਣਨ ਵਾਸਤੇ ਚਾਹੀਦੇ ਨੇ ਹਥਿਆਰ, ਕਿਹੜਾ-ਕਿਹੜਾ ਹਥਿਆਰ ਹੋਣਾ ਚਾਹੀਦਾ ਹੈ ਜਿਹਦੇ ਨਾਲ ਮੈਂ ਕਰੜੇ ਪੱਥਰਾਂ ਨੂੰ ਖੁਣ ਕੇ ਉਥੇ ਪਹੁੰਚ ਜਾਵਾਂ। ਮਹਾਰਾਜ ਕਹਿੰਦੇ ਤੇਰੇ ਤੋਂ ਸਾਰਾ ਤਾਂ ਚੁੱਕ ਨਹੀਂ ਹੋਣਾ, ਪਰ ਅਸੀਂ ਤੈਨੂੰ ਹਥਿਆਰ ਦੱਸ ਦਿੰਦੇ ਹਾਂ। ਉਨ੍ਹਾਂ ਹਥਿਆਰਾਂ ਨੂੰ ਤੂੰ ਵਰਤ ਲੈ। ਉਹਦੇ ਨਾਲ ਤੂੰ ਉਸ ਖਜ਼ਾਨੇ ਤੱਕ ਪਹੁੰਚ ਜਾਏਂਗਾ।

ਨਾ ਤੇਰੇ ਤੋਂ ਮਾਇਆ ਦੂਰ ਕਰ ਹੋਣੀ ਹੈ ਸਾਰੀ। ਇਹਦੇ 'ਚ ਗਲੀ ਕੱਢ, ਵਾਸ਼ਨਾਵਾਂ 'ਚ ਕੱਢ, ਵਿਸ਼ੇ ਵਿਕਾਰਾਂ ਭੋਗਾਂ ਦੇ ਵਿਚ ਕੱਢ। ਫੇਰ ਆ ਗਿਆ ਹਉਮੈ। ਉਹ ਕਰੜੀ ਹੈ ਉਹਦੇ ਵਾਸਤੇ ਜਿਹੜਾ ਅਸਲੀ ਹਥਿਆਰ ਹੈ ਉਹਦੀ ਦੱਸ ਪਾ ਦਿੰਦੇ ਹਾਂ।

***ਧਾਰਨਾ - ਹਉਮੈ ਨੂੰ ਖੋਈਦੈ, ਵਾਹਿਗੁਰੂ ਮੰਤਰ ਜਪ ਕੇ।***

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।***
***ਭਾਈ ਗੁਰਦਾਸ ਜੀ ਦੀ ਵਾਰ 13/2***

ਹੁਣ ਇਹ ਹਥਿਆਰ ਮਿਲਦੇ ਕਿਥੋਂ ਨੇ। ਮਹਾਰਾਜ ਕਹਿੰਦੇ ਪਿਆਰਿਆ -

***ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥***
***ਅੰਗ - 649***

ਇਹ ਜਿਹੜਾ ਵਾਹਿਗੁਰੂ ਮੰਤਰ ਹੈ, ਨਾਮ ਹੈ ਇਹ ਗੁਰੂ ਤੋਂ ਬਗੈਰ ਨਹੀਂ ਮਿਲਣਾ। ਗੁਰੂ ਘਰ ਦੇ ਵਿਚ ਪੰਜ ਪਿਆਰਿਆਂ ਦੇ ਅੱਗੇ ਪੇਸ਼ ਹੋਏ ਬਗੈਰ ਗੁਰੂ ਗ੍ਰੰਥ ਸਾਹਿਬ ਤੋਂ ਇਹ ਦਾਤ ਨਹੀਂ ਮਿਲਿਆ ਕਰਦੀ। ਪੰਜ ਪਿਆਰਿਆਂ ਨੇ ਤੈਨੂੰ ਦੇ ਦੇਣੀ ਹੈ ਵਾਹਿਗੁਰੂ ਮੰਤਰ ਦੀ ਦਾਤ। ਫੇਰ ਅੱਗੇ ਤੂੰ ਇਹਦਾ ਕੰਮ ਉਸੇ ਵੇਲੇ ਤੂੰ ਮੋਰੀ (drill) ਕਰਨੀ ਸ਼ੁਰੂ ਕਰ ਦੇਈਂ। ਇਸ ਤਰ੍ਹਾਂ ਕਰਨ ਦੇ ਨਾਲ ਇਹਨੇ ਰਸਤਾ ਬਣਾਉਣਾ ਸ਼ੁਰੂ ਕਰ ਦੇਣੈ। ਰਸਤਾ ਬਣਾਉਂਦੇ-ਬਣਾਉਂਦੇ ਜਿੰਨੇ ਕਵਰ ਦਿਤੇ ਹੋਏ ਨੇ, ਜਿੰਨੇ ਢੱਕਣ ਦਿਤੇ ਹੋਏ ਨੇ ਸਾਰਿਆਂ ਨੂੰ ਵਿੰਨ੍ਹ ਕੇ ਨਾ ਜਦ ਇਹਨੇ ਹੇਠਾਂ ਜਾਣੈ, ਉਸ ਵੇਲੇ ਜਿਸ ਤਰ੍ਹਾਂ ਦੇ ਨਾਲ ਫੁਹਾਰਾ ਚਲਦਾ ਹੈ, ਐਸ ਤਰ੍ਹਾਂ ਉਸ ਖਜ਼ਾਨੇ ਨੇ ਬਾਹਰ ਆ ਜਾਣਾ ਹੈ। '...... ***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥ (ਅੰਗ - 309)*** 'ਕੋਈ' ਲੱਖਾਂ ਕਰੋੜਾਂ ਚੋਂ ਇਕ। ਗੁਰਮੁਖ ਦੇ ਨਾਲ ਰਲ ਕੇ ਕੱਢ ਸਕਦਾ ਹੈ। ਕਹਿੰਦੇ ਜਦੋਂ ਨਿਕਲਿਆ ਬਾਹਰ ਦੇਖਿਆ ਕੀ?

***ਸਭੁ ਆਤਮ ਰਾਮੁ ਪਛਾਣਿਆ***
***ਤਾਂ ਇਕੁ ਰਵਿਆ ਇਕੋ ਓਤਿ ਪੋਤਿ॥***
***ਇਕੁ ਦੇਖਿਆ ਇਕੁ ਮੰਨਿਆ***
***ਇਕੋ ਸੁਣਿਆ ਸ੍ਰਵਣ ਸਰੋਤਿ॥ ਅੰਗ - 309***

ਹੈਂ ਕੀ ਗੱਲ ਹੋਈ? ਇਹ ਤਾਂ ਮੈਂ ਹੀ ਸੀਗਾ, ਮੇਰਾ ਹੀ ਰੂਪ ਸੀ ਇਹ ਤਾਂ ਆਤਮਾ। ਮੈਂ ਹੀ ਆਤਮਾ ਹਾਂ, ਮੈਂ ਹੀ ਛੁਪਿਆ ਹੋਇਆ ਸੀ, ਮੈਂ ਹੀ ਛੁਪਾਉਣ ਵਾਲਾ ਸੀ। ਉਸ ਵੇਲੇ ਉਹ ਰਤਨ ਪ੍ਰਗਾਸ ਹੋ ਗਿਆ, ਬਾਹਰ ਨਿਕਲ ਆਇਆ। ਸੋ ਮਹਾਰਾਜ ਕਹਿੰਦੇ ਪਿਆਰਿਓ! ਜਿਨ੍ਹਾਂ ਨੇ ਮਿਹਨਤਾਂ ਕਰਕੇ ਕੱਢ ਲਿਆ ਇਹਨੂੰ ਕਹਿੰਦੇ ਉਨ੍ਹਾਂ ਤੋਂ ਅਸੀਂ ਬਲਿਹਾਰ ਜਾਂਦੇ ਹਾਂ।

***ਧਾਰਨਾ - ਜਾਵਾਂ ਬਲਿਹਾਰ ਜਿਹਨੂੰ***
***ਮਿਲ ਗਿਆ ਰਾਮ ਪਿਆਰਾ।***

***ਜਿਨੀ ਸਖੀਏ ਪ੍ਰਭੁ ਪਾਇਆ***
***ਹੰਉ ਤਿਨ ਕੈ ਸਦ ਬਲਿਹਾਰ॥ ਅੰਗ - 134***

ਸੋ ਸਾਉਣ ਦਾ ਮਹੀਨਾ ਜੋ ਹੈ ਇਸ ਦੀ ਜੋ ਵਿਚਾਰ ਸੰਖੇਪ ਰੂਪ ਵਿਚ ਹੈ। ਉਹ ਆਪ ਦੇ ਚਰਨਾਂ ਵਿਚ ਪੇਸ਼ ਕੀਤੀ ਹੈ। ਹੋਰ ਵਿਸਥਾਰ ਦੇ ਨਾਲ ਪੜ੍ਹਨੀ ਹੈ ਪੁਸਤਕ 'ਹੋਵੈ ਅਨੰਦ ਘਣਾ' ਦੇ ਵਿਚ ਪੜ੍ਹ ਲਓ। ਉਥੇ ਹੋਰ ਤਰ੍ਹਾਂ ਲਿਖੀ ਹੈ ਉਥੇ ਹੋਰ ਤਰ੍ਹਾਂ ਦਾ ਬੋਲਿਆ ਹੋਇਆ ਹੈ। ਸੋ ਮਤਲਬ ਇਹ ਹੈ ਕਿ ਉਹਦੇ ਵਿਚ ਐਸੇ ਰਸਤੇ ਆ ਰਹੇ ਨੇ ਜਿਹੜੇ ਇਸ ਵਿਚ ਆ ਰਹੇ ਨੇ। ਨਾ ਤਾਂ ਕਿਸੇ ਨੂੰ ਇਸ ਦੇ ਅਰਥ ਦਾ ਪਤਾ ਹੈ। ਅਗਰ ਮਗਰ ਕਰਕੇ ਅਰਥ ਗਿਆਨੀ ਲੋਕ ਕਰੀ ਜਾਂਦੇ ਨੇ। ਗੱਲ ਨਹੀਂ ਪਤਾ ਕਿ ਅੰਦਰ ਖੁਣ ਕੇ ਕੱਢਣੀ ਪੈਣੀ ਹੈ, ਖੁਣਨਾ ਪੈਣਾ ਹੈ। ਜਿਵੇਂ ਖੂਹ ਕੱਢੀਦਾ ਹੈ ਨਾ, ਓਢ ਕੱਢ ਦਿੰਦੇ ਨੇ ਖੂਹ। ਉਹ ਖੁਣਦੇ ਨੇ ਧਰਤੀ ਨੂੰ, ਖੁਣ ਕੇ ਕੱਢਦੇ ਨੇ। ਐਉਂ ਜਿਹੜੀ ਇਹ ਮਾਇਆ ਪਈ ਹੋਈ ਹੈ ਇਹ ਨੂੰ ਵਾਹਿਗੁਰੂ ਮੰਤਰ ਬੋਰ ਕਰਦਾ ਹੈ, ਉਹਦੇ ਨਾਲ ਕੱਢ ਲਈਦੈ। ਜਦੋਂ ਆਤਮਾ ਪ੍ਰਗਟ ਹੋ ਗਈ ਫੇਰ ਦੇਖਦਾ ਕਿ ਮੈਂ ਤਾਂ ਆਪ ਹੀ ਆਤਮਾ ਹਾਂ। ਇਹ ਤਾਂ ਮੇਰਾ ਹੀ ਪਸਾਰਾ ਹੈ ਸਾਰਾ। ਕੋਈ ਗੱਲ ਕਰਨ ਨੂੰ ਨਹੀਂ ਰਹਿੰਦੀ ਕੋਈ, ਵਿਚੇ ਘੁਲ-ਮਿਲ ਜਾਂਦਾ ਹੈ ਉਹਦੇ। ਉਹ ਪਹਿਲਾਂ ਜਿਹੜਾ ਇਹ ਖੋਜਣ ਲੱਗਿਆ ਸੀ ਉਹ ਖਤਮ ਹੋ ਜਾਂਦਾ ਹੈ। ਮਹਾਰਾਜ ਕਹਿੰਦੇ-

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***
***ਅੰਗ - 1102***

(ਬਾਕੀ ਪੰਨਾ 63 ਤੇ)

# ਸੰਪਾਦਕੀ

'ਆਤਮ ਮਾਰਗ' ਦੇ ਪਾਂਧੀ ਸਦਾ ਹੀ ਸੱਚ ਦੀ ਖੋਜ ਵਿਚ ਰਹਿੰਦੇ ਹਨ ਅਤੇ ਐਸੇ ਨਾਮ-ਅਭਿਆਸੀਆਂ ਦੀ ਸੰਗਤ ਲੋਚਦੇ ਰਹਿੰਦੇ ਹਨ ਜਿਨ੍ਹਾਂ ਨੇ ਨਾਮ-ਅਭਿਆਸ ਦੀ ਮੁਸ਼ੱਕਤ ਘਾਲ ਕੇ ਸਹਿਜ ਅਤੇ ਅਨੰਦ ਮਾਣਿਆ ਹੈ ਅਤੇ ਭਗਤਾਂ ਵਾਲੀ ਸਦਾ-ਵਿਗਾਸ ਦੀ ਅਵਸਥਾ ਵਿਚ ਵਿਚਰਦੇ ਹਨ। ਐਸੇ ਮਹਾਂਪੁਰਸ਼ਾਂ ਦੀ ਸੰਗਤ ਪੂਰਬਲੇ ਕਰਮਾਂ ਦੇ ਅੰਕੁਰ ਸਫੁੱਟ ਹੋਣ ਤੇ ਹੀ ਪ੍ਰਾਪਤ ਹੁੰਦੀ ਹੈ। ਸੱਚ ਨੂੰ ਜਾਨਣ ਵਾਲੇ ਵਿਰਲੇ ਹੀ ਹਰਿ ਜਨ ਹਨ ਜਿਨ੍ਹਾਂ ਨੂੰ ਸਤਿ-ਪੁਰਸ਼ ਕਿਹਾ ਜਾ ਸਕਦਾ ਹੈ। ਐਸੇ ਮਹਾਂਪੁਰਸ਼ ਤਿੰਨ ਗੁਣਾਂ ਦੇ ਸੰਸਾਰ ਤੋਂ ਵਿਰੱਕਤ ਹੋ ਕੇ ਤੁਰੀਆ ਵਿਚ ਵਿਚਰਦੇ ਹਨ ਜਿਥੇ ਤਿੰਨ ਗੁਣਾਂ ਦੇ ਲਕਸ਼ 'ਬੈਰ ਬਿਰੋਧ, ਕਾਮ, ਕ੍ਰੋਧ, ਮੋਹ, ਝੂਠ, ਬਿਕਾਰ, ਮਹਾ ਲੋਭ, ਧ੍ਰੋਹ' ਵਿਆਪਕ ਨਹੀਂ ਹੁੰਦੇ।

ਇਹ ਨਿਰੋਲ ਸੱਚ ਹੈ ਕਿ ਆਤਮ ਮਾਰਗ ਦੇ ਮੁਤਲਾਸ਼ੀਆਂ ਤੇ ਸੰਸਾਰੀਆਂ ਅਹੰਕਾਰੀਆਂ ਦਾ ਜੋੜ ਨਹੀਂ ਜੁੜਦਾ, ਬਣ ਨਹੀਂ ਆਉਂਦੀ। ਕਾਰਨ ਇਹ ਹੈ ਕਿ ਭਗਤਾਂ ਦੀ ਚਾਲ ਨਿਰਾਲੀ ਹੁੰਦੀ ਹੈ, ਉਹ ਠੱਗੀ ਠੌਗੀ ਤੋਂ ਮੁਕਤ ਹੁੰਦੇ ਹਨ, ਮਾਇਆ ਤੋਂ ਨਿਰਲੇਪ ਰਹਿੰਦੇ ਹਨ, ਮੋਹ ਮਾਇਆ ਦੇ ਜੰਜਾਲ ਵਿਚ ਫਸਦੇ ਨਹੀਂ, ਕਮਲ ਫੁੱਲ ਦੀ ਤਰ੍ਹਾਂ ਚਿੱਕੜ ਵਿਚ ਲਿਬੜਦੇ ਨਹੀਂ, ਉਪਰ ਉਠ ਕੇ ਖਿੜੇ ਰਹਿੰਦੇ ਹਨ, ਮੁਰਗਾਬੀ ਦੀ ਤਰ੍ਹਾਂ ਪਾਣੀ ਵਿਚ ਰਹਿ ਕੇ ਵੀ ਅਭਿੱਜ ਰਹਿੰਦੇ ਹਨ ਪਰ ਸੰਸਾਰੀ ਵਿਹਾਰੀ ਲੋਕ ਵਿਪਰੀਤ ਇਸ ਦੇ ਮਾਇਕ ਧੰਦਿਆਂ ਵਿਚ ਗੁਲਤਾਨ ਰਹਿੰਦੇ ਹਨ। ਉਨ੍ਹਾਂ ਦਾ ਸਾਰਾ ਜੀਵਨ ਹਉਂ ਆਸਰਿਤ ਹੁੰਦਾ ਹੈ। ਪੂਰਬਲੇ ਹਉਂ-ਵਾਦੀ ਸੰਸਕਾਰਾਂ ਵਿਚ ਉਨ੍ਹਾਂ ਦਾ ਜਨਮ ਹੁੰਦਾ ਹੈ, ਹਉਂ ਵਿਚ ਹੀ ਬਚਪਨ, ਆਲਾ-ਦੁਆਲਾ, ਵਾਤਾਵਰਣ, ਸਿਖਲਾਈ ਪੜ੍ਹਾਈ, ਸਾਰੀ ਕਿਰਿਆ, ਜਵਾਨੀ, ਵਿਆਹ, ਸਾਦੀ, ਬੱਚੇ, ਨੌਕਰੀ ਵਪਾਰ, ਲੈਣ ਦੇਣ, ਲਾਭ ਹਾਣ, ਪਾਪ ਪੁੰਨ, ਗੱਲ ਕੀ ਸੰਸਾਰੀ ਮਨੁੱਖ ਅੰਤ ਤਕ ਹਉਂ ਜਾਂ ਮਨ ਦੀ ਖੇਡ ਖੇਡਦਾ ਏਥੋਂ ਤੁਰ ਜਾਂਦਾ ਹੈ। ਐਸੇ ਬਹੁਤ ਪ੍ਰਮਾਣ ਗੁਰਬਾਣੀ ਵਿਚ ਪ੍ਰਾਪਤ ਹਨ ਜਿਨ੍ਹਾਂ ਵਿਚ ਹਉਂ ਵਿਚ ਸੁੱਤੇ ਮਨੁੱਖ ਨੂੰ 'ਕਮਲਾ' 'ਬੇਤਾਲਾ' 'ਮੁਗਧ', ਘੂਘ-ਸੁੱਤਾ, ਅਣਜਾਣ, ਅਗਿਆਨੀ ਕਿਹਾ ਹੈ ਜੋ ਇਸ ਕੀਮਤੀ ਤੇ ਅਨਮੋਲ ਅਵਸਰ ਨੂੰ ਅਜਾਈਂ ਗਵਾ ਰਿਹਾ ਹੈ। ਮੈਂ, ਮੇਰੀ ਦਾ ਸੰਸਾਰ ਉਸਾਰ ਕੇ ਉਸ ਵਿਚ ਹੀ ਕਿਰਿਆਸ਼ੀਲ ਰਹਿੰਦਾ ਹੈ ਅਤੇ ਦੁਖ ਭੋਗਦਾ ਹੈ।

ਵਿਪਰੀਤ ਇਸ ਦੇ ਆਤਮ-ਮਾਰਗ ਦਾ ਅਭਿਆਸੀ ਜਾਣਦਾ ਹੈ ਕਿ ਇਹ ਸੰਸਾਰ ਵਾਹਿਗੁਰੂ ਜੀ ਦੀ ਰਚਨਾ ਹੈ, ਵਾਹਿਗੁਰੂ ਜੀ ਹੀ ਇਸ ਦੀ ਸੰਭਾਲ ਕਰ ਰਹੇ ਹਨ, ਸਾਰੇ ਜੀਵਾਂ ਦੀ ਉਹ ਹੀ ਪ੍ਰਵਿਰਸ਼ ਕਰਦੇ ਹਨ। ਜੀਵ ਦੀ ਵਖਰੀ ਹਸਤੀ ਨਿਰਮੂਲ ਹੈ। ਅਸਲ ਵਿਚ ਜੀਵ ਵਾਹਿਗੁਰੂ ਜੀ ਦੀ ਅੰਸ਼ ਹੈ। ਇਹ ਸਰੀਰ ਬਿਨਸਨਹਾਰ ਹੈ। ਭਾਂਡੇ ਦੀ ਨਿਆਈਂ ਹੈ, ਹੈ, ਵਾਹਿਗੁਰੂ ਜੀ ਹੀ ਇਸ ਦੀ ਸੰਭਾਲ ਕਰ ਰਹੇ ਹਨ। ਇਹ ਸਰੀਰ ਬਿਨਸਨਹਾਰ ਹੈ। ਭਾਂਡੇ ਨਿਆਈਂ ਹੈ, ਬਾਹਰਲਾ ਢਾਂਚਾ ਹੈ, ਡੱਬਾ ਹੈ, ਅਸਲ ਵਸਤ ਅੰਦਰ ਵਸਦਾ ਸੱਚ ਹੈ, ਤੱਤ ਹੈ, ਪ੍ਰਭੂ ਦੀ ਜੋਤ ਹੈ, ਉਸ ਦੀ ਜੋਤ ਹੀ ਅੰਦਰ ਪ੍ਰਕਾਸ਼ਮਾਨ ਹੈ ਜਿਸ ਦਾ ਜਾਣਨਾ, ਬੁੱਝਣਾ, ਪਛਾਨਣਾ, ਅਨੁਭਵ ਕਰਨਾ ਹੀ ਜੀਵਨ ਦਾ ਅਸਲ ਲਕਸ਼ ਹੈ।

ਇਸ ਲਕਸ਼ ਦੀ ਪਛਾਣ ਕਿਵੇਂ ਹੋਵੇ? ਜਗਤ ਪ੍ਰਸਿੱਧ ਰਹੱਸਵਾਦੀ ਦਾਰਸ਼ਨਿਕ ਅ. ਹਕਸਲੇ ਕਹਿੰਦਾ ਹੈ ਕਿ ਆਤਮ-ਦਰਸ਼ਨ ਲਈ ਸਭ ਤੋਂ ਚੰਗਾ ਤੇ ਵਧੀਆ ਤਰੀਕਾ ਇਹ ਹੈ ਕਿ ਐਸੇ ਮਹਾਂਪੁਰਸ਼, ਸੰਤ, ਮਹਾਤਮਾ, ਸਤਿਗੁਰੂ ਦੀ ਭਾਲ ਕੀਤੀ ਜਾਵੇ ਜਿਸ ਨੂੰ ਆਤਮ-ਦਰਸ਼ਨ ਪ੍ਰਾਪਤ ਹੋਣ। ਐਸੇ ਗੁਰੂ, ਬ੍ਰਹਮਗਿਆਨੀ ਦੇ ਕੇਵਲ ਮਿਲ ਜਾਣ ਤੇ ਹੀ ਸਾਡਾ ਆਤਮ ਮਾਰਗ ਦਾ ਅੱਧਾ ਪੈਂਡਾ ਤਹਿ ਹੋ ਜਾਂਦਾ ਹੈ।

'ਆਤਮ ਮਾਰਗ' ਦੇ ਪ੍ਰੇਮੀ ਕਿੰਨੇ ਖੁਸ਼ਨਸੀਬ ਹਨ ਕਿ ਸਾਨੂੰ ਗੁਰੂ ਨਾਨਕ ਦੇਵ ਜੀ ਵਰਗੇ 'ਗੋਬਿੰਦ-ਰੂਪ' ਸਤਿਗੁਰੂ ਜੀ ਦੀ ਅਗਵਾਈ ਤੇ ਨਿਕਟਤਾ ਪ੍ਰਾਪਤ ਹੈ। ਗੁਰੂ ਜੀ ਦੀ ਬਾਣੀ ਗੁਰੂ ਦਾ ਹਿਰਦਾ ਹੈ, ਬਾਣੀ ਗੁਰੂ ਰੂਪ ਹੈ, ਗੁਰਬਾਣੀ ਗੁਰੂ ਰੂਪ ਹੋ ਕੇ ਹਰ ਥਾਂ, ਹਰ ਸਮੇਂ, ਹਰ ਪ੍ਰਾਣੀ ਦੀ ਪੂਰਨ ਅਗਵਾਈ ਕਰਦੀ ਹੈ। ਗੁਰੂ ਜੀ ਦਸਦੇ ਹਨ ਕਿ ਗੁਰੂ ਦੇ ਦਰਸ਼ਨਾਂ ਦੀ ਲੋਚਾ ਤਾਂ ਹਰ ਕੋਈ ਕਰਦਾ ਹੈ ਪਰ ਕੇਵਲ ਗੁਰੂ ਨੂੰ ਵੇਖਣ ਨਾਲ ਤਾਂ ਮੁਕਤਿ ਨਹੀਂ ਹੁੰਦਾ। ਗੁਰੂ ਦੇ ਸ਼ਬਦ ਦੀ ਵਿਚਾਰ ਜ਼ਰੂਰੀ ਹੈ, ਗੁਰਬਾਣੀ ਨੂੰ ਸਤਿ ਸਤਿ ਕਰ ਮੰਨਣਾ ਜ਼ਰੂਰੀ ਹੈ, ਗੁਰਬਾਣੀ ਨੂੰ ਜੀਉਣਾ ਜ਼ਰੂਰੀ ਹੈ ਜਿਵੇਂ ਮਹਾਂਪੁਰਸ਼ ਜੀਉਂਦੇ ਹਨ, ਨਾਮ-ਅਭਿਆਸੀ ਜੀਉਂਦੇ ਹਨ।

ਆਤਮ-ਮਾਰਗ ਦੇ ਪਾਂਧੀਆਂ ਨਾਲ ਸਮੇਂ ਸਮੇਂ ਇਹ ਵਿਚਾਰਾਂ ਮਹਾਂਪੁਰਸ਼ਾਂ ਦੇ ਅਤੇ ਹੋਰ ਨਾਮ ਅਭਿਆਸੀ ਅਨੁਭਵੀ ਲੇਖਕਾਂ ਦੇ ਪ੍ਰਵਚਨਾਂ ਰਾਹੀਂ ਪਿਛਲੇ ਦਸ ਸਾਲ ਤੋਂ ਸਾਂਝੀਆਂ ਕਰਦੇ ਆ ਰਹੇ ਹਾਂ। ਜੁਲਾਈ ਅੰਕ ਵਿਚ ਵੀ ਐਸੇ ਲੇਖ ਆਪ ਜੀ ਦੇ ਮਾਰਗ-ਦਰਸ਼ਨ ਲਈ ਹਾਜ਼ਰ ਹਨ। ਮੂਲ ਸਿਧਾਂਤ ਇਹ ਹੈ ਕਿ ਮਨੁੱਖ ਨੂੰ ਆਤਮ ਮਾਰਗ ਦਾ ਪਾਂਧੀ ਬਣਨ ਲਈ ਪਹਿਲਾਂ ਆਪਣੀ ਹਉਂ ਦਾ ਤਿਆਗ ਕਰਨਾ ਲਾਜ਼ਮੀ ਹੈ, ਹਉਂ ਵਿਚ ਵਿਚਰਨਾ ਮਨਮੁੱਖ ਹੋਣਾ ਹੈ। ਮਨ ਦੇ ਮਗਰ ਚਲਣ ਵਾਲਾ (ਮਨਮੁਖ) ਕਦੀ ਆਤਮ-ਦਰਸ਼ੀ ਨਹੀਂ ਹੋ ਸਕਦਾ। ਮਨ ਦੀ ਮਤ ਤਿਆਗ ਕੇ ਹੀ ਗੁਰੂ ਦੀ ਮਤਿ ਧਾਰਨ ਕਰਨੀ ਹੁੰਦੀ ਹੈ।

ਆਪ ਜੀ ਆਤਮ ਮਾਰਗ ਦੇ ਪਾਂਧੀ ਵਡਭਾਗੀ ਹੋ ਜਿਨ੍ਹਾਂ ਨੂੰ ਆਤਮ ਮਾਰਗ ਮੈਗਜ਼ੀਨ ਰਾਹੀਂ ਉੱਤਮ ਗਿਆਨ ਪ੍ਰਾਪਤ ਹੋ ਰਿਹਾ ਹੈ, ਗੁਰੂ, ਗੁਰਬਾਣੀ ਦੀ ਅਗਵਾਈ ਪ੍ਰਾਪਤ ਹੈ, ਮਹਾਂਪੁਰਸ਼ਾਂ ਦੇ ਪ੍ਰਵਚਨਾਂ ਰਾਹੀਂ ਉਨ੍ਹਾਂ ਦੀ ਸੰਗਤ ਪ੍ਰਾਪਤ ਹੈ। ਆਪ ਸਹਿਜੇ ਹੀ ਆਤਮ ਮਾਰਗ ਦੇ ਸੱਚੇ ਪਾਂਧੀ ਬਣਨ ਯੋਗ ਹੋ।

# ਨਿਮਖ ਸਿਮਰਤ ਜਿਤੁ ਛੂਟੈ
# (ਭਾਈ ਭੂਮੀਆ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਸ਼ਾਨ ......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਸ਼ਬਦ - ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ॥*
*ਕਾਰਨ ਕਵਨ ਅਬੋਲ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ॥ ਅੰਗ - 694*

ਸਾਧ ਸੰਗਤ ਜੀ! ਚਿਤ ਬਿਰਤੀਆਂ ਨੂੰ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਦਾ ਧਿਆਨ ਧਰੋ, ਕੰਨਾਂ ਦੇ ਨਾਲ ਬਾਨੀ ਸਰਵਣ ਕਰੋ, ਰਸਨਾ ਦੇ ਨਾਲ ਗਜ ਵਜ ਕੇ ਬੋਲੋ ਤੇ ਬੁੱਧੀ ਦੇ ਨਾਲ ਵਿਚਾਰ ਕਰਕੇ ਹਿਰਦੇ ਵਿਚ ਧਾਰਨ ਕਰੋ। ਜਦੋਂ ਅਸੀਂ ਇਸ ਤਰ੍ਹਾਂ ਬਾਣੀ ਪੜ੍ਹਾਂਗੇ, ਸੁਣਾਂਗੇ, ਗਾਵਾਂਗੇ, ਵਿਚਾਰਾਂਗੇ, ਮਹਾਰਾਜ ਕਹਿੰਦੇ ਫਿਰ ਫਲ ਮਿਲਦੈ, ਕਿਉਂਕਿ ਆਉਂਦੀ ਤਾਂ ਸਾਰੀ ਦੁਨੀਆ ਹੈ-

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥ ਅੰਗ - 669*

ਗਾਉਂਦੇ ਵੀ ਨੇ, ਮਸਤਕ ਵੀ ਨਿਵਾਉਂਦੇ ਨੇ, ਯਥਾਸ਼ਕਤ ਭੇਟਾ ਵੀ ਗੁਰੂ ਚਰਨਾਂ 'ਚ ਚੜ੍ਹਾਉਂਦੇ ਨੇ, ਮਹਾਰਾਜ ਕਹਿੰਦੇ ਹੁਣ ਇਹ ਦੇਖਣਾ ਹੈ ਕਿ ਇਹਨਾਂ ਦਾ ਗਾਇਆ ਸੁਣਿਆ ਥਾਂ ਪੈ ਗਿਆ ਕਿ ਨਹੀਂ ਪੈ ਗਿਆ ਕਿ ਨਹੀਂ। ਵੇਖਣੀਆਂ ਤਾਂ ਇਹੀ ਚੀਜ਼ਾਂ ਨੇ, ਮੈਂ ਐਵੇਂ ਹੀ ਕਹਿ ਦੇਵਾ ਕਿ ਲੇਖੇ 'ਚ ਲਗ ਗਿਆ ਜੀ, ਕਹਿੰਦੇ -

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥*
*ਅੰਗ - 669*

ਜਿਹੜੇ ਗੁਰੂ ਦੇ ਬਚਨ ਨੂੰ ਸਤਿ ਕਰਕੇ ਮੰਨ ਲੈਂਦੇ ਨੇ ਉਹਨਾਂ ਦਾ ਗਾਵਿਆ ਤੇ ਸੁਣਿਆ ਥਾਂ ਪੈ ਜਾਂਦਾ ਹੈ। ਫਲ ਕਿੰਨਾ ਮਿਲਦੈ। ਮਹਾਰਾਜ ਕਹਿੰਦੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਅੰਗ - 546*

ਕਈ ਕਰੋੜ ਯੱਗਾਂ ਦਾ ਫਲ। ਹੈਰਾਨੀ ਵਾਲੀ ਬਾਤ ਮਹਾਰਾਜ ਜੀ ਨੇ ਕਹਿ ਦਿੱਤੀ। ਜੇ ਇਕ ਕਰੋੜ ਯੱਗ ਦਾ ਫਲ ਕਹਿ ਦੇਂਦੇ ਤਾਂ ਵੀ ਅੰਦਾਜਾ ਲਗਾ ਲੈਂਦੇ। ਕਈ ਦਾ ਤਾਂ ਅੰਦਾਜਾ ਲੱਗਦਾ ਨਹੀਂ। ਕਈ ਤਾਂ 10 ਕਰੋੜ ਵੀ ਕਈ ਨੇ, 20 ਕਰੋੜ ਵੀ ਕਈ ਨੇ, 30 ਕਰੋੜ ਵੀ ਕਈ ਨੇ।

ਸੋ ਇਸ ਤਰ੍ਹਾਂ ਕਿੰਨਾ ਵੱਡਾ ਫਲ ਕਲਯੁਗ ਦੇ ਅੰਦਰ ਜੀਵਾਂ ਦਾ ਉਧਾਰ ਕਰਨ ਦਾ ਸਾਧਨ ਗੁਰੂ ਨਾਨਕ ਪਾਤਸ਼ਾਹ ਨੇ ਕਿੰਨਾ ਸੁਖਾਲਾ ਕਰ ਦਿੱਤਾ।

ਪਹਿਲੇ ਯੁੱਗਾਂ ਦੇ ਅੰਦਰ ਹਜ਼ਾਰਾਂ ਸਾਲ ਤਪੱਸਿਆ ਕਰਦੇ ਸੀ -

*ਲਖ ਵਰ੍ਹਿਆਂ ਦੀ ਆਰਜਾ ਕੋਠੇ ਕੋਟਿ ਨ ਮੰਦਿਰ ਸਾਜੇ।*
*ਭਾਈ ਗੁਰਦਾਸ ਜੀ ਦੀ ਵਾਰ 1/5*

ਸਾਦਾ ਖਾ ਕੇ, ਸਾਦੇ ਥਾਂ ਰਹਿ ਕੇ ਵਕਤ ਗੁਜਾਰਦੇ ਸੀ। ਉਮਰ ਬਹੁਤ ਵੱਡੀ ਹੁੰਦੀ ਸੀ। ਲੱਖਾਂ ਵਰ੍ਹਿਆਂ ਦੀ ਹੁੰਦੀ ਸੀ।

ਤ੍ਰੇਤੇ ਯੁੱਗ ਦੇ ਅੰਦਰ 10 ਗੁਣਾ ਘੱਟ ਗਈ। ਦੁਆਪਰ ਦੇ ਅੰਦਰ ਹੋਰ ਦੱਸ ਗੁਣਾ ਘੱਟ ਗਈ। ਹੁਣ ਕਲਯੁਗ ਦੇ ਅੰਦਰ 100 ਸਾਲ ਰਹਿ ਗਈ। ਉਹ ਵੀ ਕੋਈ ਹੀ ਪਹੁੰਚਦਾ ਹੈ। 70 ਤੱਕ ਹੀ ਦਮ ਤੋੜਨਾ ਸ਼ੁਰੂ ਕਰ ਦੇਂਦੇ ਨੇ।

ਸੋ ਇੰਨੀ ਥੋੜ੍ਹੀ ਉਮਰ ਹੈ, ਕੀ ਕਰਿਆ ਜਾਵੇ? ਮਹਾਰਾਜ ਕਹਿੰਦੇ ਪਿਆਰਿਓ! ਸਤਿਸੰਗ ਤੁਹਾਨੂੰ ਪ੍ਰਾਪਤ ਹੋ ਗਿਆ। ਦੋ ਚੀਜ਼ਾਂ ਦਾ ਫਲ ਸਭ ਤੋਂ ਉਤਮ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਅੰਗ - 642*

ਹਰੀ ਦਾ ਕੀਰਤਨ ਹੋਵੇ, ਸਾਧੂ ਦੀ ਸੰਗਤ ਹੋਵੇ, ਇਸ ਤੋਂ ਵੱਡਾ ਸੰਸਾਰ ਵਿਚ ਕੋਈ ਕਰਮ ਨਹੀਂ ਹੈ। ਲੇਕਿਨ ਮਿਲਦਾ ਕਿਸਨੂੰ ਹੈ।

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੂਰਬ ਲਿਖੇ ਕਾ ਲਹਨਾ॥ ਅੰਗ - 642*

ਜਿਸ ਦੇ ਮੱਥੇ ਵਿਚ ਲੇਖ ਲਿਖਿਆ ਗਿਆ, ਕਹਿੰਦੇ ਉਹਨਾਂ ਨੂੰ ਮਿਲਦੈ। ਹੁਣ ਫਲ ਕਿੰਨਾ।

ਦੋ ਮਹਾ ਰਿਸ਼ੀ ਹੋਏ ਨੇ ਭਾਰਤ ਵਰਸ਼ ਵਿਚ। ਹੋਏ ਤਾਂ ਕਈ ਨੇ, ਵੱਡੇ ਵੱਡੇ ਪੀਰ ਹੋਏ ਨੇ, ਪੈਗੰਬਰ ਹੋਏ ਨੇ, ਲੇਕਿਨ ਭਾਰਤ ਵਰਸ਼ ਨਾਲ ਸਾਡਾ ਸੰਬੰਧ ਹੋਣ ਕਰਕੇ ਇਥੇ ਦੀਆਂ ਗੱਲਾਂ ਬਾਤਾਂ ਕਰਕੇ ਬਜੁਰਗਾਂ ਦੀਆਂ ਗੱਲਾਂ ਕਰਕੇ ਅਸੀਂ ਰਾਹ ਲੈਂਦੇ ਹਾਂ। ਇਥੇ ਦੋ ਮਹਾਂ ਰਿਸ਼ੀ ਸੀ।

ਇਕ ਦਾ ਨਾਮ ਵਸ਼ਿਸ਼ਟ ਸੀ, ਇਕ ਦਾ ਨਾਮ ਵਿਸ਼ਵਾਮਿੱਤਰ ਸੀ। ਇਹ ਦੋਵੇਂ ਹੀ ਸ੍ਰੀ ਰਾਮ ਚੰਦਰ ਜੀ ਦੇ ਸਤਿਕਾਰਯੋਗ ਸਨ। ਜੋ ਵਸ਼ਿਸ਼ਟ ਜੀ ਸੀ, ਉਹ ਅਧਿਆਤਮਕ ਗੁਰੂ ਸੀ, ਉਹਨਾਂ ਦੇ ਵਿਸ਼ਵਾਮਿੱਤਰ ਜੀ ਸ਼ਸ਼ਤਰ ਵਿਦਿਆ ਦੇ ਗੁਰੂ ਸੀ। ਦੋਹਾਂ ਦਾ ਸੰਵਾਦ ਹੋ ਗਿਆ। ਇਕ ਤਾਂ ਹੁੰਦਾ ਹੈ ਵਿਵਾਦ। ਵਿਵਾਦ ਹੁੰਦੈ ਝਗੜਾ ਹੋਣਾ। ਸੰਵਾਦ ਹੁੰਦਾ ਹੈ ਸ਼ੁਭ ਵਿਚਾਰ ਹੋਣੀ। ਆਪਣੇ ਆਪਣੇ ਵਿਚਾਰ ਦੱਸਣੇ ਤੇ ਫਿਰ ਕਿਸੇ ਨਿਰਣੇ ਤੇ ਪਹੁੰਚਣਾ। ਵਿਚਾਰ ਇਹ ਹੋ ਰਹੀ ਸੀ ਕਿ ਵਸ਼ਿਸ਼ਟ ਜੀ ਨੇ ਕਿਹਾ, "ਵਿਸ਼ਵਾਮਿੱਤਰ ਜੀ! ਤੁਸੀਂ ਤਪ ਬਹੁਤਾ ਕਰਦੇ ਹੋ, ਪਰ ਜੇ ਸ਼ਰਧਾ ਧਾਰ ਕੇ, ਨਿਮਰਤਾ ਦੇ ਨਾਲ ਆ ਕੇ, ਜੇ ਗੁਰੂ ਦਰਬਾਰ ਵਿਚ ਬੈਠ ਕੇ ਹਰੀ ਦਾ ਜਸ ਸੁਣ ਲਵੇ ਸਤਿਸੰਗ ਕਰ ਲਵੇ, ਉਹਦਾ ਫਲ ਜਿਆਦਾ ਹੋਇਆ ਕਰਦਾ ਹੈ।"

ਵਿਸ਼ਵਾਮਿੱਤਰ ਕਹਿਣ ਲੱਗੇ, "ਬਿਲਕੁਲ ਨਹੀਂ, ਤਪ ਕਰਨਾ ਖੇਡ ਹੈ, ਠੰਡਾ ਪਾਣੀ ਹੋਵੇ, ਠੰਡ ਦਾ ਮੌਸਮ ਹੋਵੇ, ਕੋਰਾ ਜੰਮਦਾ ਹੋਵੇ, ਦਰਿਆ ਵਿਚ ਜਾ ਕੇ ਖੜੇ ਹੋ ਜਾਣਾ, ਘੰਟਿਆ ਬੱਧੀ, ਕਈ ਵਾਰ ਸਾਰੀ ਰਾਤ ਖੜੇ ਰਹਿਣਾ। ਗਰਮੀ ਪੈਂਦੀ ਹੋਵੇ, ਜੇਠ ਹਾੜ ਦਾ ਮਹੀਨਾ ਹੋਵੇ ਤੇ ਧੂਣੀਆਂ ਆਲੇ ਦੁਆਲੇ ਲਾ ਲੈਣੀਆਂ, ਤਪੀ ਹੋਈ ਧਰਤੀ ਤੇ ਬੈਠੇ ਰਹਿਣਾ, ਖੜੇ ਰਹਿਣਾ, ਪੁੱਠੇ ਲਟਕਦੇ ਰਹਿਣਾ, ਇਹਦਾ ਮੁਕਾਬਲਾ ਸਤਿਸੰਗ ਕੀ ਕਰ ਲਵੇਗਾ।"

ਫੈਸਲਾ ਨਾ ਹੋਇਆ ਤੇ ਅਖੀਰ ਕਹਿਣ ਲੱਗੇ ਕਿ ਚਲੋ ਆਪਾਂ ਬ੍ਰਹਮਾ ਜੀ ਤੋਂ ਪੁੱਛ ਲੈਂਦੇ ਹਾਂ।

ਬ੍ਰਹਮਾ ਜੀ ਕੋਲ ਪਹੁੰਚੇ। ਕਹਿਣ ਲੱਗੇ, "ਭਾਈ ਤੁਸੀਂ ਸ਼ਿਵ ਜੀ ਤੋਂ ਪੁੱਛ ਲਵੋ।"

ਜਦ ਉਥੇ ਪਹੁੰਚੇ ਤਾਂ ਉਹਨਾਂ ਨੇ ਜਵਾਬ ਦੇ ਦਿੱਤਾ ਕਿ ਵਿਸ਼ਨੂੰ ਜੀ ਕੋਲ ਜਾਉ।

ਵਿਸ਼ਨੂੰ ਜੀ ਨੇ ਵਿਚਾਰਿਆ ਕਿ ਇਹਨਾਂ ਨੂੰ ਪ੍ਰਤੱਖ ਦਿਖਾਏ ਤੋਂ ਬਗੈਰ ਇਹਨਾਂ ਦਾ ਨਿਹਚਾ ਨਹੀਂ ਬਣਨਾ। ਇਸ ਕਰਕੇ ਇਹਨਾਂ ਨੂੰ ਸ਼ੇਸ਼ਨਾਗ ਕੋਲ ਭੇਜ ਦਿੱਤਾ।

ਸ਼ੇਸ਼ਨਾਗ ਪਾਸ ਜਾਂਦੇ ਨੇ ਤੇ ਸ਼ੇਸ਼ਨਾਗ ਕਹਿਣ ਲੱਗਾ, "ਬਈ ਮੇਰੇ ਕੋਲ ਜਿਹੜੀ ਡਿਊਟੀ ਹੈ, ਮੈਂ 2000 ਵਾਰੀ ਵਾਹਿਗੁਰੂ ਦਾ ਨਵਾਂ ਨਾਮ ਉਚਾਰਨ ਕਰਦਾ ਹਾਂ। ਇਹ ਨਾਮ ਦੀ ਸ਼ਕਤੀ ਨਾਲ ਖੰਡ ਬ੍ਰਹਿਮੰਡ ਖੜੇ ਨੇ।

***ਨਾਮ ਕੇ ਧਾਰੇ ਖੰਡ ਬ੍ਰਹਮੰਡ॥*** ***ਅੰਗ - 284***

ਇਹ ਹਿੱਲ ਜਾਣਗੇ, ਹਿੱਲ ਕੇ ਆਪਸ ਵਿਚ ਟਕਰਾ ਕੇ ਖਤਮ ਹੋ ਜਾਣਗੇ। ਇਸ ਕਰਕੇ ਪਹਿਲਾਂ ਮੈਨੂੰ ਫਲ ਦੇਵੋ ਤਾਂ ਕਿ ਮੈਂ ਤੁਹਾਡੇ ਨਾਲ ਗੱਲ ਕਰਨ ਲਈ ਟਾਈਮ ਕੱਢਾਂ।

ਵਿਸ਼ਵਾਮਿੱਤਰ ਕਹਿਣ ਲੱਗਾ, "ਮੈਂ ਤੁਹਾਨੂੰ 10 ਹਜ਼ਾਰ ਸਾਲ ਦੀ ਤਪੱਸਿਆ ਦਾ ਫਲ ਦਿੰਦਾ ਹਾਂ।"

ਧਰਤੀਆਂ ਡੋਲਦੀਆਂ ਨੇ, ਕਹਿੰਦੀਆਂ ਹੋਰ ਦੇਹ।

ਦੇਂਦੇ ਦੇਂਦੇ ਨੇ 58 ਹਜ਼ਾਰ ਸਾਲ ਉਸ ਨੇ ਤਪੱਸਿਆ ਕੀਤੀ ਸੀ, ਸਾਰਾ ਫਲ ਦੇ ਦਿੱਤਾ।

ਕਹਿੰਦੇ, "ਹੋਰ ਦੇਹ।"

ਕਹਿੰਦੇ, "ਹੋਰ ਤਾਂ ਹੈ ਨਹੀਂ।"

ਕਹਿੰਦੇ, "ਫਿਰ ਤਾਂ ਅਜੇ ਧਰਤੀਆਂ ਡੋਲਦੀਆਂ ਨੇ, ਮੈਂ ਗੱਲ ਕਿਵੇਂ ਕਰਾਂ।"

ਕਹਿੰਦੇ, "ਚੰਗਾ ਵਸ਼ਿਸ਼ਟ ਜੀ ਤੁਸੀਂ ਦਿਓ ਫਲ।"

ਕਹਿੰਦੇ, "ਸ਼ੇਸ਼ਨਾਗ ਜੀ ਮੈਂ ਬਹੁਤਾ ਫਲ ਨਹੀਂ ਦੇਂਦਾ।

ਜੋ ਸ਼ੇਸ਼ਨਾਗ ਹੈ ਉਹ ਗਰੈਵਿਟੀ ਦੀ ਸ਼ਕਤੀ ਹੈ। ਉਹ ਜਿਹੜਾ ਸਾਰੇ ਬ੍ਰਹਿਮੰਡਾਂ ਨੂੰ ਖਿੱਚ ਕੇ ਥਾਂ ਤੇ ਰੱਖਦੈ, ਜਿਹਨਾਂ ਨੂੰ ਗਰੁਤਵ ਸ਼ਕਤੀ ਕਹਿੰਦੇ ਨੇ।

ਵਸ਼ਿਸ਼ਟ ਜੀ ਕਹਿਣ ਲੱਗੇ, "ਮੈਂ ਜਿਆਦਾ ਨਹੀਂ ਸਿਰਫ 100 ਮਿੰਟ ਸਤਿਸੰਗ ਕੀਤਾ ਹੋਇਆ, ਮਨ ਚਿਤ ਲਾ ਕੇ, ਸ਼ਰਧਾ ਦੇ ਨਾਲ ਉਹਦਾ ਫਲ ਦਿੰਦਾ ਹਾਂ।"

ਜਦ ਉਹਦਾ ਫਲ ਦਿੱਤਾ। ਸਾਰੀਆਂ ਧਰਤੀਆਂ ਰੁਕ ਗਈਆਂ। ਨਾ ਕੋਈ ਡੋਲ ਰਹੀ ਹੈ, ਸੂਰਜ ਆਪਣੀ ਚਾਲ ਤੇ ਹੈ, ਚੰਦਰਮਾ ਆਪਣੀ ਤੇ ਹੈ, ਧਰਤੀਆਂ ਬ੍ਰਹਿਮੰਡ ਜਿੰਨੇ ਵੀ ਹੈ ਗ੍ਰਹਿ ਵਗੈਰਾ ਸਾਰੇ ਆਪਣੀ ਆਪਣੀ ਚਾਲ ਤੇ ਹਨ।

ਕਹਿੰਦੇ, "ਹੁਣ ਮੈਂ ਫੈਸਲਾ ਕੀ ਕਰਨਾ ਹੈ, ਫੈਸਲਾ ਤਾਂ ਹੋ ਗਿਆ। ਤੁਸੀਂ ਪ੍ਰਤੱਖ ਦੇਖ ਲਿਆ। ਵਿਸ਼ਵਾਮਿੱਤਰ ਨੇ 58 ਹਜ਼ਾਰ ਸਾਲ ਦਾ ਤੱਪ ਦਿੱਤਾ ਤੇ ਵਸ਼ਿਸ਼ਟ ਨੇ ਸਿਰਫ ਚਾਰ ਘੜੀ (100 ਮਿੰਟ) ਸਤਿਸੰਗ ਦਾ ਫਲ ਦਿੱਤਾ।

ਸੋ ਐਸਾ ਧਰਮ ਗ੍ਰੰਥਾਂ ਦਾ ਜੋ ਨਿਹਚਾ ਹੈ, ਮਹਾਂਪੁਰਸ਼ਾਂ ਨੇ ਲਿਖਿਆ ਹੋਇਆ ਉਹਦੇ ਮੁਤਾਬਿਕ ਗੁਰੂ ਮਹਾਰਾਜ ਕਹਿੰਦੇ ਨੇ ਪਿਆਰਿਓ ਇਸ ਤੋਂ ਵੀ ਵੱਧ ਹੈ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***

***ਅੰਗ - 546***

ਕਈ ਕਰੋੜ ਯੱਗਾਂ ਦਾ ਫਲ ਮਿਲਦੈ। ਜਿਹੜੇ ਸੁਣਦੇ ਨੇ ਗਾਉਂਦੇ ਨੇ, ਫਿਰ ਮੰਨ ਲੈਂਦੇ ਨੇ।

ਸੋ ਆਪਣੇ ਕੋਲ ਵੱਡਾ ਭਾਰਾ ਇਕ ਸਮਾਂ ਸਾਨੂੰ ਮਿਲਿਆ ਹੈ। ਜੋ ਸਾਡੀ ਜਿੰਦਗੀ ਦੇ ਅੰਦਰ ਸੁਨਹਿਰੀ ਸਮਾਂ ਗਿਣਿਆ ਜਾਏਗਾ। ਇਹਦੇ ਵਿਚ ਮਨ ਚਿਤ ਲਾ ਕੇ

ਸਤਿਸੰਗ ਕਰ ਲਵੋ। ਬੇਅੰਤ ਬੇਅੰਤ ਫਲ ਸਾਨੂੰ ਪ੍ਰਾਪਤ ਹੋ ਜਾਵੇਗਾ।

ਸੋ ਕਰਨ ਦਾ ਤਰੀਕਾ ਇਹ ਹੈ ਕਿ ਜਦ ਘਰ ਤੋਂ ਅਸੀਂ ਚਲਦੇ ਹਾਂ, ਨਿਮਰਤਾ ਸ਼ਰਧਾ ਦੀ ਝੋਲੀ ਲੈ ਕੇ ਚਲੋ, ਇਥੇ ਆ ਕੇ ਚੁੱਪ ਕਰਕੇ ਨਮਸਕਾਰ ਕਰੋ। ਨਮਸਕਾਰ ਕਰਕੇ ਜਿਥੇ ਥਾਂ ਮਿਲਦਾ ਹੈ ਉਥੇ ਬੈਠਣ ਦੀ ਕੋਸ਼ਿਸ਼ ਕਰੋ ਤੇ ਨਿਮਰਤਾ ਹਿਰਦੇ 'ਚ ਧਾਰਨ ਕਰੋ। ਫਿਰ ਮਨ ਚਿਤ ਲਾ ਕੇ ਬਚਨ ਸੁਣੋ, ਫਿਰ ਕਮਾਵੋ, ਕਮਾ ਕੇ ਸਾਡੇ ਜੀਵਨ ਨੂੰ ਪ੍ਰਕਾਸ਼ ਮਿਲ ਜਾਵੇਗਾ। ਰਸਤਾ ਮਿਲ ਜਾਵੇਗਾ।

ਇਕ ਸਤਿਸੰਗ ਹੀ ਜੋ ਮਨ ਚਿਤ ਲਾ ਕੇ ਕਰ ਲਈਏ, ਇਕ ਸਤਿਸੰਗ ਮੰਨਣ ਨਾਲ ਹੀ ਰੋਸ਼ਨੀ ਆ ਜਾਵੇਗੀ, ਗਿਆਨ ਆ ਜਾਵੇਗਾ। ਸੋ ਆਪਾਂ ਸਾਰੇ ਇਸ ਥਾਂ ਤੇ ਇਕੱਤਰ ਹੋਏ ਹਾਂ। ਦੂਰ ਦਰਾਜ ਤੋਂ ਆਪ ਆਏ ਹੋ। ਸੋ ਮਹਾਰਾਜ ਜੀ ਕੋਲ ਬੇਨਤੀ ਕਰੀਏ ਕਿ ਹੇ ਪ੍ਰਭੂ! ਤੁਸੀਂ ਮੇਰੀ ਉਮਰ ਆਪਣੇ ਲੇਖੇ ਵਿਚ ਲਾ ਲਓ।

ਮਰਦਾਨਾ ਤੇ ਗੁਰੂ ਨਾਨਕ ਪਾਤਸ਼ਾਹ ਬੈਠੇ ਨੇ। ਮਹਾਰਾਜ ਜੀ ਸਮਾਧੀ ਸਥਿਤ ਹੋ ਗਏ ਤੇ ਮਰਦਾਨਾ ਘੁੰਮਣ ਲੱਗ ਪਿਆ। ਕਬਰਿਸਤਾਨ ਵਿਚ ਪਹੁੰਚ ਜਾਂਦਾ ਹੈ। ਉਥੇ ਜਿਥੇ ਬੰਦੇ ਦੱਬੇ ਹੋਏ ਨੇ, ਉਹਨਾਂ ਦੇ ਸਿਰਹਾਣੇ 1-1 ਪੱਥਰ ਲੱਗਾ ਹੋਇਆ ਹੈ। ਉਹਦੀ ਉਮਰ ਉਸ ਪੱਥਰ ਤੇ ਲਿਖੀ ਹੋਈ ਹੈ, ਉਹ ਪੜ੍ਹਦਾ ਹੈ ਕਿ ਕਿਸੇ ਤੇ ਚਾਰ ਸਾਲ, ਕਿਸੇ ਤੇ ਪੰਜ ਸਾਲ, ਕਿਸੇ ਤੇ ਢਾਈ ਸਾਲ, ਕਿਸੇ ਤੇ 10 ਸਾਲ। ਹੈਰਾਨ ਹੋ ਕੇ ਮਹਾਰਾਜ ਜੀ ਕੋਲ ਆ ਗਿਆ।

ਮਹਾਰਾਜ ਕਹਿਣ ਲੱਗੇ, "ਕੀ ਗੱਲ ਮਰਦਾਨਿਆ?"

ਕਹਿਣ ਲੱਗਾ, "ਸੱਚੇ ਪਾਤਸ਼ਾਹ! ਮੈ ਕਬਰਿਸਤਾਨ ਚਲਿਆ ਗਿਆ ਸੀ, ਉਥੇ ਉਮਰ ਬੜੀ ਥੋੜੀ ਲਿਖੀ ਹੋਈ ਹੈ। ਇਸ ਨਗਰ ਦਾ ਵਾਧਾ ਕਿਵੇਂ ਹੁੰਦਾ ਹੈ।"

ਮਹਾਰਾਜ ਕਹਿੰਦੇ, "ਇਉ ਕਰ ਪਿੰਡ ਵਿਚ ਜਾਹ, ਨਾਲੇ ਪ੍ਰਸ਼ਾਦਾ ਛਕ ਆ, ਨਾਲੇ ਕਿਸੇ ਸਿਆਣੇ ਨੂੰ ਪੁੱਛ ਲਵੀਂ, ਉਹ ਤੈਨੂੰ ਇਸ ਗੱਲ ਦਾ ਭੇਦ ਖੋਲ ਕੇ ਦੱਸ ਦੇਣਗੇ।"

ਨਗਰ ਨੇੜੇ ਹੀ ਸੀ, ਉਥੇ ਚਲਿਆ ਗਿਆ। ਦੇਖ ਕੇ ਹੈਰਾਨ ਹੋ ਗਿਆ। ਦਰਵਾਜੇ ਤੇ ਅੰਦਰ ਦੋਹੀਂ ਪਾਸੇ ਬਜੁਰਗ ਬੈਠੇ ਨੇ, ਸਫਾ ਵਿਛੀਆਂ ਹੋਈਆਂ ਨੇ, ਜੋੜੇ ਲਾਹੇ ਹੋਏ ਨੇ, ਬੜੇ ਸਤਿਕਾਰ ਨਾਲ ਇਕ ਬਜੁਰਗ ਬੈਠਾ ਬਚਨ ਕਰ ਰਿਹਾ ਤੇ ਬਾਕੀ ਸੁਣ ਰਹੇ ਨੇ। ਇਸਨੇ ਵੀ ਜਾ ਕੇ ਸਤਿ ਕਰਤਾਰ ਦੀ ਆਵਾਜ਼ ਦਿੱਤੀ।

ਉਹਨਾਂ ਨੇ ਪਰਦੇਸੀ ਜਾਣ ਕੇ ਆਦਰ ਸਤਿਕਾਰ ਦਿੱਤਾ ਤੇ ਕਹਿਣ ਲੱਗੇ ਕਿ ਭਾਈ ਕਿਵੇਂ ਆਏ ਹੋ, ਕੀ ਨਾਉਂ ਹੈ ਤੁਹਾਡਾ?

ਮਰਦਾਨੇ ਨੇ ਆਪਣਾ ਨਾਮ ਦੱਸਿਆ।

ਕਹਿੰਦੇ, "ਭਾਈ ਮਰਦਾਨਾ ਦੱਸੋ ਕਿਵੇਂ ਆਏ ਹੋ?"

ਕਹਿੰਦੇ, ਬਜ਼ੁਰਗੋ! ਮੈਂ ਤਾਂ ਗੁਰੂ ਨਾਨਕ ਪਾਤਸ਼ਾਹ ਦਾ ਢਾਡੀ ਹਾਂ, ਆਹ ਤੁਹਾਡੇ ਕਬਰਿਸਤਾਨ 'ਚ ਘੁੰਮਦਾ ਸੀ, ਉਥੇ ਸਾਰਿਆਂ ਦੀ ਉਮਰ ਬੜੀ ਥੋੜੀ ਲਿਖੀ ਹੋਈ ਹੈ। ਕਿਸੇ ਦੀ ਪੰਜ ਸਾਲ, 6 ਸਾਲ, ਢਾਈ ਸਾਲ, ਤਿੰਨ ਸਾਲ, ਦੱਸ ਸਾਲ ਹੈ ਵੱਧ ਤੋਂ ਵੱਧ। ਇਸ ਨਗਰ ਦਾ ਗੁਜਾਰਾ ਕਿਵੇਂ ਚਲਦਾ ਹੈ, ਤੁਸੀਂ ਵੱਡੀ ਉਮਰ ਵਾਲੇ ਹੋ ਤੇ ਤੁਹਾਡਾ ਕਬਰਿਸਤਾਨ ਹੋਰ ਪਾਸੇ ਹੈ।"

ਕਹਿੰਦੇ, "ਨਹੀਂ ਭਾਈ ਮਰਦਾਨਾ, ਬੈਠ ਜਾ ਤੈਨੂੰ ਸਮਝਾਉਂਦੇ ਹਾਂ। ਇਸ ਸੰਸਾਰ ਦੇ ਅੰਦਰ ਚਾਰ ਕਿਸਮ ਦੇ ਬੰਦੇ ਹੋਇਆ ਕਰਦੇ ਨੇ। ਇਕਨਾਂ ਨੂੰ ਤਾਮਰ ਕਹਿੰਦੇ ਹਨ। ਇਹ ਉਹ ਹੁੰਦੇ ਨੇ ਜੋ ਨਾ ਰੱਬ ਨੂੰ ਜਾਨਣ, ਨਾ ਗੁਰੂ ਨੂੰ ਜਾਨਣ, ਨਾ ਸਤਿਸੰਗ ਨੂੰ ਜਾਨਣ, ਨਾ ਕਿਸੇ ਫਲ ਨੂੰ, ਨਾ ਕਿਸੇ ਧਰਮ ਗ੍ਰੰਥ ਨੂੰ, ਕਿਸੇ ਨੂੰ ਨਹੀਂ ਜਾਣਦੇ, ਕਿਸੇ ਦਾ ਸਤਿਕਾਰ ਨਹੀਂ ਕਰਦੇ। ਉਹ ਆਪਣੇ ਮਨ ਦੇ ਪਿਛੇ ਲੱਗ ਕੇ ਆਪਣਾ ਜੀਵਨ ਪਸ਼ੂਆਂ ਵਾਂਗ ਗੁਜਾਰ ਕੇ ਚਲੇ ਜਾਂਦੇ ਨੇ। ਉਹ ਬੰਦੇ ਤਾਮਰ ਕਹਾਉਂਦੇ ਨੇ।

ਦੂਸਰੇ ਹੋਇਆ ਕਰਦੇ ਨੇ ਭੋਗੀ। ਭੋਗੀ ਬੰਦੇ ਭੋਗਾਂ ਵਿਚ ਪਰਵਿਰਤ ਹੋ ਜਾਂਦੇ ਨੇ। ਖਾਣ ਪੀਣ ਵਿਚ, ਪਹਿਨਣ ਵਿਚ, ਹੋਰ ਚੀਜ਼ਾਂ ਦੇ ਨਾਲ ਮਨ ਲਾ ਬੈਠਦੇ ਨੇ। ਤੀਸਰੇ ਹੋਇਆ ਕਰਦੇ ਨੇ ਜਗਿਆਸੂ। ਇਹਨਾਂ ਦੇ ਮਨ ਵਿਚ ਸ਼ੌਕ ਹੁੰਦਾ ਹੈ। ਬਈ ਵਾਹਿਗੁਰੂ ਦੀ ਭਗਤੀ ਕਰੀਏ, ਨਾਮ ਜਪੀਏ, ਗੁਰੂ ਵਾਲੇ ਬਣੀਏ, ਤੇ ਜਨਮ ਬਿਰਥਾ ਜਾ ਰਿਹਾ ਹੈ ਇਸ ਨੂੰ ਕਿਸੇ ਲੇਖੇ ਵਿਚ ਲਾਈਏ।

ਚੌਥੇ ਹੋਇਆ ਕਰਦੇ ਨੇ ਮੁਕਤ ਪੁਰਸ਼। ਇਹ ਉਹ ਹੁੰਦੇ ਨੇ ਜਿਹੜੇ ਰੱਬ ਵਲੋਂ ਭੇਜੇ ਜਾਂਦੇ ਨੇ ਤੇ ਨਾਲ ਹੁਕਮ ਹੁੰਦਾ ਹੈ ਬਈ ਆਪ ਵੀ ਨਾਮ ਜਪਣਾ ਹੈ ਤੇ ਸੰਸਾਰ ਨੂੰ ਵੀ ਜਪਾਉਣਾ ਹੈ। ਇਹ ਜਨਮ ਮਰਣ ਵਿਚ ਨਹੀਂ ਹੁੰਦੇ –

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***

***ਅੰਗ - 749***

ਇਹਨਾਂ ਨੂੰ ਗੁਰਮੁਖ ਪਿਆਰੇ, ਸੰਤ, ਸਾਧੂ, ਆਰਫ ਇਸ ਤਰ੍ਹਾਂ ਦੇ ਨਾਮ ਦਿੱਤੇ ਜਾਂਦੇ ਨੇ।

ਸੋ ਭਾਈ ਮਰਦਾਨਾ ਜੋ ਸਾਡਾ ਨਗਰ ਹੈ। ਇਹਦੇ ਵਿਚ ਦੋ ਕਿਸਮ ਦੇ ਬੰਦੇ ਨਹੀਂ ਹਨ। ਨਾ ਤਾਂ ਪਾਮਰ ਤੇ ਨਾ ਹੀ ਭੋਗੀ। ਇਥੇ ਜਗਿਆਸੂ ਨੇ।

ਸਾਡੀ ਰੀਤ ਹੈ ਕਿ ਜਦੋਂ ਬੱਚਾ 5 ਸਾਲ ਦਾ ਹੁੰਦਾ ਹੈ ਉਸ ਵੇਲੇ ਮਾਂ-ਬਾਪ ਉਸਨੂੰ ਪ੍ਰਮੇਸ਼ਰ ਵੱਲ ਲਾ ਦਿੰਦੇ ਨੇ। ਅਸੀਂ ਇਕ ਡਾਇਰੀ ਦੇ ਦਿੰਦੇ ਹਾਂ। ਜਿਹਦੇ ਉਪਰ ਮਾਂ ਬਾਪ ਦਿਨ ਤੋਂ ਬਾਅਦ ਜਦ ਰਾਤ ਪੈਂਦੀ ਹੈ ਤਾਂ ਬੱਚੇ ਨੂੰ ਪੁਛਦੇ ਨੇ ਬੇਟਾ ਕਿੰਨਾ ਭਜਨ ਕਰਿਆ, ਕਿੰਨੀ ਮਾਲਾ ਫੇਰੀ, ਕਿੰਨੇ ਪਾਠ ਕਰੇ। ਜਿੰਨਾ ਦੱਸਦਾ ਹੈ ਉਨਾ ਟਾਈਮ ਕੱਢ ਕੇ ਲਿਖ

ਦਿੰਦੇ ਨੇ। ਜਦੋਂ 18 ਸਾਲ ਦਾ ਬੱਚਾ ਹੋ ਜਾਂਦਾ ਹੈ ਉਸ ਦਿਨ ਸਾਡੀ ਪੰਚਾਇਤ ਜੁੜਦੀ ਹੈ। ਜੁੜੀ ਹੋਈ ਪੰਚਾਇਤ ਉਸਨੂੰ ਇਕ ਵਹੀ ਦਿੰਦੀ ਹੈ ਕਿ ਲੈ ਬਈ ਹੁਣ ਤੂੰ ਹੋ ਗਿਆ 18 ਸਾਲ ਦਾ, ਸਮਝ ਤੈਨੂੰ ਆ ਗਈ ਹੈ, ਤੂੰ ਹੁਣ ਰਾਤ ਨੂੰ ਪੈਣ ਵੇਲੇ ਸਾਰੇ ਦਿਨ ਦਾ ਲੇਖਾ ਕਰਨਾ ਹੈ ਕਿ ਕਿੰਨਾ ਸਮਾਂ ਪ੍ਰਮੇਸ਼ਰ ਦੇ ਲੇਖੇ ਲੱਗ ਗਿਆ। ਉਹ ਤੂੰ ਲਿਖੀ ਜਾਈ।

ਭਾਈ ਮਰਦਾਨਾ ਇਸ ਤਰ੍ਹਾਂ ਜਦ ਉਹਦੀ ਉਮਰ ਪੂਰੀ ਹੁੰਦੀ ਹੈ ਤਾਂ ਸਾਡੀ ਪੰਚਾਇਤ ਵਹੀ ਤੇ ਡਾਇਰੀ ਲੈ ਕੇ ਦੋਨੋਂ ਸਮੇਂ ਗਿਣ ਕੇ ਜਿੰਨਾ ਸਮਾਂ ਬਣਦਾ ਹੈ ਉਹ ਅਸੀਂ ਉਹਦੇ ਸਿਰਹਾਣੇ ਲਿਖ ਦਿੰਦੇ ਹਾਂ ਬਈ ਇਹਦੀ ਇੰਨੀ ਉਮਰ ਹੀ ਲੇਖੇ ਵਿਚ ਲੱਗੀ ਹੈ, ਬਾਕੀ ਨਹੀਂ ਲੱਗੀ।

ਸੋ ਇਸ ਕਰਕੇ –

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜਰੇ।*

*ਭਾਈ ਵੀਰ ਸਿੰਘ ਜੀ*

ਕਹਿੰਦੇ ਉਮਰ ਓਹੀ ਲੇਖੇ ਵਿਚ ਹੈ ਜੋ ਵਾਹਿਗੁਰੂ ਦੀ ਯਾਦ ਵਿਚ ਲੰਘਦੀ ਹੈ। ਬਾਕੀ ਤਾਂ ਫਜ਼ੂਲ ਲੰਘ ਗਈ।

ਜੇ ਹੁਣ ਆਪਾਂ ਵਿਚਾਰ ਕਰੀਏ ਬਈ ਸਾਡੀ ਕਿੰਨੀ ਕੁ ਲੰਘਦੀ ਹੈ ਵਾਹਿਗੁਰੂ ਦੀ ਯਾਦ ਵਿਚ। ਮੰਨ ਲਓ ਕਿ ਉਮਰ 75 ਸਾਲ ਦੀ ਹੈ। 75 ਸਾਲ ਦੇ ਵਿਚ 66 ਕਰੋੜ 44 ਲੱਖ ਸਵਾਸ ਮਿਲੇ ਹੁੰਦੇ ਹਨ। ਇਹਨਾਂ ਸਵਾਸਾਂ ਦੇ ਵਿਚੋਂ ਪਹਿਲਾਂ ਤਾਂ ਬਚਪਨ ਲੰਘ ਗਿਆ 5 ਸਾਲ, ਕੁਝ ਪਤਾ ਹੀ ਨਹੀਂ ਹੁੰਦਾ। ਰਹਿ ਗਏ 70 ਸਾਲ, 5 ਤੋਂ ਲੈ ਕੇ 18 ਸਾਲ ਤੱਕ ਦੀ ਉਮਰ ਜਿਹੜੀ ਹੈ ਉਹ ਪੜ੍ਹਦਿਆਂ ਲਿਖਦਿਆਂ ਲੰਘ ਗਈ। ਜਾਂ ਹੋਰ ਕੰਮ ਕਰਦਿਆਂ ਲੰਘ ਗਈ। ਸੁਰਤ ਨਾ ਆਈ ਕਿਸੇ ਮਹਾਂਪੁਰਸ਼ ਦਾ ਮੇਲ ਨਾ ਹੋਇਆ। ਇਹ ਵੀ ਗਈ। 18 ਸਾਲ ਲੰਘ ਗਏ। ਰਹਿ ਗਏ 57 ਸਾਲ। 57 ਸਾਲਾਂ ਵਿਚ ਜੇ 18 ਸਾਲ ਲੰਘਣ ਤੋਂ ਬਾਅਦ ਗੁਰੂ ਧਾਰਨ ਕਰ ਲਿਆ ਤੇ ਨਿਤਨੇਮ ਕਰਨ ਲੱਗ ਪਿਆ ਤਾਂ 5 ਬਾਣੀਆਂ ਅੱਧੇ ਘੰਟੇ ’ਚ ਹੋ ਜਾਂਦੀਆਂ ਹਨ। ਹੌਲੀ ਪੜ੍ਹਨ ਵਾਲਾ 40 ਮਿੰਟ ਜਾਂ 50 ਮਿੰਟ ਲਾਵੇਗਾ। ਉਹਦੇ ਵਿਚ ਇਹ ਹੁੰਦਾ ਹੈ ਕਿ ਮਨ ਟਿਕਿਆ ਕਿ ਨਹੀਂ ਟਿਕਿਆ। ਮਨ ਦੌੜਦਾ ਏ, ਛਾਲਾਂ ਮਾਰਦਾ ਹੈ। ਉਨਾ ਸਮਾਂ ਲੇਖੇ ਵਿਚ ਪੈਂਦਾ ਹੈ ਜੋ ਧਿਆਨ ਵਿਚ ਲੱਗਿਆ।

ਦੂਜੇ ਉਹ ਨੇ ਜਿਹੜੇ ਹਿੰਮਤ ਕਰਕੇ ਢਾਈ ਘੰਟੇ ਬੰਦਗੀ ਕਰਦੇ ਨੇ, ਮੀਂਹ ਆਵੇ ਕੁਛ ਹੋਵੇ ਉਹਨਾਂ ਨੇ ਢਾਈ ਘੰਟੇ ਬੈਠ ਕੇ ਪ੍ਰਮੇਸ਼ਰ ਦਾ ਨਾਮ ਜਪਣਾ ਹੀ ਜਪਣਾ ਹੈ। ਆਪਣੇ ਸਵਾਸਾਂ ਦਾ ਦਸਵੰਧ ਦੇਣਾ ਹੈ।

ਜੇ ਆਪਾਂ ਇਹ ਲਾ ਲਈਏ ਕਿ 18 ਸਾਲ ਤੋਂ ਲੈ ਕੇ ਬਾਕੀ ਦੀ ਉਮਰ ਸਾਰੀ ਦੇ ਵਿਚ ਉਹਨੇ ਢਾਈ ਘੰਟੇ ਰੋਜ਼ ਨਾਮ ਜਪਿਆ ਤਾਂ ਕਿੰਨੀ ਉਮਰ ਬਣੀ। ਇਹ ਸਾਰੀ 5 ਸਾਲ 7 ਮਹੀਨੇ ਦੀ ਬਣੀ। ਥੋੜ੍ਹੀ ਜਿਹੀ ਉਮਰ ਬਣੀ ਜਿਹੜੀ ਰੱਬ ਦੇ ਲੇਖੇ ਵਿਚ ਪੈਂਦੀ ਹੈ, ਇਸ ਤੋਂ ਵੀ ਘੱਟ ਬਣਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, “ਭਾਈ ਮਰਦਾਨਾ! ਜਿਹੜੀ ਉਮਰ ਪ੍ਰਮੇਸ਼ਰ ਦੇ ਲੇਖੇ ਵਿਚ ਲੱਗਦੀ ਹੈ ਉਹੀ ਉਮਰ ਅਸੀਂ ਲਿਖਦੇ ਹਾਂ। ਬਾਕੀ ਤਾਂ ਗਈ। ਬਾਕੀ ਸਾਡੀ ਕਿਥੇ ਗਈ। ਮਹਾਰਾਜ ਕਹਿੰਦੇ –

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥ ਅੰਗ - 267*

ਕਾਮ ਵਿਚ, ਕ੍ਰੋਧ ਵਿਚ, ਮੋਹ, ਅਹੰਕਾਰ, ਨਿੰਦਿਆ, ਬਖੀਲੀ, ਚੁਗਲੀ, ਨਿੰਦਾ। ਇਹਨਾਂ ਵਿਚ ਫੁਰਨਿਆਂ ਕਰਦਿਆ ਦੀ ਉਮਰ ਲੰਘ ਗਈ, ਲੇਕਿਨ ਲੇਖੇ ਵਿਚ ਨਾ ਪਈ।

ਸੋ ਲੇਖੇ ਵਿਚ ਕਿੰਨੀ ਕੁ ਪੈਂਦੀ ਹੈ। ਮਾਂ ਦੇ ਪੇਟ ਵਿਚ ਇਹਨੇ ਬਚਨ ਕਰਿਆ ਕਿ ਹੇ ਪ੍ਰਭੂ! ਮੈਨੂੰ ਇਸ ਅੱਗ ’ਚੋਂ ਕੱਢ ਲੈ, ਮੈਂ 24 ਘੰਟੇ ਨਾਮ ਜਪਾਂਗਾ। ਆਵਾਜ਼ ਆਈ ਕਿ ਹੇ ਜੀਵ! ਜੇ ਤੂੰ ਸੱਚਮੁਚ 24 ਘੰਟੇ ਨਾਮ ਜਪੇਗਾ ਤਾਂ ਤੇਰੇ ਕੰਮ ਸਾਰੇ ਹੀ ਮੈਂ ਕਰੂੰਗਾ। ਤੈਨੂੰ ਪਤਾ ਵੀ ਨਹੀਂ ਲੱਗਣਾ। ਪਰ ਤੇਰੇ ਤੋਂ ਇਹ ਕਰ ਨਹੀਂ ਹੋਣਾ। ਜਾ ਤੈਨੂੰ ਮੈਂ ਮੁਆਫ ਕਰਦਾ ਹੈ। ਇਕ ਤਾਂ ਕਮਾਈ ਵਿਚੋਂ ਦਸਵੰਧ ਦੇਵੀ, ਇਕ ਆਪਣੇ ਸਮੇਂ ਦੇ ਵਿਚੋਂ ਦਸਵਾਂ ਹਿੱਸਾ 2 ਘੰਟੇ 40 ਮਿੰਟ ਇਹ ਰੱਬ ਦੇ ਲੇਖੇ ਲਾ ਦਿਆ ਕਰੀ। ਇਹ 2 ਘੰਟੇ ਹੀ ਮੈਂ ਪ੍ਰਵਾਨ ਕਰ ਲਵਾਂਗਾ। ਲੇਕਿਨ ਲੱਗਦਾ ਕਿੰਨਾ ਕੁ ਹੈ, ਸਮਾਂ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਕਿੰਨਾ ਕੁ ਸਮਾਂ ਹੈ ਜਿਹੜਾ ਪ੍ਰਮੇਸ਼ਰ ਦੇ ਲੇਖੇ ਲੱਗੇ। ਜੇ ਲਾਉਨੇ ਵੀ ਹਾਂ ਜ਼ੋਰ ਨਾਲ ਤਾਂ ਮਨ ਨਹੀਂ ਸਾਥ ਦਿੰਦਾ।

ਮਹਾਰਾਜ ਕਹਿੰਦੇ ਜੇ ਮਨ ਨਹੀਂ ਸਾਥ ਦਿੰਦਾ, ਫਿਰ ਗੱਲ ਨਹੀਂ ਬਣਦੀ –

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥*

*ਅੰਗ - 342*

ਮਨ ਸਾਧਣਾ ਪੈਂਦਾ ਹੈ, ਲੇਖੇ ਵਿਚ ਲਾਉਣਾ ਪੈਂਦਾ ਹੈ।

ਇਕ ਵਾਰੀ ਰਾੜਾ ਸਾਹਿਬ ਵਾਲੇ ਮਹਾਰਾਜ ਜੀ ਦੇ ਚੀਫ ਮਨਿਸਟਰ ਸ. ਪ੍ਰਤਾਪ ਸਿੰਘ ਕੈਰੋਂ ਨੇ ਦਰਸ਼ਨ ਕਰੇ। ਮਹਾਂਪੁਰਸ਼ਾਂ ਨੇ ਕਿਹਾ, “ਵਜੀਰ ਸਾਹਿਬ ਕੁਛ ਰੱਬ ਦੇ ਲੇਖੇ ਵੀ ਟਾਈਮ ਕੱਢਿਆ ਕਰੋ।”

ਕਹਿਣ ਲੱਗਾ, “ਮਹਾਰਾਜ! ਬਹੁਤ ਔਖਾ ਹੈ ਟਾਈਮ ਕੱਢਣਾ, ਸਵੇਰ ਤੋਂ ਰਾਤ ਪੈ ਜਾਂਦੀ ਹੈ, ਮੂੰਹ ਤੇ ਕੱਪੜਾ ਵੀ ਕੋਈ ਦਿੰਦਾ ਹੈ, ਮੈਨੂੰ ਨੀਂਦ ਆ ਜਾਂਦੀ ਹੈ, ਫਿਰ

ਲੋਕੀ ਉਠ ਕੇ ਜਾਂਦੇ ਨੇ, ਦੱਸੋ ਰੱਬ ਦਾ ਨਾਉ ਕਿਹੜੇ ਵੇਲੇ ਲਵਾਂ।"

ਮਹਾਰਾਜ ਕਹਿਣ ਲੱਗੇ, "ਤੂੰ ਇਹ ਦੱਸ ਕਿ ਕਿੰਨਾ ਸਮਾਂ ਕੱਢ ਸਕਦਾ ਹੈ।"

ਕਹਿੰਦਾ, "ਮਹਾਰਾਜ ਮੈਂ 15 ਮਿੰਟ ਟਾਈਮ ਕੱਢ ਸਕਦਾ ਹਾਂ।"

ਮਹਾਰਾਜ ਕਹਿਣ ਲੱਗੇ, "ਜੇ 15 ਮਿੰਟ ਨਾਮ ਜਪ ਲਏ ਨਾ, ਤਾਂ ਵੀ ਬਹੁਤ ਵੱਡੀ ਗੱਲ ਹੈ।"

ਮਹਾਰਾਜ ਜੀ ਨੇ ਮਾਲਾ ਤੇ ਸਿਮਰਨਾ ਦੇ ਦਿੱਤਾ। ਅਸੀਂ ਬੈਠੇ ਹਾਂ ਤੇ ਉਹ ਸਿਮਰਨਾ ਫੇਰੀ ਜਾਂਦਾ ਹੈ ਬਰਾਬਰ।

ਦੀਵਾਨ ਦੀ ਸਮਾਪਤੀ ਹੋਈ ਤਾਂ ਕੈਰੋਂ ਨੂੰ ਕਹਿੰਦੇ ਤੈਂ ਬੋਲਣੈ?

ਸਟੇਜ ਵਾਲੇ ਕਹਿੰਦੇ ਜੀ ਇਹਨਾਂ ਨੇ ਥੋੜਾ ਜਿਹਾ ਬੋਲਣਾ ਹੈ, ਇਜਾਜ਼ਤ ਮਿਲ ਗਈ। ਮਹਾਂਪੁਰਸ਼ਾਂ ਦੀਆਂ ਜੋ ਸਟੇਜਾਂ ਹੁੰਦੀਆਂ ਹਨ, ਇਥੇ ਦੁਨੀਆਦਾਰੀ ਦੀ ਗੱਲ ਨਹੀਂ ਹੁੰਦੀ, ਇਥੇ ਕੇਵਲ ਪ੍ਰਮੇਸ਼ਰ ਦੀ ਬਾਤ ਹੁੰਦੀ ਹੈ, ਬਾਣੀ ਦੀ ਬਾਤ ਹੁੰਦੀ ਹੈ।

ਸੋ ਉਹਨੇ ਖੜੇ ਹੋ ਕੇ ਫਤਹਿ ਬੁਲਾਈ। ਕਹਿਣ ਲੱਗਾ, "ਸਾਧ ਸੰਗਤ ਜੀ, ਮੈਂ ਇਕ ਅਰਦਾਸ ਕਰਾਉਣੀ ਹੈ ਤੁਹਾਡੇ ਤੋਂ, ਉਹ ਤੁਸੀਂ ਮਨ ਚਿਤ ਲਾ ਕੇ ਅਰਦਾਸ ਕਰ ਦਿਓ, ਮੈਂ ਉਹ ਬਚਨ ਹਾਰ ਗਿਆ, ਮਹਾਂਪੁਰਸ਼ਾਂ ਨੂੰ ਕਿਹਾ ਸੀ ਕਿ ਮੈਂ 15 ਮਿੰਟ ਰੱਬ ਦੇ ਲੇਖੇ ਲਾਵਾਂਗਾ ਤੇ ਮੈਂ ਢਾਈ ਘੰਟੇ ਦਾ ਦੀਵਾਨ ਸੁਣਿਆ, ਘੜੀ ਮੇਰੇ ਹੱਥ ਵਿਚ ਫੜੀ ਹੋਈ ਹੈ। ਮੇਰੇ ਢਾਈ ਘੰਟਿਆਂ ਵਿਚੋਂ ਸਿਰਫ ਢਾਈ ਮਿੰਟ ਹੀ ਰੱਬ ਦੇ ਲੇਖੇ ਲੱਗੇ ਹਨ। ਬਾਕੀ ਮੇਰਾ ਮਨ ਦੌੜਦਾ ਰਿਹਾ।

ਸੋ ਆਪ ਸਾਰੇ ਘਰਾਂ ਤੋਂ ਦੂਰ ਦਰਾਜ ਤੋਂ ਆਏ ਹੋ। ਤੇ ਮਹਾਰਾਜ ਜੀ ਦਾ ਸਿਧਾਂਤ ਹੈ ਕਿ ਜਦ ਤੋਂ ਤੁਹਾਨੂੰ ਖਿਆਲ ਆਇਆ, ਬੀਬੀਆਂ ਨੂੰ ਆਇਆ ਕਿ ਛੇਤੀ ਪ੍ਰਸ਼ਾਦੇ ਲਾਹ ਲਈਏ, ਕੰਮ ਸੰਭਾਲ ਲਈਏ, ਭਾਈਆਂ ਨੂੰ ਆਇਆ ਕਿ ਛੇਤੀ ਕੰਮ ਮੁਕਾ ਕੇ ਚਲੀਏ। ਉਸ ਵੇਲੇ ਤੋਂ ਸਮਾਂ ਤੁਹਾਡਾ ਗੁਰੂ ਵੱਲ ਲੱਗਣਾ ਸ਼ੁਰੂ ਹੋ ਗਿਆ। ਜਿੰਨਾ ਚਿਰ ਤੁਸੀਂ ਮਨ ਚਿਤ ਇਕਾਗਰ ਕਰਕੇ ਬੈਠੋਗੇ, ਉਹੋ ਸਮਾਂ ਲੱਗੇਗਾ।

ਸੋ ਇਹ ਸਾਰੀਆਂ ਗੱਲਾਂ ਜਦੋਂ ਅਸੀਂ ਵਿਚਾਰਦੇ ਹਾਂ ਕਿ ਹੇ ਵਾਹਿਗੁਰੂ! ਆਪਣੇ ਲੇਖੇ ਵਿਚ ਲਵਾ ਲੈ, ਕਿਤੇ ਪੀ. ਜੀ. ਆਈ ਦੇ ਲੇਖੇ ਨਾ ਲਵਾ ਲਈਂ, ਕਿਉਂਕਿ ਫਿਰ ਕਿੰਨਾ ਔਖਾ ਹੁੰਦਾ ਹੈ, ਬੀਮਾਰ ਪਿਆ ਨੱਠੇ ਜਾਂਦੇ ਨੇ, ਆਪ ਵੀ ਦੁਖੀ, ਨਾਲਦਿਆਂ ਨੂੰ ਵੀ ਦੁਖੀ ਕਰਦਾ ਹੈ। ਮੁਕੱਦਮਾ ਚਲ ਗਿਆ, ਗੜਬੜ ਹੋ ਗਈ, ਪੁਲੀਸ ਲਈ ਫਿਰਦੀ ਹੈ, ਕੈਸੇ ਮਾੜਿਆਂ ਲੇਖਿਆਂ ਵਿਚ ਉਮਰ ਲੱਗਣੀ ਸ਼ੁਰੂ ਹੋ ਗਈ। ਅਰਦਾਸ ਕਰਦਾ ਹੈ ਸਿੱਖ। ਸੱਚੇ ਪਾਤਸ਼ਾਹ! ਮੈਥੋਂ ਸੇਵਾ ਕਰਾ ਲਵੀਂ, ਮੈਂ ਸੇਵਾ ਕਰਾਂਗਾ, ਮੇਰੀ ਉਮਰ ਗਲਤ ਲੇਖਿਆ ਵਿਚ ਨਾ ਲਿਖੀ, ਸ਼ਰਾਬਾਂ ਦੇ ਲੇਖੇ ਨਾ ਲੱਗ ਜਾਵੇ, ਨਿੰਦਿਆ ਦੇ ਲੇਖੇ ਨਾ ਲੱਗ ਜਾਵੇ, ਚੁਗਲੀਆਂ ਦੇ ਲੇਖੇ ਨਾ ਲੱਗ ਜਾਵੇ।

ਸੋ ਗੁਰੂ ਦੀ ਬਾਣੀ ਜਦ ਅਸੀਂ ਵਿਚਾਰਦੇ ਹਾਂ ਉਸ ਵੇਲੇ ਸਾਡਾ ਉਧਾਰ ਹੁੰਦਾ ਹੈ। ਇਕ ਵਾਰੀ ਗੁਰਸਿਖ ਦੂਰ ਦੇਸ਼ ਦੇ, ਗੁਰੂ ਪੰਜਵੇਂ ਪਾਤਸ਼ਾਹ ਪਾਸ ਆਉਂਦੇ ਨੇ। ਕਹਿਣ ਲੱਗੇ, 'ਸੱਚੇ ਪਾਤਸ਼ਾਹ! ਅਸੀਂ ਦੂਰ ਰਹਿੰਦੇ ਹਾਂ, ਸਾਨੂੰ ਕੋਈ ਸਾਧਨ ਦੱਸੋ?"

ਮਹਾਰਾਜ ਕਹਿਣ ਲੱਗੇ, "ਕੀ ਕਰਦੇ ਹੋ ਤੁਸੀਂ?"

ਕਹਿੰਦੇ, "ਸੱਚੇ ਪਾਤਸ਼ਾਹ! ਜੋ ਸ਼ਾਸਤਰਾਂ ਵਿਚ ਧਰਮ ਕਰਮ ਲਿਖੇ ਹੋਏ ਹਨ, ਉਹ ਅਸੀਂ ਪੂਰੇ ਕਰਦੇ ਹਾਂ ਤੇ ਅਸੀਂ ਵੇਦ ਵੀ ਪੜ੍ਹਦੇ ਹਾਂ, ਸ਼ਾਸਤਰ ਵੀ ਪੜ੍ਹਦੇ ਹਾਂ ਤੇ ਹੋਰ ਧਾਰਮਿਕ ਗ੍ਰੰਥ ਵੀ ਪੜ੍ਹਦੇ ਹਾਂ। ਤੀਰਥਾਂ ਵਿਚ ਇਸ਼ਨਾਨ ਵੀ ਕਰਦੇ ਹਾਂ ਤੇ ਕ੍ਰਿਪਾ ਕਰਕੇ ਸਾਨੂੰ ਇਹ ਦੱਸੋ ਕਿ ਸਾਡਾ ਉਧਾਰ ਕਿਵੇਂ ਹੋਵੇ? ਸਾਨੂੰ ਪਤਾ ਨਹੀਂ ਲੱਗਦਾ।

ਮਹਾਰਾਜ ਕਹਿਣ ਲੱਗੇ, "ਦੇਖੋ, ਸਾਧ ਸੰਗਤ ਜੀ! ਜੀਵ ਅਣਜਾਣ ਹੁੰਦਾ ਹੈ, ਇਹਨੂੰ ਰਾਹ ਦਾ ਪਤਾ ਨਹੀਂ ਹੁੰਦਾ, ਇਹ ਜੇ ਮਹਾਂਪੁਰਸ਼ਾਂ ਦੇ ਬਚਨਾਂ ਦੀ ਕਮਾਈ ਕਰ ਲਵੇ ਨਾ, ਉਹਨੂੰ ਮੰਨ ਲਵੇ, ਉਹਦੇ ਨਾਲ ਇਹਦਾ ਉਧਾਰ ਹੋ ਜਾਏਗਾ। ਬਾਕੀ ਜਿਹੜੀਆਂ ਚੀਜ਼ਾਂ ਨੇ ਉਹ ਨਹੀਂ ਸਾਥ ਦਿੰਦੀਆਂ। ਮਹਾਰਾਜ ਜੀ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਹਨ, ਪੜ੍ਹੋ ਪਿਆਰ ਨਾਲ –

***ਧਾਰਨਾ - ਜੇ ਕੋਈ ਬਚਨ ਕਮਾਵੇ ਸੰਤਾਂ ਦਾ,***
***ਗੁਰ ਪ੍ਰਸਾਦੀ ਪਾਰ ਪਾਵੇਗਾ।***

ਮਹਾਰਾਜ ਕਹਿਣ ਲੱਗੇ,"ਪਿਆਰਿਓ! ਸਾਰਿਆਂ ਨਾਲੋਂ ਸੁਖਾਲਾ ਤਰਨ ਦਾ ਜੋ ਤਰੀਕਾ ਹੈ, ਇਸ ਭਵਜਲ ਨੂੰ ਸੁਖਾਲੇ ਤੋਂ ਸੁਖਾਲਾ ਉਹ ਇਹ ਹੈ ਕਿ ਗੁਰੂਆਂ ਦੇ ਬਚਨ, ਸੰਤਾਂ ਦੇ ਬਚਨ ਦੀ ਜੇ ਕਮਾਈ ਕਰ ਲਵੇ, ਉਹਦੇ ਨਾਲ ਉਧਾਰ ਹੋ ਜਾਇਆ ਕਰਦਾ ਹੈ। ਬਾਕੀ ਜਿਹੜੇ ਤੁਸੀਂ ਕਰਮ ਧਰਮ ਦੱਸੇ ਨੇ।

***ਕਰਮ ਧਰਮ ਪਾਖੰਡ ਜੋ ਦੀਸਹਿ***
***ਤਿਨ ਜਮੁ ਜਾਗਾਤੀ ਲੂਟੈ॥*** ***ਅੰਗ - 747***

ਹਉਮੈ ਧਾਰ ਕੇ ਕਰਮ ਧਰਮ ਕਰਦੇ ਹੋ, ਹਉਮੈ ਵਾਲਾ ਬੰਦਾ ਮੁਕਤ ਨਹੀਂ ਹੋਇਆ ਕਰਦਾ। ਉਹਨੂੰ ਪੁੰਨ ਤੇ ਪਾਪ ਦਾ ਫਲ ਲੈਣ ਵਾਸਤੇ ਜਮਾ ਦੇ ਨਾਲ ਜਾਣਾ ਪੈਂਦਾ ਹੈ। ਇਕਨਾ ਨੂੰ ਜਮ ਮਾਰਦੇ ਲਿਜਾਂਦੇ ਨੇ, ਇਕਨਾਂ ਨੂੰ ਆਦਰ ਨਾਲ ਲਿਜਾਂਦੇ ਨੇ। ਲੇਕਿਨ ਜਿਵੇਂ ਰਸਤੇ ਵਿਚ ਟੋਲ ਟੈਕਸ ਹੁੰਦੇ ਨੇ, ਇਸ ਤਰ੍ਹਾਂ ਦੀਆਂ ਪੁਰੀਆ ਆਉਂਦੀਆਂ ਨੇ। ਉਹਨਾਂ ਹਰ ਪੁਰੀਆ ਵਿਚ ਪੁੰਨ ਦਾ ਫਲ ਮੰਗਦੇ ਨੇ। ਜਿਸ ਵੇਲੇ ਹਨ੍ਹੇਰੇ ਵਾਲੀ ਪੁਰੀ ਆਉਂਦੀ ਹੈ, ਉਹ ਕਹਿੰਦਾ ਮੈਨੂੰ ਦਿਸਦਾ ਨਹੀਂ, ਜੀ ਮੈਂ ਕਿਧਰ ਨੂੰ ਜਾਣਾ ਹੈ। ਉਹ ਕਹਿੰਦੇ ਤੂੰ ਫਲ ਦੇਹ ਕਿਸੇ ਪੁੰਨ ਦਾ, ਕੋਈ ਕਰਿਆ ਸ਼ੁਭ ਕਰਮ। ਕਹਿਣ ਲੱਗਾ, ਹਾਂ ਜੀ। ਯਾਦ ਆ ਗਿਆ, ਬਈ ਫਲਾਣਾ ਕਰਿਆ ਸੀ। ਕਹਿੰਦੇ, ਉਹ ਦੇ ਦੇ ਸਾਨੂੰ। ਜਿੰਨਾ ਉਹਦਾ

ਫਲ ਹੁੰਦਾ ਹੈ ਓਨਾ ਚਾਨਣਾ ਹੋ ਗਿਆ, ਉਸ ਤੋਂ ਬਾਅਦ ਫਿਰ ਹਨ੍ਹੇਰਾ ਹੋ ਗਿਆ।

ਮਹਾਰਾਜ ਕਹਿੰਦੇ ਇਹ ਤਾਂ –

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ॥* *ਅੰਗ - 747*

ਜੇ ਅੱਖ ਦੇ ਝਪਕੇ ਜਿੰਨਾ ਚਿਰ ਵੀ ਵਾਹਿਗੁਰੂ ਯਾਦ ਆ ਗਿਆ ਨਾ, ਕਹਿੰਦੇ ਜਮਦੂਤਾਂ ਦੀ ਤਾਕਤ ਨਹੀਂ ਉਹਦੇ ਨੇੜੇ ਆ ਜਾਵੇ –

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥*
*ਅੰਗ - 902*

ਸਾਰੀ ਉਮਰ ਪਾਪ ਕਰੇ ਉਸ ਪ੍ਰੇਮੀ ਨੇ, ਅੰਤ ਦੇ ਸਮੇਂ ਆਪਣੇ ਪੁੱਤਰ ਨੂੰ ਹਾਕ ਮਾਰੀ –

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।*
*ਭਾਈ ਗੁਰਦਾਸ ਜੀ ਦੀ ਵਾਰ 10/20*

ਸਿਰਫ ਆਵਾਜ਼ ਮਾਰੀ, ਆਵਾਜ਼ ਮਾਰਨ ਦੇ ਨਾਲ ਵਾਹਿਗੁਰੂ ਯਾਦ ਆ ਗਿਆ। ਮਹਾਰਾਜ ਕਹਿੰਦੇ –

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥*
*ਅੰਗ - 981*

ਨਾਰਾਇਣ ਕਹਿ ਕੇ ਹਾਕ ਮਾਰ ਦਿੱਤੀ। ਹਾਕ ਮਾਰਦੇ ਮਾਰਦੇ ਉਹਦਾ ਧਿਆਨ ਵਾਹਿਗੁਰੂ ਵੱਲ ਚਲਿਆ ਗਿਆ।

ਦੇਖੋ ਗੁਰਬਾਣੀ ਦੱਸਦੀ ਹੈ, ਕਿੰਨਾ ਸੁਖਾਲਾ ਤਰੀਕਾ ਹੈ, ਧਿਆਨ ਦੀ ਬਾਤ ਹੈ, ਧਿਆਨ ਚਲਿਆ ਗਿਆ –

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ .............॥*
*ਅੰਗ - 981*

ਇੰਨਾ ਪਛਤਾਵਾ ਉਹਦੇ ਮਨ ਵਿਚ ਆਇਆ, ਨਾਲੇ ਹਾਕ ਮਾਰੀ ਬੇਬੱਸ ਹੋ ਕੇ, ਕਹਿੰਦੇ ਉਹ ਭਾਵਨੀ ਵਾਹਿਗੁਰੂ ਨੂੰ ਭਾਅ ਗਈ –

............ *ਜਮਕੰਕਰ ਮਾਰਿ ਬਿਦਾਰੇ॥ ਅੰਗ - 981*

ਜਿਹੜੇ ਜਮਦੂਤ ਕੁੱਟ ਕੁੱਟ ਕੇ ਲਿਜਾਂਦੇ ਸੀ, ਉਹਨਾਂ ਨੂੰ ਕੁੱਟ ਕੇ ਕੱਢ ਦਿੱਤਾ –

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।*
*ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ।*
*ਨਾਇ ਲਏ ਦੁਖੁ ਡੇਰਾ ਢਹਿਆ॥*
*ਭਾਈ ਗੁਰਦਾਸ ਜੀ ਦੀ ਵਾਰ 10/20*

ਕਹਿੰਦੇ ਜੇ ਅੰਤ ਵੇਲੇ ਭੋਰਾ ਜਿੰਨਾ ਵੀ ਪ੍ਰਮੇਸ਼ਰ ਦਾ ਨਾਮ ਜਪ ਲਵੇ ਨਾ, ਇਹ ਕਰਮਾਂ ਧਰਮਾਂ ਨਾਲੋਂ ਵੱਡੀ ਬਾਤ ਹੈ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਸਾਖੀ ਤਾਂ ਸੁਣ ਲਈ, ਬਈ ਜੇ ਅੰਤ ਕਾਲ ਵਾਹਿਗੁਰੂ ਯਾਦ ਆ ਜਾਵੇ ਤਾਂ ਫਿਰ ਗੱਲ ਹੀ ਬਣ ਗਈ, ਕਾਹਨੂੰ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ, ਕੀ ਲੋੜ ਹੈ ਜੀਭ ਨੂੰ ਬੰਧਨਾ 'ਚ ਪਾਉਣ ਦੀ 'ਖਾਓ ਪੀਓ ਐਸ਼ ਕਰੋ।' ਚਾਹੇ ਕਿਸੇ ਕੋਲੋਂ ਖੋਹ ਕੇ ਖਾਓ, ਚਾਹੇ ਮੰਗ ਕੇ ਖਾਓ, ਇਥੇ ਕਿਹੜਾ ਲੇਖਾ ਪੱਤਾ ਦੇਣੈ। ਅੰਤ ਵੇਲੇ ਵਾਹਿਗੁਰੂ ਦਾ ਧਿਆਨ ਕਰ ਲਵਾਂਗੇ। ਕਈਆਂ ਨੇ ਮਨਾਂ ਵਿਚ ਇਹ ਬਾਤ ਆ ਜਾਇਆ ਕਰਦੀ ਹੈ। ਪਰ ਇਹ ਹੁੰਦਾ ਨਹੀਂ ਸਾਧ ਸੰਗਤ ਜੀ!

ਇਕ ਸੇਠ ਨੇ ਇਹ ਗੱਲ ਸੁਣ ਕੇ ਆਪਣੇ ਚਾਰ ਪੁੱਤਰਾਂ ਦਾ ਨਾਉ ਐਸਾ ਹੀ ਰੱਖ ਲਿਆ। ਇਕ ਦਾ ਨਾਮ ਰੱਖ ਲਿਆ ਰਾਮ ਚੰਦਰ, ਇਕ ਦਾ ਕ੍ਰਿਸ਼ਨ, ਇਕ ਦਾ ਨਾਰਾਇਣ, ਇਕ ਦਾ ਗੋਬਿੰਦ। ਜਦ ਅੰਤ ਸਮਾਂ ਆਇਆ, ਮੰਜੇ ਤੇ ਪਿਐ। ਪੰਚਾਇਤ ਬੈਠੀ ਹੈ ਸਾਰੀ। ਬਈ ਇਹਦੀ ਨਬਜ਼ ਧੀਮੀ ਪੈਂਦੀ ਜਾ ਰਹੀ ਹੈ। ਬੋਲ ਦੀ ਤਾਕਤ ਘੱਟ ਗਈ ਹੈ, ਬੋਲ ਨਹੀਂ ਹੁੰਦਾ। ਉਸ ਵੇਲੇ ਹਕੀਮ ਨੇ ਕਹਿ ਦਿੱਤਾ ਕਿ ਇਹਦੇ ਸਵਾਸ ਗਿਣਵੇਂ ਹੀ ਰਹਿ ਗਏ, ਇਹ ਬੇਢੰਗੀਆਂ ਗੱਲਾਂ ਮਾਰੀ ਜਾਂਦਾ ਹੈ ਕਿ ਇਹਦੇ ਕੋਲੋਂ ਇੰਨੇ ਪੈਸੇ ਲੈਣੇ, ਦੂਜੇ ਤੋਂ ਇੰਨੇ ਪੈਸੇ ਲੈਣੇ ਨੇ, ਉਹਦਾ ਨਾਂ ਵਿਸਾਹ ਕਰਿਓ, ਉਹਦਾ ਨਾ ਵਿਸਾਹ ਕਰਿਓ। ਕਈ ਬਜ਼ੁਰਗ ਪ੍ਰਮੇਸ਼ਰ ਵੱਲ ਧਿਆਨ ਦੇਣ ਦੀ ਥਾਂ ਤੇ ਇਹੋ ਜਿਹੀਆਂ ਗੱਲਾਂ ਕਰਦੇ ਨੇ।

ਇਕ ਸਾਡਾ ਰਿਸ਼ਤੇਦਾਰ ਸੀ, ਜਦ ਉਹ ਚੜ੍ਹਾਈ ਕਰਨ ਲੱਗਿਆ। ਉਹਨੂੰ ਥੋੜੇ ਮਿੰਟ ਪਹਿਲਾਂ ਪਤਾ ਲੱਗ ਗਿਆ। ਮੁੰਡੇ ਬੁਲਾ ਲਏ। ਕਹਿੰਦਾ ਦੇਖੋ ਬਹੁਤੇ ਪੈਸੇ ਨਾ ਖਰਚਿਓ ਮੇਰੇ ਭੋਗ ਤੇ, ਫਲਾਣੇ ਫਲਾਣੇ ਬੰਦਿਆਂ ਨਾਲ ਮੈਂ ਜਿੰਦਗੀ ਭਰ ਲੜਦਾ ਰਿਹਾ, ਹੁਣ ਖਾ ਪੀ ਜਾਣਗੇ ਆ ਕੇ। ਜੇ ਮੇਰੇ ਪ੍ਰਾਣ ਹੁਣੇ ਨਿਕਲ ਗਏ ਨਾ ਤਾਂ ਥੋੜੇ ਦਾਣੇ ਤੇ ਤੂੜੀ ਬਾਹਰ ਪਈ ਹੈ ਪਹਿਲਾਂ ਉਹਨਾਂ ਨੂੰ ਅੰਦਰ ਢੋਅ ਲੈਣਾ, ਕਿਤੇ ਵਿਚਾਲੇ ਹੀ ਨਾ ਛੱਡ ਦਿਓ, ਇਹ ਉਡ ਜਾਊਗੀ, ਇਸ ਤਰ੍ਹਾਂ ਗੱਲਾਂ ਕਰਦਾ ਕਰਦਾ ਚੜ੍ਹਾਈ ਕਰ ਗਿਆ। ਜਦ ਮੈਨੂੰ ਦੱਸਿਆ ਮੈਂ ਕਿਹਾ ਇਹ ਤਾਂ ਬੜਾ ਮਾੜਾ ਕੰਮ ਹੋਇਆ, ਉਹਦੀ ਤਾਂ ਬਿਰਤੀ ਇਥੇ ਹੀ ਰਹਿ ਗਈ, ਸੁਰਤ ਇਥੇ ਰਹਿਣ ਨਾਲ –

*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥* *ਅੰਗ - 526*

ਪ੍ਰੇਤ ਬਣਨਾ ਪੈਂਦਾ ਹੈ। ਪੰਚਾਇਤ ਨੇ ਕਿਹਾ ਕਿ ਇਹ ਤਾਂ ਲੈਣ ਦੇਣ ਦੀਆਂ ਗੱਲਾਂ ਮਾਰੀ ਜਾਂਦੈ, ਸੱਪ ਬਣਨਾ ਪਊ ਇਹਨੂੰ, ਬਚਾਓ ਇਸ ਨੂੰ।

ਕਹਿਣ ਲੱਗੇ, ਸੇਠ ਜੀ! ਪ੍ਰਮੇਸ਼ਰ ਦਾ ਨਾਮ ਜਪੋ। ਹੁਣ ਜੇ ਜਿੰਦਗੀ ਵਿਚ ਨਾਮ ਜਪਿਆ ਹੋਵੇ, ਤਾਂ ਹੀ ਪਰਮੇਸ਼ਰ ਦਾ ਨਾਮ ਚਿਤ ਆਵੇ। ਰੱਬ ਦਾ ਨਾਉ ਤਾਂ ਚੰਗਿਆ ਭਲਿਆ ਨੂੰ ਨਹੀਂ ਆਉਂਦਾ ਬਹੁਤਾ ਔਖਾ ਹੈ।

*ਆਖਣਿ ਅਉਖਾ ਸਾਚਾ ਨਾਉ॥* *ਅੰਗ - 9*

ਬਹੁਤ ਔਖਾ ਹੈ ਵਾਹਿਗੁਰੂ ਦਾ ਨਾਮ ਲੈਣਾ, ਨੀਂਦ

ਆਏਗੀ, ਆਲਸ ਆਏਗਾ, ਉਬਾਸੀਆਂ ਆਉਣਗੀਆਂ, ਚਿੱਤ ਨਹੀਂ ਟਿਕਦਾ। ਸਿਨੇਮਾ ਦੇਖਣ ਲੱਗ ਜਾਓ, ਟੀ ਵੀ ਦੇਖਣ ਲੱਗ ਜਾਓ, ਮਨ ਕਿਤੇ ਨਹੀਂ ਜਾਂਦਾ। ਵਿਚ ਖੁਬਿਆ ਬੈਠਾ ਹੋਊ। ਪਰਸ਼ਾਦਾ ਰੱਖ ਦਿੱਤਾ ਬੀਬੀ ਨੇ ਕਿ ਪਰਸ਼ਾਦਾ ਛੱਕ ਲੈ, ਬੁਰਕੀ ਨਹੀਂ ਤੋੜੇਗਾ, ਕਿਉਂਕਿ ਧਿਆਨ ਟੀ.ਵੀ. ਵਿਚ ਗਿਆ ਹੋਇਆ ਸਾਰਾ ਹੀ। ਜਦ ਰੱਬ ਦਾ ਨਾਮ ਜਪੇਗਾ ਤਾਂ ਮਨ ਦੌੜਿਆ ਹੀ ਫਿਰਦਾ, ਹਾਜਰ ਨਹੀਂ ਹੁੰਦਾ।

ਅਖੀਰ ਉਹਨਾਂ ਨੇ ਕਿਹਾ ਕਿ ਸੇਠ ਦੇ ਚਾਰੇ ਮੁੰਡੇ ਖੜੇ ਕਰਕੇ ਨਾਉਂ ਪੁੱਛ ਲਈਏ ਇਹ ਤਾਂ ਜਾਣ ਵਾਲਾ ਹੈ। ਕੀ ਪਤਾ ਪੁੱਤਰਾਂ ਦਾ ਨਾਮ ਲੈਣ ਤੇ ਰੱਬ ਦਾ ਨਾਮ ਯਾਦ ਆ ਜਾਵੇ। ਚਾਰੇ ਪੁੱਤਰ ਹੀ ਖੜੇ ਕਰ ਦਿੱਤੇ।

ਕਹਿੰਦੇ ਸੇਠ ਜੀ ਪਛਾਣਦੇ ਹੋ ਇਹਨਾਂ ਨੂੰ।

ਉਹਨਾਂ ਵੱਲ ਦੇਖਣ ਲੱਗ ਪਿਆ। ਦੇਖ ਕੇ ਹੱਥ ਹਿਲਾਉਣ ਲੱਗ ਪਿਆ। ਕਹਿੰਦਾ ਉਏ! ਤੁਸੀਂ ਚਾਰੇ ਹੀ ਆ ਗਏ ਦੁਕਾਨਾਂ ਛੱਡ ਕੇ। ਕਿਸੇ ਦਾ ਨਾਮ ਨਹੀਂ ਲਿਆ। ਸਾਰੀ ਜਿੰਦਗੀ ਤਾਂ ਸੋਚਦਾ ਰਿਹਾ ਕਿ ਅੰਤ ਵੇਲੇ ਮੈਂ ਰਾਮ ਕਹਿ ਦਵਾਂਗਾ, ਕ੍ਰਿਸ਼ਨ ਕਹਿ ਦਵਾਂਗਾ, ਗੋਬਿੰਦ ਜਾ ਨਾਰਾਇਣ ਕਹਿ ਦਵਾਂਗਾ। ਇੰਨਾ ਹੀ ਕਹਿਣ ਦੀ ਦੇਰ ਸੀ।

ਸਾਰਿਆਂ ਨੇ ਆਵਾਜ਼ਾਂ ਮਾਰੀਆਂ ਸੇਠ ਜੀ, ਸੇਠ ਜੀ! ਪਰ ਸੇਠ ਜੀ ਤਾਂ ਚੜ੍ਹਾਈ ਕਰ ਗਏ।

ਮਹਾਰਾਜ ਕਹਿੰਦੇ ਪਿਆਰਿਓ! ਇਉ ਨਹੀਂ ਕਹਿ ਹੁੰਦਾ, ਇਹ ਤਾਂ ਅਜਾਮਲ ਤੇ ਗੁਰੂ ਦੀ ਕ੍ਰਿਪਾ ਹੋ ਗਈ ਸੀ। ਕ੍ਰਿਪਾ ਨਾਲ ਹੀ ਉਹਨੇ ਨਾਰਾਇਣ ਨੂੰ ਯਾਦ ਕਰ ਲਿਆ।

***ਕਰਮ ਧਰਮ ਪਾਖੰਡ ਜੋ ਦੀਸਹਿ***
***ਤਿਨ ਜਮੁ ਜਾਗਾਤੀ ਲੂਟੈ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ॥*** *ਅੰਗ - 747*

ਅੱਖ ਝਮਕਣ ਜਿੰਨਾ ਚਿਰ ਵੀ ਜੇ ਵਾਹਿਗੁਰੂ ਯਾਦ ਆ ਗਿਆ ਤਾਂ ਇਹਦੇ ਨਾਲ ਹੀ ਛੁੱਟ ਜਾਂਦਾ ਹੈ।

***ਸੰਤਹੁ ਸਾਗਰੁ ਪਾਰਿ ਉਤਰੀਐ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ***
***ਸੋ ਗੁਰ ਪਰਸਾਦੀ ਤਰੀਐ॥*** *ਅੰਗ - 747*

ਸੰਤਾਂ ਕੋਲ ਫਾਰਮੂਲੇ ਹੁੰਦੇ ਨੇ, ਬਹੁਤ ਸੁਖਾਲਾ ਤਰੀਕਾ ਹੁੰਦਾ ਹੈ। ਤਰੀਕਾ ਦੱਸ ਦਿੰਦੇ ਨੇ ਕਿ ਇਉਂ ਕਰ ਲੈ ਤੇਰਾ ਸਵਾਲ ਨਿਕਲ ਜਾਏਗਾ। ਅਲਜਬਰੇ ਦਾ ਸਵਾਲ ਮੁੰਡੇ ਨੂੰ ਪਾ ਦਿਓ, ਰਕਮਾ ਵੀ ਜਾਣਦੈ। ਪਰ ਜਿੰਨਾ ਚਿਰ ਫਾਰਮੂਲੇ ਦਾ ਨਹੀਂ ਪਤਾ ਉਹ ਸਵਾਲ ਨਹੀਂ ਕੱਢ ਸਕਦਾ। ਉਹ ਕਹਿੰਦੇ ਸੰਤਾਂ ਦੇ ਬਚਨ ਕਮਾ ਲਵੋ। ਉਹਨਾਂ ਨੇ ਕਮਾਏ ਹੁੰਦੇ ਨੇ। ਛੋਟਾ ਜਿਹਾ ਰਾਹ ਦੱਸ ਦਿੰਦੇ ਨੇ, ਬਹੁਤੇ ਚੱਕਰਾਂ ਵਿਚ ਨਹੀਂ ਪਾਉਂਦੇ।

ਕਹਿੰਦੇ ਇਹੀ ਤਰੀਕਾ ਹੈ ਪਿਆਰਿਓ, ਬਾਕੀ ਜਿਹੜਾ ਤੁਸੀਂ ਕਹਿੰਦੇ ਹੋ ਕਿ ਪੜ੍ਹਦੇ ਰਹੇ ਹੋ, ਨਹਾਉਂਦੇ ਰਹੇ ਹੋ ਅਠਾਹਠ ਤੀਰਥਾਂ ਤੇ। ਅਠਾਹਠ ਤਾਂ ਛੱਡ ਦਿਓ –

***ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥***
*ਅੰਗ - 747*

ਕਲਜੁਗ ਦੇ ਵਿਚ ਕੋਈ ਤੀਰਥ ਸਮਰੱਥ ਨਹੀਂ ਰਿਹਾ, ਜਿਹੜਾ ਫਲ ਦੇਵੇ। ਫਿਰ ਜੇ ਇਹ ਕਿਹਾ ਜਾਵੇ ਕਿ ਕੋਈ ਫਲ ਦੇਣ ਨੂੰ ਸਮਰੱਥ ਨਹੀਂ ਰਿਹਾ ਤਾਂ ਫਿਰ ਅਸੀਂ ਵੀ ਵਿਚੇ ਆ ਗਏ ਕਿ ਸਾਡਾ ਅੰਮ੍ਰਿਤਸਰ ਸਮਰੱਥ ਨਹੀਂ ਰਿਹਾ, ਹੇਮਕੁੰਟ ਸਮਰੱਥ ਨਹੀਂ ਰਿਹਾ, ਤਰਨਤਾਰਨ ਸਮਰੱਥ ਨਹੀਂ ਰਿਹਾ।

ਨਹੀਂ, ਇਹ ਗੱਲ ਹੋਰ ਹੈ। ਉਹ ਇਹ ਹੈ ਕਿ ਇਹਨਾਂ ਤੀਰਥਾਂ ਦੇ ਕੰਢਿਆਂ ਤੇ ਹਰ ਵਕਤ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਉਚਾਰਣ ਹੁੰਦਾ ਹੈ। ਇਹ ਪੰਜ ਬਾਣੀਆਂ ਹੀ ਤੁਸੀਂ ਪੜ੍ਹ ਲਓ। ਜਿਸ ਤਰ੍ਹਾਂ ਅੰਮ੍ਰਿਤ ਵੇਲੇ ਬਾਟੇ ਵਿਚ ਪਾਣੀ ਪਾ ਕੇ, ਵਿਚ ਪਤਾਸੇ ਪਾ ਕੇ ਤੇ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਦੀ ਦਾਤ ਦੇਂਦੇ ਨੇ, ਕਿੰਨਾ ਅਸਰ ਹੁੰਦਾ ਹੈ ਉਸ ਅੰਮ੍ਰਿਤ ਵਿਚ।

ਮੇਰੇ ਕੋਲ ਕਈ ਆਉਂਦੇ ਨੇ ਕਿ ਮੈਂ ਬੀਮਾਰ ਹਾਂ, ਮੈਂ ਬੀਮਾਰ ਹਾਂ। ਮੈਂ ਕੁਝ ਵੀ ਨਹੀਂ ਦੱਸਦਾ। ਮੈਂ ਕਹਿੰਦਾ ਹਾਂ ਕਿ ਬਾਣੀ ਵਿਚ ਸਤਿਆ ਹੈ। ਜਲ ਸਾਹਮਣੇ ਰੱਖ ਕੇ ਤੁਸੀਂ ਰੋਜ਼ ਜਪੁਜੀ ਸਾਹਿਬ ਦੇ 25 ਪਾਠ ਕਰ ਲਵੋ, ਸਾਰੀ ਵਿਧੀ ਦੱਸ ਕੇ ਜਲ ਛਕੀ ਜਾਵੋ। ਇਹਦੇ ਨਾਲ ਕਿਸੇ ਡਾਕਟਰ ਕੋਲ ਜਾਣ ਦੀ ਲੋੜ ਵੀ ਨਹੀਂ ਰਹੇਗੀ। ਇਸੇ ਤਰ੍ਹਾਂ ਹੀ ਠੀਕ ਹੋ ਜਾਵੋਗੇ। ਇਕ ਨਹੀਂ ਸੈਕੜਿਆਂ ਦੀ ਤਾਦਾਦ ਵਿਚ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਬਾਣੀ 'ਚ ਕਿੰਨੀ ਸ਼ਕਤੀ ਹੈ, ਅਗਰ ਆਪਣਾ ਕਾਰਜ, ਆਪਣੀ ਬੀਮਾਰੀ ਠੀਕ ਕਰਨ ਵਾਸਤੇ ਬਾਣੀ ਪੜ੍ਹ ਲਵੇ ਨਾ, ਉਹੀ ਜਪੁਜੀ ਸਾਹਿਬ ਇਕੱਲਾ ਹੀ ਬਚਾਈ ਜਾਂਦਾ ਹੈ ਸਾਰਿਆਂ ਨੂੰ।

ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪਾਠ 24 ਘੰਟੇ ਹੁੰਦਾ ਹੋਵੇ ਉਹ ਕਿੰਨੀ ਪਵਿੱਤਰ ਜਗ੍ਹਾ ਹੋਵੇਗੀ, ਇਹ ਸਾਡੇ ਤੀਰਥ ਤਾਂ ਪਵਿੱਤਰ ਹੋ ਗਏ। ਪਾਪੀ ਤਾਂ ਇਹਨਾਂ ਵਿਚ ਵੀ ਇਸ਼ਨਾਨ ਕਰਕੇ ਆਪਣਾ ਪਾਪ ਛੱਡਦੇ ਨੇ, ਪਰ ਦੂਜਾ ਪਾਸਾ ਇੰਨਾ ਜਬਰਦਸਤ ਹੈ ਕਿ ਮੈਲ ਲੱਗਦੀ ਨਹੀਂ ਹੈ। ਬਾਕੀ ਜਿਹੜੇ ਤੀਰਥ ਨੇ ਉਹ ਪਹਾੜਾਂ 'ਚੋਂ ਨਿਕਲਦੇ ਨੇ, ਉਥੇ ਸਾਧੂ ਨਹੀਂ ਕੋਈ ਆਉਂਦਾ, ਤੀਰਥ ਵਿਆਕੁਲ ਹੋਏ ਪਏ ਨੇ, ਤੜਫ ਰਹੇ ਨੇ ਤੀਰਥ –

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥***
*ਅੰਗ - 1263*

ਐਸਾ ਮਹਾਰਾਜ ਜੀ ਫੁਰਮਾਨ ਕਰਦੇ ਹਨ ਪੜ੍ਹੋ ਪਿਆਰ ਨਾਲ –

*ਧਾਰਨਾ - ਤੀਰਥ ਵੀ ਲੋਚਦੇ,*
*ਸੰਤਾਂ ਦੀ ਧੂੜੀ ਤਾਂਈ।*

*ਗੰਗਾ ਜਮੁਨਾ ਗੋਦਾਵਰੀ ਸਰਸੁਤੀ ...............॥*
*ਅੰਗ - 1263*

ਇਹ ਮੁਖ ਤੀਰਥ ਨੇ 68 ਤੀਰਥਾਂ ਦੇ ਵਿਚੋਂ, ਜਦ ਇਹਨਾਂ ਦੇ ਵਿਚ ਮੈਲ ਭਰ ਜਾਂਦੀ ਹੈ, ਫਿਰ ਇਹ ਸਾਧੂਆਂ ਦੀ ਤਲਾਸ਼ ਕਰਦੇ ਨੇ –

*.......... ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥*
*ਅੰਗ - 1263*

ਮਹਾਰਾਜ ਕਹਿੰਦੇ ਫਿਰ ਦੇਵਤੇ ਟੋਲਦੇ ਫਿਰਦੇ ਨੇ ਕਿ ਕਿਸੇ ਥਾਂ ਤੇ ਸਤਿਸੰਗ ਹੁੰਦਾ ਹੋਵੇ, ਕੋਈ ਅਭੇਦ ਅਵਸਥਾ ਦਾ ਮਹਾਤਮਾ ਮਿਲ ਜਾਵੇ ਤਾਂ ਉਹਦੇ ਚਰਨਾਂ ਦੀ ਧੂੜੀ ਲੈ ਕੇ ਆਪਣੇ ਉਤੇ ਮਲੀਏ ਤਾਂ ਕਿ ਸਾਡੇ ਪਾਪ ਲਹਿ ਜਾਣ।

*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ਅੰਗ - 1263*

ਸਾਰਿਆਂ ਨਾਲੋਂ ਵੱਡਾ ਤੀਰਥ ਕਿਹੜਾ ਹੈ? ਮਹਾਰਾਜ ਕਹਿੰਦੇ –

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਅੰਗ - 687*

ਆਹ ਜਿਸ ਤੀਰਥ ਵਿਚ ਅੱਜ ਤੁਸੀਂ ਬੈਠੇ ਹੋ, ਕਰੋੜਾਂ ਤੀਰਥ ਇਹਦਾ ਮੁਕਾਬਲਾ ਨਹੀਂ ਕਰ ਸਕਦੇ। ਤੁਹਾਡੇ ਪੁੰਨ ਕਰਮ ਜਾਗ ਪਏ, ਪੁੰਨ ਕਰਮ ਜਾਗਣ ਨਾਲ ਗੁਰੂ ਮਹਾਰਾਜ ਦਾ ਦਰਬਾਰ ਲੱਗ ਗਿਆ ਤੇ ਸਾਰਿਆਂ ਨੂੰ ਪ੍ਰੇਰਨਾ ਹੋ ਗਈ। ਜਿੰਨਿਆ ਦੇ ਪੁੰਨ ਕਰਮ ਜਾਗੇ ਨੇ, ਸਾਰੇ ਹੀ ਸਤਿਸੰਗ ਵਿਚ ਆ ਗਏ। ਮਹਾਂ ਤੀਰਥ ਵਿਚ ਇਸ਼ਨਾਨ ਕਰਨ ਆ ਗਏ। ਇਸ ਤੋਂ ਵੱਡਾ ਤੀਰਥ ਨਹੀਂ ਸੰਸਾਰ ਵਿਚ ਕੋਈ।

ਮਹਾਰਾਜ ਕਹਿੰਦੇ –

*ਕੋਟਿ ਤੀਰਥ ਮਜਨ ਇਸਨਾਨਾ*
*ਇਸੁ ਕਲਿ ਮਹਿ ਮੈਲੁ ਭਰੀਜੈ॥ ਅੰਗ - 747*

ਨਾ ਜਾਓ ਹੁਣ ਤੀਰਥਾਂ ਤੇ ਨਹਾਉਣ ਵਾਸਤੇ, ਉਹ ਤਾਂ ਮੈਲ ਨਾਲ ਭਰੇ ਪਏ ਨੇ, ਸਾਧੂ ਹੈ ਨਹੀਂ। ਪਾਖੰਡ ਵਰਤ ਗਿਆ ਸਾਰੇ ਥਾਂ ਥਾਂ ਦੇ ਉਤੇ, ਗੱਲਾਂ ਹੀ ਹੋਰ ਹੋ ਗਈਆਂ, ਸਾਧੂ ਤਾਂ ਬਹੁਤ ਘੱਟ ਰਹਿ ਗਏ।

*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥*
*ਅੰਗ - 1411*

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਪਿਆਰਿਓ! ਉਹਨਾਂ ਤੀਰਥਾਂ ਤੇ ਜਿਨ੍ਹਾਂ ਤੇ ਤੁਸੀਂ ਇਸ਼ਨਾਨ ਕਰਨ ਦੀ ਗੱਲ ਕਰਦੇ ਹੋ, ਉਹ ਤਾਂ ਆਪ ਮੈਲੇ ਨੇ।

*ਸਾਧਸੰਗਿ ਹਰਿ ਕੇ ਗੁਨ ਗਾਉ॥ ਅੰਗ - 272*

ਜਿਹੜਾ ਸੰਗਤ ਵਿਚ ਆ ਕੇ ਹਰੀ ਦੇ ਗੁਣ ਗਾ ਲਵੇਗਾ, ਉਹਦੇ ਸਾਰੇ ਪਾਪਾਂ ਦਾ ਨਾਸ਼ ਹੋ ਜਾਏਗਾ। ਐਸਾ ਬਾਣੀ ਵਿਚ ਫੁਰਮਾਨ ਹੈ ਪੜ੍ਹੋ ਪਿਆਰ ਦੇ ਨਾਲ –

*ਧਾਰਨਾ - ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਵੇ,*
*ਸਤਿਨਾਮ ਬੋਲ ਵਾਹਿਗੁਰੂ।*

ਜਿਸ ਤਰ੍ਹਾਂ ਦੇ ਨਾਲ ਲੱਕੜਾਂ ਪਈਆਂ ਹੋਣ, ਇਕ ਚੰਗਿਆੜਾ ਲਿਆ ਕੇ ਉਹਨਾਂ ਵਿਚ ਰੱਖ ਦਿਓ, ਅੱਗ ਮੱਗ ਜਾਵੇ ਤੇ ਇਕੋ ਚੰਗਿਆੜਾ ਹੀ ਸਾਰੀਆਂ ਲੱਕੜਾਂ ਨੂੰ ਜਾਲ ਦਿੰਦਾ ਹੈ।

*ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ਅੰਗ - 1195*

ਕਰੋੜਾਂ ਪਾਪਾਂ ਦਾ ਨਾਸ਼ ਕਰਨ ਨੂੰ ਸਮਰੱਥ ਹੈ। ਸੋ ਮਹਾਰਾਜ ਕਹਿੰਦੇ, ਪਿਆਰਿਓ! ਜਿਹੜਾ ਸੰਗਤ ਵਿਚ ਆ ਕੇ ਹਰੀ ਦਾ ਗੁਣ ਗਾ ਲਵੇ, ਉਹਦੇ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦੈ। ਬਾਕੀ –

*ਬੇਦ ਕਤੇਬ ਸਿਮ੍ਰਿਤਿ ਸਾਸਤ*
*ਇਨ ਪੜਿਆ ਮੁਕਤਿ ਨ ਹੋਈ॥ ਅੰਗ - 747*

ਪੜ੍ਹਨ ਨਾਲ ਨਾਹੀ –

*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਅੰਗ - 148*

ਜਿੰਨਾ ਚਿਰ ਅੰਦਰ ਬੁਝਦਾ ਨਹੀਂ ਹੈ, ਉਨਾ ਚਿਰ ਨਹੀਂ ਪਤਾ ਲੱਗਦਾ। ਪੜ੍ਹਨਾ ਲਿਖਣਾ ਸੰਸਾਰ ਦਾ ਕੰਮ ਹੈ। ਇਹ ਤਾਂ ਦੁਨੀਆਂ ਪੜ੍ਹਦੀ ਹੈ ਸਾਰੀ। ਪੜ੍ਹਨ ਨਾਲ ਨਹੀਂ–

*ਏਕੁ ਅਖਰੁ ਜੋ ਗੁਰਮਖਿ ਜਾਪੈ ਤਿਸ ਕੀ ਨਿਰਮਲ ਸੋਈ॥*
*ਅੰਗ - 747*

ਜਿਹੜਾ ਇਕ ਅੱਖਰ ਵਾਹਿਗੁਰੂ, ਰਾਮ ਅੱਖਰ, ਅੱਲਾ ਅੱਖਰ ਗੋਬਿੰਦ, ਨਰਾਇਣ। ਵਾਹਿਗੁਰੂ ਦੇ ਕਈ ਨਾਉ ਹਨ।

*ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥*
*ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥*
*ਅੰਗ - 722*

ਉਸ ਨਾਮ ਦਾ ਜੋ ਜਾਪ ਕਰਦਾ ਹੈ ਉਹ ਨਿਰਮਲ ਹੋ ਜਾਂਦਾ ਹੈ, ਉਹਦੇ ਸਾਰੇ ਪਾਪ ਮਿਟ ਜਾਂਦੇ ਨੇ।

ਕਹਿਣ ਲੱਗੇ, "ਸੱਚੇ ਪਾਤਸ਼ਾਹ! ਪਹਿਲੇ ਜ਼ਮਾਨਿਆਂ 'ਚ ਇਹੋ ਜਿਹੇ ਉਪਦੇਸ਼ ਕੇਵਲ ਬ੍ਰਾਹਮਣ ਤੇ ਖਤਰੀਆਂ ਨੂੰ ਦਿੱਤੇ ਜਾਂਦੇ ਸੀ ਤੇ ਕਿਰਪਾ ਕਰਕੇ ਇਹ ਦੱਸੋ ਕਿ ਕੀ ਇਹ ਇਹ ਉਪਦੇਸ਼ ਸਾਰਿਆਂ ਵਾਸਤੇ ਹੈ?

ਮਹਾਰਾਜ ਕਹਿੰਦੇ –

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ*
*ਚਹੁ ਵਰਨਾ ਕਉ ਸਾਝਾ॥*
*ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ*
*ਘਟਿ ਘਟਿ ਨਾਨਕ ਮਾਝਾ॥ ਅੰਗ - 747*

ਸੋ ਪੰਜਵੇਂ ਪਾਤਸ਼ਾਹ ਮਹਾਰਾਜ ਕਹਿਣ ਲੱਗੇ ਕਿ ਪਿਆਰਿਓ ਸਾਰਿਆਂ ਨਾਲੋਂ ਸੁਖਾਲਾ ਤਰੀਕਾ ਇਹ ਹੈ ਕਿ ਜੇ –

*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ॥ ਅੰਗ - 747*

ਜਿਸ ਨੇ ਵੀ ਬਚਨ ਕਮਾ ਲਿਆ ਉਹ ਤਰ ਗਿਆ।

ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ ਕਰਦੇ ਅੱਜ ਬੰਗਾਲ ਵਿਚ ਪਹੁੰਚੇ ਹੋਏ ਨੇ, ਢਾਕੇ ਦੇ ਨੇੜੇ ਨੇ, ਉਥੇ ਵੱਡੇ ਵੱਡੇ ਜਿਹੇ ਜਾਬਰ ਸੀ, ਉਹਨਾਂ ਨੂੰ ਮਹਾਰਾਜ ਜੀ ਨੇ ਸੁਮੱਤ ਦਿੱਤੀ।

ਨੂਰਸ਼ਾਹ ਜਾਦੂਗਰਨੀ ਸੀ, ਇਹੋ ਜਿਹਾ ਜਾਦੂ ਸੀ, ਬੰਦੇ ਨੂੰ ਹਿਪਨੋਟਾਈਜ਼ ਕਰ ਦੇਣਾ, ਜੇ ਉਹਨੇ ਕਹਿ ਦੇਣਾ ਕਿ ਤੂੰ ਭੇਡੂ ਹੈ ਤਾਂ ਉਹਨੇ ਭੇਡੂ ਵਾਂਗ ਬੋਲਣ ਲੱਗ ਪੈਣਾ। ਜੇ ਕਹਿਣਾ ਤੂੰ ਬੈਲ ਹੈ ਤਾਂ ਬੈਲ ਬਣ ਜਾਂਦਾ ਸੀ। ਉਹ ਹਿਪਨੋਟਾਈਜ਼ ਕਰਕੇ ਮਾਨਸਿਕ ਦਸ਼ਾ ਤਬਦੀਲ ਕਰ ਦਿੰਦੀ ਸੀ।

ਮਰਦਾਨਾ ਵੀ ਫਸ ਗਿਆ ਉਥੇ ਜਾ ਕੇ। ਮਰਦਾਨੇ ਨੂੰ ਗੁਰੂ ਮਹਾਰਾਜ ਜੀ ਨੇ ਕੱਢਿਆ ਤੇ ਉਸਨੂੰ ਸੁਮੱਤ ਦਿੱਤੀ। ਉਸੇ ਵੇਲੇ ਪਤਾ ਲੱਗਿਆ ਕਿ ਸੱਚੇ ਪਾਤਸ਼ਾਹ! ਇਕ ਇਥੇ ਵੱਡਾ ਸਰਦਾਰ ਹੈ ਉਹ ਦਾਨੀ ਵੀ ਬਹੁਤ ਹੈ ਉਹਦਾ ਜਸ ਵੀ ਬਹੁਤ ਹੈ ਢਾਕੇ ਵਿਚ, ਰਾਜਾ ਵੀ ਉਹਦੀ ਇਜ਼ਤ ਕਰਦਾ ਹੈ। ਪਰ ਸੱਚੇ ਪਾਤਸ਼ਾਹ ਜਿਹੜੀ ਗੁਪਤ ਦੁਨੀਆ ਹੈ ਉਹਦੇ 'ਚ ਉਹ ਡਾਕੇ ਮਾਰਦੈ। ਗਰੀਬਾਂ ਨੂੰ ਲੁੱਟਦੈ, ਧਾੜੇ ਮਾਰਦੈ। ਉਹ ਫਿਰ ਸਾਧੂਆਂ ਸੰਤਾਂ ਨੂੰ ਵੰਡਦਾ ਵੀ ਹੈ, ਖਿਲਾਉਂਦਾ ਵੀ ਹੈ ਤੇ ਬੜਾ ਵੱਡਾ ਪੁੰਨੀ ਮਸ਼ਹੂਰ ਹੋਇਆ ਹੈ। ਕੋਈ ਉਹਦਾ ਨਾਉਂ ਦੂਜੀ ਤਰ੍ਹਾਂ ਨਹੀਂ ਲੈਂਦਾ, ਪੁੰਨੀਆਂ ਵਿਚ ਨਾਮ ਲੈਂਦੇ ਨੇ, ਬਈ ਧੰਨ ਹੈ ਉਹ, ਧੰਨ ਉਹਦੀ ਮਾਤਾ ਹੈ ਉਹ ਕਿੰਨਾ ਵੱਡਾ ਦਾਨੀ ਹੈ।

ਪਰ ਮਹਾਰਾਜ ਉਹ ਚੋਰੀਆਂ ਕਰਦੈ। ਦੂਜਾ ਇਹ ਹੈ ਕਿ ਉਹਨੇ ਪਿੰਡ ਵਿਚ ਕਿਹਾ ਹੋਇਆ ਹੈ ਕਿ ਕੋਈ ਬੰਦਾ ਸਾਧੂ ਸੰਤ ਨੂੰ ਪਰਸ਼ਾਦਾ ਨਾ ਛਕਾਵੈ ਤੇ ਜੋ ਛਕਾਵੇਗਾ ਮੈਂ ਉਹਦਾ ਘਰ ਉਜਾੜ ਦਿਆਂਗਾ। ਪਰਸ਼ਾਦਾ ਜਿਸਨੇ ਵੀ ਛਕਣਾ ਹੈ ਮੇਰੇ ਘਰ ਛਕਣੈ। ਉਹਨੇ ਪੁੰਨ ਬੰਦ ਕਰ ਦਿੱਤੇ ਸਾਰਿਆਂ ਦੇ।

ਮਹਾਰਾਜ ਕਹਿੰਦੇ, "ਮਰਦਾਨਿਆ! ਫੇਰ ਤਾਂ ਚੱਲ ਬਈ ਆਪਾਂ ਉਹਦੇ ਕੱਲ ਹੀ ਚੱਲਦੇ ਹਾਂ।"

ਮਹਾਰਾਜ ਚਲਦੇ ਚਲਦੇ ਉਸ ਨਗਰ 'ਚ ਪਹੁੰਚ ਗਏ ਉਥੇ ਆ ਕੇ ਜਦ ਦਰਸ਼ਨ ਕਰੇ, ਉਸ ਵੇਲੇ ਜਿਹਨਾਂ ਦਾ ਘਰ ਨੇੜੇ ਸੀ, ਉਹ ਚਰਨਾਂ ਤੇ ਢਹਿ ਪਏ।

ਕਹਿੰਦੇ, "ਸੱਚੇ ਪਾਤਸ਼ਾਹ! ਲੰਘੋ ਨਾ, ਆਪਣੇ ਚਰਨਾਂ ਦੀ ਛੋਹ ਦੇ ਕੇ ਜਾਵੋ, ਕਿਰਪਾ ਕਰੋ, ਪਵਿੱਤਰ ਕਰ ਜਾਵੋ।"

ਮਹਾਰਾਜ ਜੀ ਨੇ ਬੇਨਤੀ ਮੰਨੀ, ਘਰ ਵਿਚ ਚਰਨ ਪਾਏ, ਪਲੰਘ ਉਸਨੇ ਡਾਹ ਦਿੱਤਾ। ਮਹਾਰਾਜ ਜੀ ਦਾ ਆਸਣ ਕਰਾ ਦਿੱਤਾ। ਜਲ ਲਿਆ ਦਿੱਤਾ। ਬੜੇ ਪਿਆਰ ਨਾਲ ਚਰਨਾ ਦੀ ਧੂੜ ਲਾਹੀ। ਉਸਤੇ ਮਰਦਾਨਾ ਕਹਿਣ ਲੱਗਾ, "ਮਹਾਰਾਜ! ਇਹ ਸੇਵਾ ਤਾਂ ਬਹੁਤ ਕਰਦੇ ਨੇ, ਪਰ ਜਲ ਪਾਣੀ ਨੂੰ ਕੋਈ ਵੀ ਨਹੀਂ ਪੁੱਛਦਾ, ਆਪ ਹੀ ਕਹਿਣਾ ਪਵੇਗਾ।"

ਮਹਾਰਾਜ ਕਹਿਣ ਲੱਗੇ, "ਨਹੀਂ ਭਾਈ! ਆਪਾਂ ਪੁੱਛ ਲੈਂਦੇ ਹਾਂ।"

ਜਦੋਂ ਘਰਵਾਲੇ ਆ ਕੇ ਬੈਠ ਗਏ। ਮਹਾਰਾਜ ਕਹਿਣ ਲੱਗੇ, "ਕਿਉਂ ਭਾਈ ਪ੍ਰੇਮੀਓ! ਜਦ ਕੋਈ ਅਤਿਥੀ ਆਵੇ, ਮਹਾਂਪੁਰਸ਼ ਆਵੇ ਤਾਂ ਗ੍ਰਹਿਸਥੀ ਦਾ ਫਰਜ਼ ਬਣਦਾ ਹੈ ਕਿ ਉਸਨੂੰ ਪ੍ਰਸ਼ਾਦ ਪਾਣੀ ਵੀ ਪੁੱਛੇ। ਸੇਵਾ ਤਾਂ ਤੁਸੀਂ ਬਹੁਤ ਕਰਦੇ ਹੋ, ਜਦੋਂ ਦੇ ਆਏ ਹਾਂ ਪਹਿਲਾਂ ਤੁਸੀਂ ਸਾਡੇ ਜਲ ਨਾਲ ਚਰਨ ਧੋਤੇ, ਫਿਰ ਹੁਣ ਪੱਖਾ ਝੱਲੀ ਜਾਂਦੇ ਹੋ, ਹੋਰ ਵੀ ਸੇਵਾ ਕਰਦੇ ਹੋ, ਪਰ ਕੋਈ ਜਲ ਪਾਣੀ, ਪ੍ਰਸ਼ਾਦ ਪਾਣੀ ਦੀ ਗੱਲ ਕਿਉਂ ਨਹੀਂ ਕਰਦੇ।"

ਕਹਿੰਦੇ, "ਸੱਚੇ ਪਾਤਸ਼ਾਹ ਕੀ ਦੱਸੀਏ? ਸਾਡਾ ਜੋ ਸਰਦਾਰ ਹੈ ਉਹ ਬਹੁਤ ਡਾਢਾ ਹੈ, ਉਹਦਾ ਹੁਕਮ ਹੈ ਕਿ ਜੇ ਕਿਸੇ ਨੇ ਸਾਧੂ ਨੂੰ ਪਰਸ਼ਾਦਾ ਛਕਾ ਦਿੱਤਾ ਮੈਂ ਉਹਦਾ ਘਰ ਉਜਾੜ ਦੇਵਾਂਗਾ। ਮੇਰੇ ਘਰ ਭੇਜੋ ਉਸਨੂੰ ਮੈਂ ਉਸ ਨੂੰ ਸਭ ਕੁਛ ਛਕਾਵਾਂਗਾ। ਸੋ ਮਹਾਰਾਜ ਸਾਡੇ ਤਾਂ ਪੁੰਨ ਖੋਹ ਲਏ ਉਸਨੇ ਸਾਰੇ।"

ਗੁਰੂ ਮਹਾਰਾਜ ਕਹਿਣ ਲੱਗੇ, "ਚੱਲ ਭਾਈ ਮਰਦਾਨਾ ਅਸੀਂ ਉਥੇ ਚੱਲੀਏ।"

ਜਦ ਉਥੇ ਪਹੁੰਚੇ ਤਾਂ ਉਹਦੇ ਸੇਵਾਦਾਰ ਖੜੇ ਨੇ, ਬੜਾ ਚਾਉ ਦਿਖਾਇਆ, ਬੜੀ ਆਉ ਭਗਤ ਕੀਤੀ ਤੇ ਮਹਾਰਾਜ ਜੀ ਨੂੰ ਲਿਜਾ ਕੇ ਪਲੰਘ ਤੇ ਬਿਰਾਜਮਾਨ ਕਰਾ ਦਿੱਤਾ, ਜਲ ਪਾਣੀ ਪੁੱਛਿਆ। ਉਹਤੇ ਬਾਅਦ ਸਰਦਾਰ ਆ ਗਿਆ। ਉਸਨੇ ਆ ਕੇ ਨਮਸਕਾਰ ਕੀਤੀ। ਨਮਸਕਾਰ ਕਰਕੇ ਜਦ ਉਸਨੇ ਗੁਰੂ ਮਹਾਰਾਜ ਦੇ ਨੇਤਰਾਂ ਵੱਲ ਦੇਖਿਆ, ਠਠੰਬਰ ਗਿਆ ਉਸੇ ਵੇਲੇ। ਅੱਜ ਤੱਕ ਕੋਈ ਐਸਾ ਨਹੀਂ ਆਇਆ ਜਿਸ ਕੋਲੋਂ ਇਹ ਕੰਬਿਆ ਹੋਵੇ। ਸਾਰੇ ਸਾਧੂ ਜਿੰਨੇ ਆਉਂਦੇ ਸੀ, ਇਹਦੀ ਪ੍ਰਸੰਸਾ ਕਰਦੇ ਸੀ, ਪਹਿਲਾਂ ਹੀ ਕਹਿੰਦੇ ਸੀ ਭਾਈ ਭੂਮੀਆ ਤੂੰ ਤਾਂ ਧੰਨ ਹੈ, ਬੜੀ ਸੇਵਾ ਕਰਦੈ।

ਪਰ ਅੱਜ ਮੈਂ ਇਹਨਾਂ ਨੂੰ ਵੇਖ ਕੇ ਕਿਉਂ ਕੰਬਿਆ, ਕੀ ਗੱਲ ਹੈ, ਉਸ ਵੇਲੇ ਪਰਸ਼ਾਦਾ ਲੈ ਕੇ ਆਉਂਦਾ ਹੈ।

ਮਹਾਰਾਜ ਕਹਿੰਦੇ, "ਭਾਈ ਭੂਮੀਆ! ਅਸੀਂ ਪਰਸ਼ਾਦਾ ਤਾਂ ਤੇਰਾ ਛਕ ਲਵਾਂਗੇ, ਪਰ ਤੂੰ ਇਹ ਦੱਸ ਕਿ ਇਹ ਕਿਰਤ ਕਿਹੜੀ ਦਾ ਹੈ।"

ਕਹਿੰਦਾ, "ਮਹਾਰਾਜ ਕੀ ਮਤਲਬ।"

ਮਹਾਰਾਜ ਕਹਿੰਦੇ, "ਭਾਈ ਦੋ ਤਰ੍ਹਾਂ ਦੀ ਕਿਰਤ ਹੁੰਦੀ ਹੈ ਇਕ ਤਾਂ ਉਹ ਹੁੰਦੀ ਹੈ ਜਿਹੜੀ ਪਰਮੇਸ਼ਰ ਨੂੰ ਭਾਉਂਦੀ ਹੈ ਉਹ ਹੈ ਦਸਾਂ ਨਹੁੰਆਂ ਦੀ ਕਿਰਤ, ਉਹ ਗੁਰੂ ਘਰ ਦੇ ਸਿੱਖ ਮਿਹਨਤ ਕਰਦੇ ਨੇ, ਮਿਹਨਤ ਕਰਕੇ ਆਪ ਵੀ ਛਕਦੇ ਨੇ ਤੇ ਦੂਜਿਆ ਨੂੰ ਵੀ ਛਕਾਉਂਦੇ ਨੇ। ਭਾਈ ਭੂਮੀਆ ਇਕ ਤਾਂ ਉਹ ਕਿਰਤ ਹੈ, ਬੜੀ ਸ਼ੁਧ ਕਿਰਤ ਹੈ, ਜਿਹਦੇ ਵਿਚ ਕਿਸੇ ਦਾ ਕੋਈ ਅੰਸ਼ ਨਾ ਆਇਆ ਹੋਵੇ। ਦੂਸਰੀ ਉਹ ਹੋਇਆ ਕਰਦੀ ਹੈ ਜੋ ਲੋਕਾਂ ਤੋਂ ਖੋਹ ਖੁੰਝ ਕੇ ਠੱਗੀਆਂ

ਧੋਖੇ ਕਰਕੇ ਕਿਰਤ ਕਰ ਲਈ, ਉਹ ਮਾੜੀ ਕਿਰਤ ਹੈ ਤੇ ਅਸੀਂ ਇਹ ਪੁੱਛਦੇ ਹਾਂ ਕਿ ਤੂੰ ਕੀ ਕੰਮ ਕਰਦਾ ਹੈ, ਜਿਹਦੇ ਵਿਚੋਂ ਲੰਗਰ ਚਲਾਉਂਦਾ ਹੈ, ਇੰਨੇ ਸਾਧੂਆਂ ਦੀ ਸੇਵਾ ਕਰਦੈਂ, ਇੰਨਾ ਤੇਰਾ ਜਸ ਸੁਣਿਐਂ।"

ਉਸ ਵੇਲੇ ਮਹਾਰਾਜ ਵੱਲ ਵੇਖ ਕੇ ਝੂਠ ਨਾ ਬੋਲ ਹੋਇਆ।

ਕਹਿੰਦੇ, "ਕੀ ਗੱਲ ਬੋਲਦਾ ਨਹੀਂ ਹੈ?"

ਕਹਿੰਦਾ, "ਮਹਾਰਾਜ! ਕੀ ਬੋਲਾਂ, ਗੱਲ ਆਉਂਦੀ ਹੈ ਪਰ ਬਾਹਰ ਨਹੀਂ ਆਉਂਦੀ, ਗੱਲ ਵਿਚ ਹੀ ਰੁਕ ਜਾਂਦੀ ਹੈ।"

ਕਹਿੰਦੇ, "ਕੀ ਗੱਲ?"

ਕਿਉਂਕਿ ਸੱਚ ਦੇ ਸਾਹਮਣੇ ਝੂਠ ਬੋਲਣਾ ਬਹੁਤ ਔਖਾ ਹੈ। ਵੈਸੇ ਤਾਂ ਕੋਈ ਬੰਦਾ ਝੂਠ ਨਹੀਂ ਬੋਲਦਾ, ਇਹ ਗੱਲ ਧਿਆਨ ਨਾਲ ਸੁਣ ਲਓ। ਚਾਰ ਬੋਲੀਆਂ ਨੇ ਸਾਡੀਆਂ। ਇਕ ਨੂੰ ਪਰਾ ਬਾਣੀ ਕਹਿੰਦੇ ਨੇ, ਜਿਹੜੀ ਅੰਦਰ ਹੈ ਡੂੰਘੀ। ਦੂਸਰੀ ਜਿਥੇ ਆ ਕੇ ਫੁਰਨਾ ਬਣਦਾ ਹੈ ਉਸ ਨੂੰ ਪਸੰਤੀ ਬਾਣੀ ਕਹਿੰਦੇ ਨੇ। ਇਥੇ ਤੱਕ ਤਾਂ ਆਦਮੀ ਬੋਲਦਾ ਹੈ ਸੱਚ। ਜਿਸ ਵਕਤ ਮਧਮਾ 'ਚ ਆਉਂਦਾ ਹੈ ਗੱਲ ਕੋਲ ਬੋਲੀ ਆ ਗਈ, ਉਥੇ ਝੂਠ ਰਲਾਉਣਾ ਸ਼ੁਰੂ ਕਰ ਦਿੰਦਾ ਹੈ। ਆਹ ਜੋ ਮੈਂ ਬੋਲ ਰਿਹਾ ਹਾਂ, ਇਹਨੂੰ ਬੈਖਰੀ ਬਾਣੀ ਕਹਿੰਦੇ ਹਨ। ਜਦ ਇਹਦੇ 'ਚ ਬੋਲਦਾ ਹੈ ਫਿਰ ਭਾਵੇਂ ਸਾਰਾ ਹੀ 100% ਹੀ ਝੂਠ ਬੋਲ ਦੇਵੇ। ਅੱਧੇ ਹਿੱਸੇ ਤੱਕ ਝੂਠ ਨਹੀਂ ਬੋਲ ਸਕਦਾ। ਜਿਹੜੇ ਅੱਜ ਕੱਲ ਦੇ ਸਾਇੰਸਦਾਨ ਨੇ, ਇਹਨਾਂ ਨੂੰ ਇਸ ਗੱਲ ਦਾ ਪਤਾ ਲੱਗ ਗਿਐ, ਇਹ ਜਦ ਕੋਈ ਆਦਮੀ ਗੁਨਾਹ ਕਰਦਾ ਹੈ, ਇਹਨਾਂ ਨੇ ਮਸ਼ੀਨਾਂ ਬਣਾਈਆਂ ਹੋਈਆਂ detective ਕਹਿੰਦੇ ਨੇ ਉਹਨਾਂ ਨੂੰ। ਉਹਦੇ ਸਾਹਮਣੇ ਖੜ੍ਹਾ ਕਰਕੇ ਸਵਾਲ ਕਰੀ ਜਾਂਦੇ ਨੇ, ਤੈਂ ਇਉਂ ਕਰਿਆ, ਤੈਂ ਐਂ ਕਰਿਆ। ਕਿਸੇ ਨੂੰ ਸਵਾਲ ਕਰਕੇ ਦੇਖ ਲਓ, ਪਾਪ ਕਰਕੇ ਆਇਆ ਹੋਵੇ। ਉਹਨੂੰ ਪੁਛੋ ਕਿ ਤੈਂ ਪਾਪ ਕਰਿਆ। ਅੰਦਰੋਂ ਤਾਂ ਮੰਨ ਜਾਂਦਾ ਹੈ ਕਿ ਕਰਿਆ ਹੈ, ਬਾਹਰੋਂ ਮੂੰਹ ਤੋਂ ਕਹਿ ਦਏਗਾ ਕਿ ਮੈਂ ਨਹੀਂ ਕਰਿਆ। ਉਹ ਕਹਿੰਦੇ ਬੋਲੀਂ ਨਾ, ਅਸੀਂ ਸਵਾਲ ਕਰੀ ਜਾਣੇ ਨੇ, ਸਾਨੂੰ ਪਤੈ ਤੂੰ ਕੀ ਕਹਿਣਾ ਹੈ। ਸੂਈ ਹਿੱਲੀ ਜਾਂਦੀ ਹੈ। ਕਾਗਜ਼ ਹੁੰਦਾ ਹੈ ਉਹਦੇ ਤੇ ਲਕੀਰਾਂ ਨਿਕਲੀ ਜਾਂਦੀਆਂ ਨੇ। ਪੜ੍ਹਨ ਵਾਲੇ ਪੜ੍ਹ ਲੈਂਦੇ ਨੇ ਕਿ ਇਸਨੇ ਇੰਨੀਆਂ ਗੱਲਾਂ ਵਿਚ ਹਾ ਕਰਿਆ। ਉਸ ਨੂੰ ਕਹਿ ਦਿੰਦੇ ਨੇ ਕਿ ਆਹ ਆਹ ਗੱਲਾਂ ਵਿਚ ਹਾਂ ਕਰਿਆ ਹੈ। ਉਸ ਨੂੰ ਕਹਿ ਦਿੰਦੇ ਨੇ ਕਿ ਆਹ ਆਹ ਗੱਲਾਂ ਤੱਰੀਆਂ ਸੱਚੀਆਂ ਨੇ ਤੇ ਤੂੰ ਮੂੰਹ ਨਾਲ ਝੂਠ ਕਹਿੰਦਾ ਹੈਂ। ਉਹ ਮੰਨ ਜਾਂਦੇ ਨੇ ਕਿ ਹਾਂ ਜੀ ਮੈਂ ਸਭ ਕੁਝ ਕਰਿਆ ਜੋ ਤੁਸੀਂ ਕਹਿੰਦੇ ਹੋ। ਮਸ਼ੀਨ ਨੂੰ ਪਤਾ ਹੁੰਦਾ ਹੈ ਕਿ ਹੇਠਲਾ ਹਿੱਸਾ ਸੱਚ ਬੋਲਦਾ ਹੈ ਤੇ ਉਪਰਲਾ ਹਿੱਸਾ ਝੂਠ ਬੋਲਦਾ ਹੈ। ਕਿਸੇ ਬੰਦੇ ਨੂੰ ਪੁੱਛ ਲਓ ਓਹੀ ਸੱਚ ਬੋਲੇਗਾ।

ਉਹ ਕਹਿਣ ਲੱਗਾ, "ਸੱਚੇ ਪਾਤਸ਼ਾਹ! ਅੱਜ ਨਹੀਂ ਕੁਝ ਵੀ ਛਿਪਦਾ ਤੈਥੋਂ, ਜੋਰ ਨਾਲ ਨਿਕਲ ਰਿਹਾ ਹੈ, ਮੈਂ ਤਾਂ ਚੋਰੀਆਂ, ਡਾਕੇ, ਧਾੜੇ ਮਾਰ ਕੇ ਲੰਗਰ ਚਲਾਉਂਦਾ ਹਾਂ।"

ਮਹਾਰਾਜ ਕਹਿਣ ਲੱਗੇ, "ਇਕ ਗੱਲ ਤੂੰ ਦੱਸ। ਜੇ ਕਿੱਕਰਾਂ ਬੀਜ ਲਈਏ ਤਾਂ ਅੰਗੂਰ ਲੱਗਦੇ ਨੇ, ਕੰਡਿਆਈ ਬੀਜ ਕੇ ਕਦੇ ਕਣਕ ਪੈਦਾ ਹੋਈ ਹੈ?

ਕਹਿੰਦਾ, "ਨਹੀਂ।"

ਕਹਿੰਦੇ, ਫੇਰ, ਇਹੀ ਅਸੂਲ ਹੈ ਨਾ –

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*

*ਅੰਗ - 134*

ਇਹ ਤਾਂ ਜਿਹੇ ਜਿਹਾ ਬੀਜਦਾ ਹੈ ਤਿਹੋ ਜਿਹਾ ਹੀ ਪ੍ਰਾਪਤ ਹੁੰਦਾ ਹੈ, ਇਸ ਤੋਂ ਵਿਪਰੀਤ ਨਹੀਂ ਹੁੰਦਾ। ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ –

*ਧਾਰਨਾ - ਕਿਥੋਂ ਭਾਲਦੈਂ ਤੂੰ ਦਾਖ ਬਿਜੌਰੀਆ,*
*ਕਿੱਕਰਾਂ ਦੇ ਬੀਜ ਬੀਜ ਕੇ।*

*ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥*
*ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ॥ ਅੰਗ - 1379*

ਕਿਉਂ ਭਾਈ ਭੂਮੀਆ! ਇਨਸਾਫ ਦੀ ਗੱਲ ਕਰ। ਕਿਸਾਨ ਬੀਜਦਾ ਤਾਂ ਕਿੱਕਰਾਂ ਹੈ, ਜੇ ਬਾਅਦ ਵਿਚ ਇਤਰਾਜ ਕਰੇ ਕਿ ਫਲ ਅੰਗੂਰਾਂ ਦਾ ਨਹੀਂ ਲੱਗਿਆ। ਤੂੰ ਦੱਸ ਸਿੱਧੀ ਗੱਲ ਅਸੀਂ ਤੇਰੇ ਨਾਲ ਕਰਦੇ ਹਾਂ। ਕਿਸਾਨ ਬੰਦਾ ਏ ਤੂੰ ਦੱਸ ਅੰਗੂਰ ਲੱਗ ਜਾਣਗੇ, ਕਿੱਕਰਾਂ ਦੇ ਬੀਜ ਬੀਜ ਕੇ।

ਕਹਿੰਦਾ, "ਨਹੀਂ ਮਹਾਰਾਜ।"

ਕਹਿੰਦੇ, "ਫਿਰ ਇਹ ਦੱਸ ਬੀਜਦਾ ਤੂੰ ਪਾਪ ਹੈਂ, ਤੇ ਕੀ ਇਹ ਪੁੰਨ ਬਣ ਜਾਣਗੇ ਉਹਦਾ ਫਲ।"

ਕਹਿੰਦਾ, "ਮਹਾਰਾਜ! ਮੈਂ ਤਾਂ ਕੁਝ ਵੀ ਨਹੀਂ ਕਰਦਾ, ਮੈਂ ਆਪ ਤਾਂ ਨਹੀਂ ਖਾਂਦਾ।"

ਕਹਿੰਦੇ, "ਹੋਰ ਕੀ ਕਰਦੈਂ।"

ਕਹਿੰਦਾ, "ਮੈਂ ਤਾਂ ਸਾਧੂ ਸੰਤਾਂ ਨੂੰ ਖਿਲਾ ਦਿੰਦਾ ਹਾਂ।"

ਕਹਿੰਦੇ, "ਫਿਰ ਸਾਧੂ ਸੰਤਾਂ ਨੂੰ ਹਜ਼ਮ ਹੋ ਜਾਏਗਾ ਅੰਨ, ਇਹ ਤਾਂ ਹੋਰ ਵੀ ਧੋਖਾ ਕਰਦਾ ਹੈਂ, ਉਹ ਤਾਂ ਤੇਰੀ ਕਰਦੇ ਨੇ ਪ੍ਰਸੰਸਾ, ਬਈ ਬੜਾ ਦਾਨੀ ਹੈ, ਬੜੇ ਵਸਤ੍ਰ ਦਿੰਦਾ ਹੈ, ਬੜੀ ਮਾਇਆ ਦਿੰਦਾ ਹੈ, ਬੜੇ ਸੋਹਣੇ ਸੋਹਣੇ ਲੰਗਰ ਬਣਾ ਕੇ ਛਕਾਉਂਦਾ ਹੈ, ਇਹ ਤਾਂ ਤੂੰ ਗੁਨਹਗਾਰ ਕਰ ਦਿੱਤੇ, ਉਹਨਾਂ ਦੀ ਬੁੱਧੀ ਭ੍ਰਿਸ਼ਟ ਕਰ ਦਿੱਤੀ ਮਾੜੇ ਅੰਨ ਦੇ ਨਾਲ, ਕਰਦਾ ਤੂੰ ਏ, ਇਹਦਾ ਫਲ ਤੈਨੂੰ ਵੀ ਭੋਗਣਾ ਪੈਣਾ ਹੈ, ਤੇ ਜਿਹੜੇ ਸਾਧੂਆਂ ਨੂੰ ਖਿਲਾਉਂਦਾ ਹੈ ਉਹਨਾਂ ਨੂੰ ਫਲ ਇਹ ਮਿਲਦਾ ਹੈ ਕਿ ਉਹਨਾਂ ਦੀ ਬਿਰਤੀ ਨਹੀਂ ਲੱਗਦੀ–

*ਜਾ ਕੀ ਰਹਤ ਨ ਜਾਣੀਐ ਗੁਰਬਾਣੀ ਨਹੀ ਰੀਤ।*
*ਤਿਸ ਦੇ ਹਥਹੁ ਖਾਧਿਆ ਵਿਸਰੈ ਹਰਿ ਕੀ ਪ੍ਰੀਤ॥*

*ਰਹਿਤਨਾਮਾ*

*'ਚਲਦਾ'*

# ਗੁਰੂ ਅਮਰਦਾਸ ਜੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਮਿਤੀ 19.4.90 ਨੂੰ ਧਮੋਟ ਵਿਖੇ ਲੱਗਿਆ ਦੀਵਾਨ)*

ਸ਼ਾਨ .....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*
*ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥*
*(ਰਹਿਰਾਸ ਸਾਹਿਬ)*
*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥*
*ਅੰਗ - 792*
*ਧਾਰਨਾ - ਮੁੱਲ ਖਰੀਦੀ ਲਾਲਾ ਗੋਲਾ,*
*ਮੇਰਾ ਨਾਉ ਸੁਭਾਗਾ ਜੀ - 2, 2.*
*ਮੇਰਾ ਨਾਉ ਸੁਭਾਗਾ ਜੀ - 2, 2.*
*ਮੁੱਲ ਖਰੀਦੀ ਲਾਲਾ ਗੋਲਾ,... - 2*
*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥*
*ਗੁਰ ਕੀ ਬਚਨੀ ਹਾਟਿ ਬਿਕਾਨਾ*
*ਜਿਤੁ ਲਾਇਆ ਤਿਤੁ ਲਾਗਾ॥*
*ਤੇਰੇ ਲਾਲੇ ਕਿਆ ਚਤੁਰਾਈ॥*
*ਸਾਹਿਬ ਕਾ ਹੁਕਮੁ ਨ ਕਰਣਾ ਜਾਈ॥*
*ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥*
*ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥*
*ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥*
*ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥*
*ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥*
*ਆਦਿ ਜੁਗਾਦਿ ਦਇਆਪਤਿ ਦਾਤਾ*
*ਤੁਧੁ ਵਿਣੁ ਮੁਕਤਿ ਨ ਪਾਈ॥ ਅੰਗ - 991*

*ਧਾਰਨਾ - ਲਾਲਾ ਗੋਲਾ, ਲਾਲਾ ਗੋਲਾ,*
*ਲਾਲਾ ਗੋਲਾ ਜੀ,*
*ਆਪਣੇ ਸਾਹਿਬ ਦਾ ਮੈਂ ਲਾਲਾ-ਗੋਲਾ ਜੀ।*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ - 2, 2.*
*ਮੇਰੇ ਪਿਆਰੇ, ਸੇਵਾ ਕਰਕੇ ਮਾਣ ਪਾਈਦੈ-2.*
*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,.......।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ-ਦਰਾਜ਼ ਤੋਂ ਗੁਰੂ ਮਹਾਰਾਜ ਜੀ ਦੀ ਪ੍ਰੇਰਨਾ ਦੇ ਸਦਕੇ ਅੱਜ ਆਪ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਹਜ਼ੂਰੀ ਦੇ ਅੰਦਰ ਸ਼ਸੋਭਿਤ ਹੋ। ਪਿਛਲੇ ਕਈ ਦਿਨਾਂ ਤੋਂ ਵਿਚਾਰ ਚਲ ਰਹੀ ਹੈ ਕਿ ਨਾਮ ਜਪਣ ਦੇ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਦੁੱਖਾਂ ਦੀ ਗਿਣਤੀ ਬੇਅੰਤ ਹੈ, ਕੋਈ ਹਿਸਾਬ-ਕਿਤਾਬ ਨਹੀਂ ਹੈ ਕਿ ਦੁੱਖ ਆਦਮੀ ਨੂੰ ਕਿੰਨੇ ਲੱਗੇ ਹੋਏ ਨੇ ਪਰ ਸਾਰਿਆਂ ਤੋਂ ਵੱਡਾ ਦੁੱਖ ਅਗਿਆਨਤਾ, ਅਵਿਦਿਆ, ਭੁੱਲ ਦਾ ਲੱਗਿਆ ਹੋਇਆ ਹੈ ਕਿਉਂਕਿ ਜਿੰਨਾਂ ਚਿਰ ਇਹ ਦੁੱਖ ਦੂਰ ਨਹੀਂ ਹੁੰਦਾ ਓਨੀ

ਧੰਨ ਧੰਨ ਗੁਰੂ ਅਮਰਦਾਸ ਸਾਹਿਬ ਜੀ ਮਹਾਰਾਜ

ਦੇਰ ਤਕ ਇਸ ਦਾ ਜੰਮਣਾ ਮਰਨਾ ਖਤਮ ਨਹੀਂ ਹੁੰਦਾ। ਸਾਰੇ ਦੁਖਾਂ ਦਾ ਇਲਾਜ ਜੇ ਕੋਈ ਹੈ ਤਾਂ ਉਹ ਪ੍ਰਮੇਸ਼ਰ ਦੀ ਯਾਦ ਹੀ ਹੈ। ਸਾਰੇ ਕਲਾ-ਕਲੇਸ਼ ਪ੍ਰਭੂ ਨੂੰ ਯਾਦ ਕਰਕੇ ਖਤਮ ਹੋ ਜਾਂਦੇ ਨੇ। ਏਸ ਤਰ੍ਹਾਂ ਨਾਲ ਫੁਰਮਾਨ ਹੈ -

*ਧਾਰਨਾ - ਸਿਮਰ ਪਿਆਰੇ ਨੂੰ,*
*ਸਿਮਰਉ ਸਿਮਰ ਸਿਮਰ ਸੁੱਖ ਪਾਵੋ - 2, 2.*
*ਸਿਮਰਉ ਸਿਮਰ ਸਿਮਰ ਸੁੱਖ ਪਾਵੋ - 2, 2.*
*ਸਿਮਰ ਪਿਆਰੇ ਨੂੰ,........ -2 , 2.*

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਅੰਗ - 262*

ਤਾਕੀਦ ਕੀਤੀ ਗਈ ਹੈ ਕਿ ਵਾਹਿਗੁਰੂ ਨੂੰ ਯਾਦ ਕਰੋ, ਯਾਦ ਰੱਖੋ। ਕੀ ਹੋਏਗਾ? ਸੁੱਖ ਦੀ ਪ੍ਰਾਪਤੀ ਹੋਏਗੀ।

*ਕਲਿ ਕਲੇਸ ਤਨ ਮਾਹਿ ਮਿਟਾਵਉ॥ ਅੰਗ - 262*

ਕਲ੍ਹਾ ਤੇ ਕਲੇਸ਼ ਜੋ ਸਾਰੇ ਸੰਸਾਰ ਵਿਚ ਪਈ ਹੋਈ ਹੈ, ਏਸ ਤਨ ਵਿਚ ਵੀ ਪਈ ਹੋਈ ਹੈ, ਮਿਟ ਜਾਏਗੀ। ਸੇਵਾ ਕਰਨ ਦੇ ਨਾਲ ਇਥੇ ਵੀ ਮਾਣ ਪ੍ਰਾਪਤ ਹੁੰਦਾ ਹੈ ਦਰਗਾਹ ਵਿਚ ਵੀ ਮਾਣ ਮਿਲਦਾ ਹੈ।

ਪਿਛਲੇ ਕਈ ਦਿਨਾਂ ਤੋਂ ਇਸੇ ਵਿਸ਼ੇ ਦੇ ਉਤੇ ਵਿਚਾਰ ਹੋ ਰਹੀ ਹੈ। ਪਹਿਲੇ ਦਿਨ ਆਪਾਂ ਨੇ ਵਿਚਾਰ ਕਰੀ ਸੀ ਕਿ ਨਾਮ ਜਪਣ ਦੇ ਨਾਲ ਸਰੀਰਕ ਦੁੱਖਾਂ ਦਾ, ਮਾਨਸਕ ਦੁੱਖਾਂ ਦਾ, ਆਧੀ-ਬਿਆਧੀ-ਉਪਾਧੀ ਆਦਿ ਸਾਰੇ ਕਿਸਮ ਦੇ ਦੁਖਾਂ ਦਾ ਇਲਾਜ ਹੋ ਜਾਇਆ ਕਰਦਾ ਹੈ। ਫੇਰ ਵਿਚਾਰ ਕਰੀ ਸੀ ਕਿ ਨਾਮ ਪੂਰੇ ਸਤਿਗੁਰੂ ਤੋਂ ਮਿਲਦਾ ਹੈ। ਪੂਰਾ ਸਤਿਗੁਰੂ ਕਿਹੋ ਜਿਹਾ ਹੁੰਦਾ ਹੈ? ਉਸ ਦੀ ਵਿਸਥਾਰ ਪੂਰਵਕ ਵਿਚਾਰ ਕੀਤੀ ਜਾ ਚੁੱਕੀ ਹੈ। ਤੀਸਰੇ ਦਿਨ ਵਿਚਾਰ ਕਰੀ ਸੀ ਕਿ ਗੁਰੂ ਕਿਹੋ-ਜਿਹਾ ਹੁੰਦਾ ਹੈ ਤੇ ਗੁਰੂ ਦੀ ਪ੍ਰਾਪਤੀ ਵਾਸਤੇ ਕਿੰਨੀ ਲਗਨ ਹੋਣੀ ਚਾਹੀਦੀ ਹੈ।

ਬਾਬਾ ਅਮਰਦਾਸ ਜੀ ਮਹਾਰਾਜ, ਆਪ ਤੀਰਥ ਯਾਤਰਾ ਜਾਂਦੇ ਹੋਏ ਇਕ ਬ੍ਰਹਮਚਾਰੀ ਨੂੰ ਮਿਲਦੇ ਨੇ। ਕਾਫੀ ਸਮਾਂ ਇਕੱਠੇ ਰਹਿਣ ਤੋਂ ਬਾਅਦ ਬ੍ਰਹਮਚਾਰੀ ਨੂੰ ਇਹ ਪਤਾ ਲਗਦਾ ਹੈ ਕਿ ਬਾਬਾ ਅਮਰਦਾਸ ਜੀ 71 ਸਾਲ ਦੀ ਉਮਰ ਤੱਕ ਨਿਗੁਰੇ ਨੇ। ਉਸ ਨੇ ਬਹੁਤ ਤਰਕ ਖਾਧੀ। ਇਕ ਦਮ ਉਠ ਕੇ ਕੋਸਦਾ ਹੋਇਆ ਚਲਿਆ ਗਿਆ। ਉਸ ਦੇ ਕਹੇ ਹੋਏ ਬਚਨ ਬਾਬਾ ਜੀ ਦੇ ਹਿਰਦੇ ਨੂੰ ਵਿੰਨ੍ਹ ਕੇ ਰੱਖ ਗਏ। ਨਾ ਦਿਨੇ ਨੀਂਦ ਆਉਂਦੀ ਹੈ ਨਾ ਰਾਤ ਨੂੰ ਚੈਨ ਆਉਂਦੀ ਹੈ। ਨਾ ਕੁਝ ਖਾਧਾ, ਨਾ ਕੁਝ ਪੀਤਾ ਤਿੰਨ ਦਿਨ, ਤਿੰਨ ਰਾਤਾਂ ਲੰਘ ਗਈਆਂ। ਚੌਥੇ ਦਿਨ ਅਰਦਾਸਾਂ ਕੀਤੀਆਂ ਤੇ ਅਰਦਾਸ ਸੁਣੀ ਗਈ ਦਰਗਾਹ ਦੇ ਅੰਦਰ ਤੇ ਗੁਪਤ ਰੂਪ ਵਿਚ ਵਰਤ ਰਹੇ ਸਤਿਗੁਰੂ ਨੇ ਪ੍ਰੇਰਨਾ ਕੀਤੀ ਤੇ ਬੀਬੀ ਅਮਰੋ ਦੇ ਰਾਹੀਂ ਪੂਰੇ ਸਤਿਗੁਰੂ ਦਾ ਪਤਾ ਲੱਗਿਆ। ਬੀਬੀ ਅਮਰੋ ਜੀ ਨੂੰ ਲੈ ਕੇ ਬਾਬਾ ਜੀ ਖਡੂਰ ਸਾਹਿਬ ਪਹੁੰਚਦੇ ਨੇ ਤੇ ਉਥੇ ਚਰਨ ਸ਼ਰਨ ਪ੍ਰਾਪਤ ਕਰਕੇ ਆਪ ਬੇਨਤੀ ਕਰਦੇ ਨੇ ਕਿ ਮਹਾਰਾਜ! ਮੈਂ ਰਿਸ਼ਤੇਦਾਰ ਬਣ ਕੇ ਨਹੀਂ ਆਪ ਦੇ ਪਾਸ ਆਇਆ, ਮੈਂ ਤਾਂ ਪਿਆਸਾ, ਮੰਗਤਾ ਝੋਲੀ ਅੱਡ ਕੇ ਤੇਰੇ ਦਰ ਤੇ ਆਇਆ ਹਾਂ। ਕ੍ਰਿਪਾ ਕਰੋ ਮੇਰੇ ਉਤੇ। ਮੈਨੂੰ ਆਪਣੇ ਚਰਨਾਂ ਦਾ ਦਾਸ ਬਣਾ ਲਓ ਤੇ ਮੈਨੂੰ ਨਾਮ ਦੀ ਖੈਰ ਪਾ ਦਿਓ -

*ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ॥*
*ਅੰਗ - 746*

ਸੋ ਉਸ ਵੇਲੇ ਨਾਮ ਦੇਣ ਤੋਂ ਪਹਿਲਾਂ ਇਹ ਵੇਖ ਲੈਂਦੇ ਸੀ ਕਿ ਨਾਮ ਫਲੀਭੂਤ ਹੋ ਜਾਏ। ਜਿਸ ਜ਼ਮੀਨ ਵਿਚ ਨਾਮ ਬੀਜਿਆ ਜਾਂਦਾ ਹੈ ਉਸ ਨੂੰ ਸਾਧਣਾ ਬੜਾ ਜ਼ਰੂਰੀ ਹੈ। ਪੂਰੇ ਸਤਿਗੁਰੂ ਤੋਂ ਬਗੈਰ ਨਾਮ ਫਲੀਭੂਤ ਨਹੀਂ ਹੋਇਆ ਕਰਦਾ, ਨਾਮ ਦੀ ਜੜ੍ਹ ਹਿਰਦੇ ਵਿਚ ਬਿਲਕੁਲ ਨਹੀਂ ਲੱਗਿਆ ਕਰਦੀ। ਦੁਨੀਆਂ ਦੇ ਅੰਦਰ ਮਿਸਾਲਾਂ ਨੇ ਬਹੁਤ ਸਾਰੀਆਂ। ਬਰੋਟੇ (ਬੋਹੜ) ਦਾ ਦਰਖਤ ਹੈ। ਇਸ ਨੂੰ ਗੋਹਲਾਂ ਲੱਗਦੀਆਂ ਹਨ, ਪਿੱਪਲ ਦੇ ਦਰਖਤ ਨੂੰ ਗੋਹਲਾਂ ਲਗਦੀਆਂ ਨੇ, ਗੁਲਰ ਦਾ ਦਰਖਤ ਹੈ ਇਸ ਨੂੰ ਗੋਹਲਾਂ ਲਗਦੀਆਂ ਨੇ ਪਰ ਇਹ ਬੀਜ ਨਾਲ ਆਮ ਹਾਲਤ ਵਿਚ ਹਰੀਆਂ ਨਹੀਂ ਹੁੰਦੀਆਂ। ਇਸ ਨੂੰ ਜਾਨਵਰ ਖਾਂਦਾ ਹੈ, ਪੰਛੀ ਖਾਂਦਾ ਹੈ। ਪੰਛੀ ਦੇ ਮਿਹਦੇ ਦੇ ਅੰਦਰ ਰਹਿ ਕੇ ਐਨੀ ਗਰਮੀ ਇਸ ਨੂੰ ਮਿਲਦੀ ਹੈ ਕਿ ਇਹ ਦਾਣਾ ਫੁੱਟ ਜਾਂਦਾ ਹੈ। ਉਸ ਤੋਂ ਬਾਅਦ ਜਦੋਂ ਕਿਸੇ ਗਿੱਲੇ ਥਾਂ ਤੇ ਉਹ ਬਿੱਠ ਕਰਦਾ ਹੈ ਤਾਂ ਗਿੱਲ ਲੱਗਣ ਕਰਕੇ ਇਹ ਉਥੇ ਜੰਮ ਆਉਂਦਾ ਹੈ - ਆਮ ਤੌਰ ਤੇ ਖੂਹਾਂ ਦੀਆਂ ਮੌਣਾਂ ਤੇ, ਘਰਾਂ ਦੀਆਂ ਜੜ੍ਹਾਂ ਵਿਚ। ਇਸੇ ਤਰ੍ਹਾਂ ਜਦੋਂ ਤੱਕ ਨਾਮ ਕਮਾਏ ਹੋਏ ਹਿਰਦੇ ਦੇ ਵਿਚੋਂ ਆ ਕੇ ਕੰਨਾਂ ਦੇ ਰਾਹੀਂ ਹਿਰਦੇ ਵਿਚ ਪ੍ਰਵੇਸ਼ ਨਹੀਂ ਕਰਦਾ ਓਨੀ ਦੇਰ ਤੱਕ ਨਾਮ ਦਾ ਬੂਟਾ ਹਰਾ ਨਹੀਂ ਹੋਇਆ ਕਰਦਾ। ਪੂਰਾ ਸਤਿਗੁਰੂ ਹੋਵੇ ਪਰ ਸਿੱਖ ਦੇ ਵਿਚ ਗਲਤੀਆਂ ਹੋਣ ਤਾਂ ਤਾਰ ਜੁੜਦੀ ਹੀ ਨਹੀਂ। ਸਿੱਖ ਦੀ ਤੇ ਗੁਰੂ ਦੀ ਸੰਧ ਨਹੀਂ ਮਿਲਦੀ, ਜਿੰਨਾਂ ਚਿਰ ਸੰਧ ਨਾ ਮਿਲੇ ਓਨੀਂ ਦੇਰ ਤਕ ਸਬੰਧ ਨਹੀਂ ਬਣਦਾ।

ਸੋ ਗੁਰੂ ਘਰ ਦੇ ਵਿਚ ਪੰਜ-ਪਿਆਰਿਆਂ ਦੇ ਰਾਹੀਂ ਅੰਮ੍ਰਿਤ ਦੀ ਦਾਤ ਦੇਣ ਤੋਂ ਬਾਅਦ ਨਾਮ ਦਿਤਾ ਜਾਂਦਾ ਹੈ, ਪੰਜ ਪਿਆਰੇ ਇਕੱਠੇ ਹੋ ਕੇ ਨਾਮ ਦਿੰਦੇ ਨੇ। ਇਸ ਦਾ ਅਸਰ ਹਿਰਦੇ ਦੇ ਵਿਚ ਪੈਂਦਾ ਹੈ। ਸੋ ਇਹ ਗੁਰੂ-ਘਰ ਦੀ ਰੀਤ ਹੈ। ਕਈ ਪ੍ਰੇਮੀਆਂ ਦੇ ਮਨਾਂ ਵਿਚ ਹੁੰਦਾ ਹੈ ਕਿ ਅੰਮ੍ਰਿਤ ਤਾਂ ਅਸੀਂ ਛਕਦੇ ਹਾਂ ਨਾਮ ਸਾਡੇ ਅੰਦਰ ਫਲੀਭੂਤ ਕਿਉਂ ਨਹੀਂ ਹੁੰਦਾ? ਕਿਉਂ ਨਹੀਂ ਲਗਨ ਲਗਦੀ? ਦੋਹੀਂ ਪਾਸੀਂ ਥੋੜ੍ਹਾ-ਥੋੜ੍ਹਾ ਨੁਕਸ ਹੁੰਦਾ ਹੈ। ਓਧਰ ਜੋ ਅੰਮ੍ਰਿਤ ਛਕਾ ਰਹੇ ਹੁੰਦੇ ਨੇ ਉਹ ਗੁਰੂ ਦਾ ਰੂਪ ਹੁੰਦੇ ਨੇ ਉਸ ਵੇਲੇ ਉਨ੍ਹਾਂ ਦੇ ਨਿੱਜ ਤੇ ਕੋਈ ਤਰਕ ਹੋ ਜਾਵੇ, ਮਨ ਦੇ ਅੰਦਰ ਤਾਂ ਫੇਰ ਸ਼ਕਤੀ ਨਹੀਂ ਵਰਤਦੀ। ਨਹੀਂ ਤਾਂ ਕੋਈ ਕਮੀ ਨਹੀਂ ਹੋਇਆ ਕਰਦੀ। ਐਸੀਆਂ ਮਿਸਾਲਾਂ ਗੁਰੂ ਘਰ ਵਿਚ ਬੇਅੰਤ ਆਉਂਦੀਆਂ ਨੇ ਜਦੋਂ ਨਾਮ ਦੀ ਦਾਤ ਦਿਤੀ ਉਸੇ ਵੇਲੇ ਮਸਤੀ ਛਾ ਗਈ, ਉਸੇ ਵੇਲੇ ਜੀਵਨ ਬਦਲ ਗਿਆ। ਸੰਸਾਰੀ ਜੀਵਨ ਛੁੱਟ ਗਿਆ ਤੇ ਰੂਹਾਨੀ ਜੀਵਨ ਵਿਚ ਪ੍ਰਵੇਸ਼ ਕਰ ਗਿਆ ਪਰ ਉਸ ਦੇ ਵਾਸਤੇ ਕੁਝ ਕੀਮਤਾਂ ਨੇ, ਪਰਖ ਹੈ। ਜਦੋਂ ਤੱਕ ਪਰਖ ਨਹੀਂ ਹੁੰਦੀ ਓਨਾਂ ਚਿਰ ਨਾਮ

ਦੇ ਖਜ਼ਾਨੇ ਦੇ ਅੰਦਰ ਰਲਾਇਆ ਨਹੀਂ ਜਾਂਦਾ ਜੀਵ। ਸੋ ਉਸ ਦੇ ਬਾਰੇ ਕੱਲ੍ਹ, ਏਸ ਤਰ੍ਹਾਂ ਵਿਚਾਰ ਕਰਦੇ ਸੀ। ਸਾਰੇ ਬੋਲੋ –

*ਧਾਰਨਾ - ਜਿੱਥੇ ਮਿਲੇ ਨਾ ਸੌਦਾਗਰ ਪੂਰਾ,*
*ਗੱਠੜੀ ਨਾ ਖੋਲ੍ਹੀਂ ਨਾਮ ਦੀ - 2, 2.*
*ਮੇਰੇ ਪਿਆਰੇ, ਗੱਠੜੀ ਨਾ ਖੋਲ੍ਹੀ ਨਾਮ ਦੀ - 2, 2.*
*ਜਿਥੇ ਮਿਲੇ ਨਾ ਸੌਦਾਗਰ ਪੂਰਾ,.....।*

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ॥*
*ਨਹੀ ਪਟਣੁ ਨਹੀ ਪਾਰਖੂ ਨਹੀਂ ਗਾਹਕੁ ਨਹੀ ਮੋਲੁ॥*
*ਅੰਗ - 1365*

*ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥*
*ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥*
*ਅੰਗ - 1372*

ਜਦੋਂ ਤੱਕ ਪੂਰਾ ਗਾਹਕ ਨਹੀਂ ਆਉਂਦਾ ਓਨੀ ਦੇਰ ਤੱਕ ਗੱਲ ਹੀ ਨਹੀਂ ਬਣਿਆ ਕਰਦੀ। ਹੀਰਿਆਂ ਦਾ ਵਪਾਰੀ ਹੋਵੇ ਤੇ ਉਹ ਹੀਰੇ ਅਣਜਾਣ ਬੰਦਿਆਂ ਕੋਲ ਲੈ ਕੇ ਚਲਿਆ ਜਾਵੇ ਤੇ ਉਥੇ ਕਹੇ ਕਿ ਇਹ ਹੀਰਾ ਦਸ ਹਜ਼ਾਰ ਦਾ ਮੁੱਲ ਐਨਾ ਹੈ ਕਿਤੇ? ਐਵੇਂ ਕਰਦਾ ਹੈ ਇਹ ਕਿਉਂਕਿ ਅੱਗੇ ਪਰਖ ਵਾਲੇ ਨਹੀਂ ਹਨ, ਖਰੀਦਦਾਰ ਨਹੀਂ ਹਨ। ਇਹੀ ਮੁਸ਼ਕਲ ਨਾਮ ਦੇ ਵਿਚ ਹੈ। ਅੰਮ੍ਰਿਤ ਅਸੀਂ ਛਕਾ ਦਿੰਦੇ ਹਾਂ ਕਿ ਨਿਗੁਰੇ ਨਾ ਰਹੋ। ਉਸ ਦੇ ਬੜੇ ਭਿਆਨਕ ਨਤੀਜੇ ਦੱਸ ਕੇ ਤਿਆਰ ਕਰ ਲੈਂਦੇ ਹਾਂ ਕਿ ਅੰਮ੍ਰਿਤ ਛਕ ਲਓ, ਹੁਣ ਜਿਹੜਾ ਕੋਰਸ ਅੱਗੇ ਹੈ, ਜਦੋਂ ਤੱਕ ਉਸ ਦੀ ਪੜ੍ਹਾਈ ਨਹੀਂ ਕਰਦਾ ਓਨੀਂ ਦੇਰ ਤੱਕ ਕਿਸ ਤਰ੍ਹਾਂ ਜਮਾਤਾਂ ਪਾਸ ਕਰ ਲਏਗਾ? ਪੀ-ਐਚ.ਡੀ ਤੱਕ ਕਿਵੇਂ ਪਹੁੰਚ ਜਾਏਗਾ? ਕੇਵਲ ਕਿਸੇ ਸਕੂਲ ਵਿਚ ਦਾਖਲਾ ਲੈਣ ਨਾਲ ਪੀ-ਐਚ.ਡੀ ਨਹੀਂ ਹੋਇਆ ਕਰਦਾ। ਸਾਰੇ ਧਰਮਾਂ ਦਾ ਆਪਣਾ-ਆਪਣਾ ਤਰੀਕਾ ਹੈ। ਈਸਾਈ ਬਤਿਸਮਾ ਦਿੰਦੇ ਕਰਦੇ ਨੇ, ਇਸੇ ਤਰ੍ਹਾਂ ਦੇ ਨਾਲ ਅੰਮ੍ਰਿਤ ਛਕਾਉਂਦੇ ਨੇ ਜਿਵੇਂ ਆਪਾਂ ਅੰਮ੍ਰਿਤ ਛਕਾਉਂਦੇ ਹਾਂ। ਫਰਕ ਇਹ ਹੈ ਕਿ ਅਸੀਂ ਬਾਣੀ ਪੜ੍ਹਦੇ ਹਾਂ ਤੇ ਖੰਡਾ ਵਿਚ ਫੇਰਦੇ ਹਾਂ। ਥੋੜ੍ਹਾ ਜਿਹਾ ਤਰੀਕੇ ਵਿਚ ਫਰਕ ਹੈ ਇਸਾਈਆਂ ਦਾ ਤੇ ਸਿੰਘਾਂ ਦਾ। ਉਹ baptige ਕਹਿੰਦੇ ਨੇ, ਜਦੋਂ baptize ਹੋ ਜਾਂਦਾ ਹੈ। ਉਸ ਦਿਨ ਕਹਿੰਦੇ ਨੇ ਕਿ ਅੱਜ ਤੂੰ ਇਸਾਈਅਤ ਦੇ ਅੰਦਰ ਪ੍ਰਵੇਸ਼ ਕਰ ਗਿਆ। ਸਾਡਾ ਵੀ ਤਰੀਕਾ ਇਹੀ ਹੈ ਕਿ ਅਸੀਂ ਪੰਜ ਪਿਆਰਿਆਂ ਦੇ ਰਾਹੀਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਹਜ਼ੂਰੀ ਦੇ ਅੰਦਰ ਅੰਮ੍ਰਿਤ ਦੀ ਦਾਤ ਦਿੰਦੇ ਹਾਂ, ਨਾਲ ਦੀ ਨਾਲ ਨਾਮ ਦੀ ਦਾਤ ਦਿੰਦੇ ਹਾਂ – ਮੂਲਮੰਤਰ ਦੀ ਸੋਝੀ ਦਿੰਦੇ ਹਾਂ, ਬਾਣੀਆਂ ਦੇ ਪਾਠ ਲਈ ਹੁਕਮ ਦਿੰਦੇ ਹਾਂ। ਰਹਿਤਾਂ, ਜੀਵਨ ਦੇ ਅੰਦਰ ਸਮ ਤੇ ਦਮ ਦੋ ਚੀਜ਼ਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਜੀਵਨ ਰਹਿਤ ਕਹਿੰਦੇ ਨੇ। ਉਹ ਰਹਿਤਾਂ ਅਸੀਂ ਦਸਦੇ ਹਾਂ। ਅੰਦਰਲੀਆਂ ਰਹਿਤਾਂ ਵੀ ਦਸਦੇ ਨੇ ਜਿਹੜੇ ਪੰਜ-ਪਿਆਰੇ ਸੁਚੇਤ ਹੁੰਦੇ ਨੇ। ਸੁਣਨ ਵਾਲੇ ਕਿਸ ਤਰ੍ਹਾਂ ਉਸ ਨੂੰ ਪਕੜਦੇ ਨੇ ਇਹ ਉਨ੍ਹਾਂ ਦੀ ਲੋਚਾ ਤੇ ਲਗਨ ਦੇ ਅਧਾਰ ਤੇ ਗੱਲ ਹੈ। ਜੇ ਗਾਹਕ ਨੇ ਫੇਰ ਤਾਂ ਉਹ ਇਕੱਲੀ-ਇਕੱਲੀ ਗੱਲ ਗ੍ਰਹਿਣ ਕਰਨਗੇ। ਫੇਰ ਮਿਹਨਤ ਕਰਨਗੇ। ਜੇ ਗਾਹਕ ਨਹੀਂ ਹਨ ਤੇ ਕੇਵਲ ਏਸ ਕਰਕੇ ਆਏ ਨੇ ਕਿ ਅਸੀਂ ਸਿੱਖੀ ਧਾਰਨ ਕਰ ਲਈਏ ਫੇਰ ਉਹ ਗੱਲ ਨਹੀਂ ਹੋਇਆ ਕਰਦੀ ਸਾਧ ਸੰਗਤ ਜੀ!

ਇਕ ਵਾਰੀ ਗੁਰੂ ਦਸ਼ਮੇਸ਼ ਪਿਤਾ ਜੀ ਦੇ ਦਰਬਾਰ ਦੇ ਅੰਦਰ ਇਹ ਸਵਾਲ ਹੋਇਆ ਕਿ ਸੱਚੇ ਪਾਤਸ਼ਾਹ! ਆਪ ਦੇ ਪ੍ਰਵਚਨ ਸਾਰੇ ਗੁਰਸਿੱਖ ਸੁਣਦੇ ਨੇ। ਇਕ ਤਾਂ ਉਹ ਨੇ ਜਿਹੜੇ ਛੇਤੀ ਹੀ ਚੜ੍ਹਾਈ ਚੜ੍ਹ ਜਾਂਦੇ ਨੇ, ਉਚੀਆਂ ਅਵਸਥਾਵਾਂ ਵਿਚ ਚਲੇ ਜਾਂਦੇ ਨੇ ਤੇ ਦੂਜੇ ਉਹ ਨੇ ਜਿਹੜੇ ਸੋਹਣਾ ਕੀਰਤਨ ਸੁਣ ਕੇ, ਵਖਿਆਨ ਸੁਣ ਕੇ ਨੇਤਰਾਂ ਵਿਚ ਜਲ ਵੀ ਗਿਰਾਉਂਦੇ ਨੇ ਪਰ ਬਾਹਰ ਜਾ ਕੇ ਉਨ੍ਹਾਂ ਤੇ ਅਸਰ ਥੋੜ੍ਹਾ ਰਹਿ ਜਾਂਦਾ ਹੈ। ਇਕ ਉਹ ਨੇ ਜਿਨ੍ਹਾਂ ਤੇ ਆਪ ਦੇ ਬਚਨਾਂ ਦਾ ਨਾ ਹੁਣ ਅਸਰ ਹੁੰਦਾ ਹੈ ਤੇ ਨਾ ਫੇਰ ਹੁੰਦਾ ਹੈ। ਇਸ ਦਾ ਕਾਰਨ ਕੀ ਹੈ?

ਮਹਾਰਾਜ ਜੀ ਕਹਿਣ ਲੱਗੇ, “ਪ੍ਰੇਮੀਓ! ਤੁਹਾਨੂੰ ਅਮਲੀ ਤੌਰ ਤੇ ਦਿਖਾਉਂਦੇ ਹਾਂ, ਤਿੰਨ ਬਾਟੇ ਲੈ ਕੇ ਆਓ ਪਾਣੀ ਦੇ ਭਰ ਕੇ।

ਪਾਣੀ ਦੇ ਭਰਾ ਕੇ ਬਾਟੇ ਰੱਖ ਲਏ। ਇਕ ਨੂੰ ਕਿਹਾ ਕਿ ਉਹ ਪੱਥਰ ਇਕ ਬਾਟੇ ਵਿਚ ਪਾ ਦੇ। ਦੂਸਰੇ ਨੂੰ ਕਿਹਾ ਕਿ ਉਹ ਮਿੱਟੀ ਦਾ ਡਲਾ ਚੁੱਕ ਲਿਆ ਤੇ ਦੂਸਰੇ ਬਾਟੇ ਵਿਚ ਪਾ ਦੇ। ਤੀਸਰੇ ਨੂੰ ਕਿਹਾ ਕਿ ਸਾਡੇ ਸਾਮ੍ਹਣਿਓਂ ਪਤਾਸਿਆਂ ਦਾ ਉਂਜਲ ਭਰ ਤੇ ਤੀਸਰੇ ਬਾਟੇ ਵਿਚ ਪਾ ਦੇ। ਮਹਾਰਾਜ ਜੀ ਹੋਰ ਬਚਨ ਕਰਨ ਲੱਗ ਗਏ। ਬਚਨ ਕਰਦੇ-ਕਰਦੇ ਜਦੋਂ ਸਮਾਂ ਲੰਘ ਗਿਆ ਤਾਂ ਗੁਰਸਿੱਖਾਂ ਨੇ ਕਿਹਾ ਕਿ ਪਾਤਸ਼ਾਹ! ਆਪ ਇਕ ਪ੍ਰਸ਼ਨ ਦਾ ਉਤਰ ਦਿੰਦੇ ਸੀ, ਸ਼ੰਕਾ ਨਵਿਰਤ ਕਰਦੇ ਸੀ ਪਰ ਉਹ ਗੱਲ ਕੋਈ ਨਹੀਂ ਚੜ੍ਹੀ। ਆਪ ਕਹਿ ਰਹੇ ਸੀ ਕਿ ਅਸੀਂ ਤੁਹਾਨੂੰ ਅਮਲੀ ਤੌਰ ਤੇ ਸਮਝਾਵਾਂਗੇ ਗੱਲ ਸਾਰੀ।

ਮਹਾਰਾਜ ਜੀ ਕਹਿੰਦੇ, “ਅੱਛਾ! ਲਓ ਸਮਝ ਲਓ। ਲਿਆਓ ਤਿੰਨੇ ਬਾਟੇ ਚੁੱਕ ਕੇ। ਪਤਾਸ਼ਿਆਂ ਵਾਲੇ ਬਾਟੇ ਵਿਚੋਂ ਪਤਾਸੇ ਕੱਢੋ।

ਕਹਿੰਦਾ, “ਸੱਚੇ ਪਾਤਸ਼ਾਹ! ਪਤਾਸ਼ਾ ਤਾਂ ਕੋਈ ਨਜ਼ਰ ਨਹੀਂ ਆਉਂਦਾ ਉਹ ਤਾਂ ਪਾਣੀ ਦਾ ਰੂਪ ਬਣ ਗਏ, ਉਨ੍ਹਾਂ ਦੀ ਮਿਠਾਸ ਪਾਣੀ ਵਿਚ ਘੁਲ ਗਈ ਤੇ ਪਤਾਸਾ ਤਾਂ ਕੱਢਿਆ ਨਹੀਂ ਜਾ ਸਕਦਾ। ਦੂਸਰਾ ਨੂੰ ਕਿਹਾ ਕਿ ਮਿੱਟੀ ਦਾ ਡਲ੍ਹਾ ਕੱਢ।

ਉਹ ਕਹਿਦਾ, “ਸੱਚੇ ਪਾਤਸ਼ਾਹ! ਡਲਾ ਵੀ ਨਹੀਂ ਕੱਢ ਹੁੰਦਾ ਉਹ ਤਾਂ ਗਾਰਾ ਬਣ ਗਿਆ। ਤੀਸਰੇ ਨੂੰ ਕਿਹਾ ਕਿ ਪੱਥਰ ਕੱਢ।”

ਪੱਥਰ ਕੱਢਿਆ, ਗਰਮੀ ਦਾ ਮਹੀਨਾ ਹੈ।

ਮਹਾਰਾਜ ਜੀ ਕਹਿੰਦੇ, “ਭਿੱਜਿਆ ਹੋਇਆ ਜਾਂ ਸੁੱਕਾ?”

ਗਰਮ ਹਵਾ ਦਾ ਝੌਂਕਾ (ਬੁਲ੍ਹਾ) ਆਇਆ।

ਕਹਿੰਦਾ, "ਪਾਤਸ਼ਾਹ! ਜਦੋਂ ਪਾਣੀ ਵਿਚੋਂ ਕੱਢਿਆ ਸੀ ਉਦੋਂ ਹੱਥ ਨੂੰ ਗਿੱਲਾ ਲੱਗਿਆ ਸੀ ਪਰ ਆਹ ਹਵਾ ਲਗਦੀ ਸਾਰ ਇਕ ਦਮ ਸੁੱਕ ਗਿਆ।

ਮਹਾਰਾਜ ਜੀ ਕਹਿੰਦੇ, "ਦੇਖੋ ਪ੍ਰੇਮੀਓ! ਇਸੇ ਤਰ੍ਹਾਂ ਤਿੰਨ ਕਿਸਮ ਦੇ ਬੰਦੇ ਗੁਰੂ ਕੋਲ ਆਇਆ ਕਰਦੇ ਨੇ। ਇਕ ਤਾਂ ਉਹ ਹੁੰਦੇ ਨੇ ਜਿਨ੍ਹਾਂ ਨੇ ਆਪਣਾ-ਆਪਾ ਵੇਚ ਦਿਤਾ ਗੁਰੂ ਨੂੰ। ਜਦੋਂ ਸੌਦਾ ਕਰ ਲਿਆ ਤਾਂ ਆਪਣਾ-ਆਪ ਗੁਰੂ ਦੇ ਹਵਾਲੇ ਕਰ ਦਿਤਾ।

***ਮਨੁ ਬੇਚੈ ਸਤਿਗੁਰ ਕੈ ਪਾਸਿ॥***
***ਤਿਸੁ ਸੇਵਕ ਕੇ ਕਾਰਜ ਰਾਸਿ॥***
***ਅੰਗ - 286***

ਇਕ ਉਹ ਹੁੰਦੇ ਨੇ ਜਿਨ੍ਹਾਂ ਤੇ ਵਕਤੀ ਅਸਰ ਹੁੰਦਾ ਹੈ, ਡਲੇ ਵਾਲੇ ਬਾਟੇ ਨੂੰ ਬਾਹਰ ਧੁੱਪ ਵਿਚ ਜਾ ਕੇ ਰੱਖ ਦਿਓ।

ਥੋੜ੍ਹੀ ਦੇਰ ਤੋਂ ਬਾਅਦ ਚੁਕਾਇਆ ਕਹਿੰਦੇ, "ਦੇਖ ਤਾਂ ਕਿਵੇਂ ਹੈ?"

ਕਹਿੰਦਾ, "ਮਹਾਰਾਜ! ਇਹ ਹੁਣ ਆਫਰ ਗਿਆ, ਇਹ ਤਾਂ ਫੇਰ ਡਲ੍ਹਾ ਬਣ ਗਿਆ ਦੁਬਾਰਾ।"

ਸੰਤ ਮਹਾਰਾਜ ਜੀ ਸੰਗਤ ਨੂੰ ਕੀਰਤਨ ਦੁਆਰਾ ਨਿਹਾਲ ਕਰ ਰਹੇ ਹਨ।

ਮਹਾਰਾਜ ਜੀ ਕਹਿੰਦੇ, "ਇਕ ਐਸੇ ਹੁੰਦੇ ਨੇ ਜੇ ਤਾਂ ਉਨ੍ਹਾਂ ਨੂੰ ਸੰਗਤ ਮਿਲੀ ਜਾਵੇ ਫੇਰ ਤਾਂ ਉਹ ਭਿੱਜੇ ਰਹਿੰਦੇ ਨੇ, ਜਦੋਂ ਸੰਗਤ ਨਾ ਮਿਲੇ ਤੇ ਕਲਜੁਗ ਦਾ ਗਰਮ ਝੋਲਾ ਉਨ੍ਹਾਂ ਦੇ ਕੋਲ ਦੀ ਲੰਘ ਜਾਵੇ ਉਹ ਮੁੜ ਕੇ ਫੇਰ ਅਸਲੀ ਹਾਲਤ ਵਿਚ ਆ ਜਾਇਆ ਕਰਦੇ ਨੇ। ਉਨ੍ਹਾਂ ਤੇ ਅਸਰ ਨਹੀਂ ਰਹਿੰਦਾ।

ਤੀਸਰੇ ਉਹ ਨੇ ਜਿਹੜੇ ਸਤਿਸੰਗ ਵਿਚ ਬੈਠੇ ਨੇ, ਮਾਮੂਲੀ ਅਸਰ ਉਨ੍ਹਾਂ ਤੇ ਹੁੰਦਾ ਹੈ।

ਕਹਿੰਦੇ, "ਮਹਾਰਾਜ! ਉਨ੍ਹਾਂ ਤੇ ਅਸਰ ਕਿਉਂ ਨਹੀਂ ਹੁੰਦਾ?"

ਮਹਾਰਾਜ ਜੀ ਕਹਿੰਦੇ, "ਇਸ ਦੀ ਰੁਚੀ ਵਿਚ ਫਰਕ ਹੈ। ਜਿਹੜਾ ਪੱਥਰ ਦੀ ਕਿਸਮ ਦਾ ਬੰਦਾ ਹੈ ਉਹ ਬਾਂਸ ਵਾਂਗ ਹੋਇਆ ਕਰਦੀ ਹੈ।"

***ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥***
***ਅੰਗ - 1365***

ਬਾਂਸ ਵਿਚ ਸੁਗੰਧੀ ਨਹੀਂ ਆਉਂਦੀ ਕਿਉਂਕਿ ਉਸ ਦੇ ਵਿਚ ਅਭਿਮਾਨ ਹੈ।

ਪੰਜ ਕਿਸਮ ਦੇ ਅਭਿਮਾਨ ਨੇ ਜਿਹੜੇ ਹਰ ਬੰਦੇ ਦੇ ਅੰਦਰ ਨੇ। ਕੋਈ ਵਿਰਲਾ ਬੰਦਾ ਹੈ ਜਿਹੜਾ ਇਨ੍ਹਾਂ ਤੋਂ ਰਹਿਤ ਹੈ। ਸੋ ਅਭਿਮਾਨ ਕਰਕੇ ਭਰੇ-ਭਰਾਏ ਗੁਰੂ ਘਰ ਵਿਚ ਆਉਂਦੇ ਨੇ, ਸ਼ਰਧਾ ਲੈ ਕੇ ਨਹੀਂ ਆਉਂਦੇ। ਸੋ ਸ਼ਰਧਾ ਨਾ ਹੋਣ ਕਰਕੇ ਉਨ੍ਹਾਂ ਤੇ ਕੋਈ ਅਸਰ ਨਹੀਂ ਹੁੰਦਾ। ਸੋ ਜਿਹੋ ਜਿਹੇ ਆਏ ਓਹੋ ਜਿਹੇ ਵਾਪਸ ਜਾਂਦੇ ਨੇ।

ਇਕ ਉਹ ਨੇ ਜਿਨ੍ਹਾਂ ਨੂੰ ਕਦੇ-ਕਦੇ ਸੰਗਤ ਮਿਲਦੀ ਹੈ ਤੇ ਉਹ ਸੰਗਤ ਪ੍ਰਾਪਤ ਕਰਕੇ ਪੂਰੀ ਤਰ੍ਹਾਂ ਨਹੀਂ ਭਿੱਜਦੇ। ਉਸ ਵੇਲੇ ਤਾਂ ਉਨ੍ਹਾਂ ਤੇ ਅਸਰ ਹੋ ਜਾਂਦਾ ਹੈ ਪਰ ਜਦੋਂ ਬਾਹਰ ਜਾਂਦੇ ਨੇ, ਸੰਸਾਰ ਵਿਚ ਰਚਦੇ ਨੇ, ਥੋੜ੍ਹੇ ਦਿਨਾਂ ਵਿਚ ਹੀ ਭੁੱਲ ਕੇ ਪਿਛਲੀ ਹਾਲਤ ਤੇ ਫੇਰ ਆ ਜਾਂਦੇ ਨੇ।

ਤੀਸਰੇ ਪ੍ਰੇਮੀ ਉਹ ਨੇ ਜਿਹੜੇ ਲਗਨ ਦੇ ਨਾਲ ਆਏ ਨੇ। ਗੁਰੂ ਦੇ ਨਾਲ ਇਨ੍ਹਾਂ ਦੀ ਸੰਧੀ ਜੁੜਿਆ ਕਰਦੀ ਹੈ

ਬਾਕੀਆਂ ਦੀ ਨਹੀਂ ਜੁੜਦੀ। ਪੰਜ ਕਿਸਮ ਦੀ ਸਿੱਖੀ ਹੋਇਆ ਕਰਦੀ ਹੈ। ਇਕ ਤਾਂ ਸਿੱਖੀ ਉਹ ਹੈ ਜਿਸ ਨੂੰ ਦੇਖਾ-ਦੇਖੀ ਦੀ ਸਿੱਖੀ ਕਹਿੰਦੇ ਨੇ। ਸੁਣ ਲਿਆ ਕਿ ਮੇਰੇ ਰਿਸ਼ਤੇਦਾਰ ਸਾਰੇ ਗੁਰੂ ਵਾਲੇ ਬਣ ਗਏ ਨੇ ਜਦੋਂ ਮੈਂ ਉਨ੍ਹਾਂ ਕੋਲ ਜਾਂਦਾ ਹਾਂ ਤਾਂ ਬੱਚੇ ਵੀ ਇਹ ਕਹਿੰਦੇ ਨੇ ਕਿ ਨਿਗੁਰਾ ਪੁਰਸ਼ ਸਾਡੇ ਘਰ ਆ ਗਿਆ। ਚਲੋ ਔਖੇ ਸੌਖੇ ਅੰਮ੍ਰਿਤ ਛਕ ਲੈਂਦੇ ਹਾਂ ਤਾਂ ਕਿ ਮੇਰਾ ਨਿਗੁਰਾਪੁਣ ਦੂਰ ਹੋ ਜਾਵੇ ਤੇ ਇਨ੍ਹਾਂ ਵਿਚ ਮੈਂ ਇਨ੍ਹਾਂ ਵਰਗਾ ਹੋ ਕੇ ਰਹਿ ਜਾਵਾਂ। ਇਸ ਨੂੰ ਦੇਖਾ-ਦੇਖੀ ਦੀ ਸਿੱਖੀ ਕਹਿੰਦੇ ਨੇ। ਅੰਦਰ ਨਹੀਂ ਹੋਇਆ ਕਰਦੀ ਸਿੱਖੀ ਉਤੋਂ ਉਤੋਂ ਹੀ ਹੋਇਆ ਕਰਦੀ ਹੈ। ਅੰਦਰੋਂ ਬਿਲਕੁਲ ਓਹੋ ਜਿਹਾ ਹੀ ਹੁੰਦਾ ਹੈ ਜਿਹੋ ਜਿਹਾ ਪਹਿਲਾਂ ਸੀ ਗੁਰੂ ਲੱਗਿਆ ਨਹੀਂ ਕਰਦਾ। ਗੁਰੂ ਵਲੋਂ ਤਾਂ ਬਰਕਤਾਂ ਆ ਰਹੀਆਂ ਨੇ ਪਰ ਇਨ੍ਹਾਂ ਦੇ ਹਿਰਦੇ ਦੇ ਅੰਦਰ ਮੈਲ ਹੋਣ ਕਰਕੇ ਸਬੰਧ ਜੁੜਿਆ ਨਹੀਂ ਕਰਦਾ। ਬਾਹਰੋਂ ਭੇਖ ਬਣਾ ਲਿਆ ਕ੍ਰਿਪਾਨ ਵੀ ਪਾ ਲਈ, ਕਛਹਿਰਾ ਵੀ ਪਾ ਲਿਆ, ਦਾਹੜਾ ਵੀ ਖੋਲ੍ਹ ਲਿਆ ਸਭ ਕੁਝ ਕਰ ਲਿਆ ਪਰ ਸਿੱਖੀ ਤੋਂ ਬਿਲਕੁਲ ਕੋਰੇ ਪੱਥਰ ਵਾਂਗ ਰਹਿ ਜਾਂਦੇ ਨੇ। ਓਹੀ ਨਿੰਦਿਆ, ਓਹੀ ਈਰਖਾ, ਓਹੀ ਝਗੜੇ ਰਹਿੰਦੇ ਨੇ।

ਦੂਸਰੀ ਸਿੱਖੀ ਹੁੰਦੀ ਹੈ ਭੇਖ ਦੀ ਸਿੱਖੀ। ਭੇਖ ਦੇਖਿਆ ਕਿ ਸੋਹਣਾ ਲਗਦਾ ਹੈ ਤੇ ਮੈਂ ਇਕੱਲਾ ਜਿਹਾ ਲਗਦਾ ਹਾਂ ਤੇ ਜੇ ਮੈਂ ਵੀ ਇਹੋ ਜਿਹਾ ਭੇਖ ਧਾਰਨ ਕਰ ਲਵਾਂ ਤਾਂ ਮੈਂ ਸਾਥੀਆਂ ਵਿਚ ਰਲ ਜਾਵਾਂਗਾ। ਉਹ ਫੇਰ ਭੇਖ ਤੱਕ ਹੀ ਪਹੁੰਚਦਾ ਹੈ ਇਸ ਤੋਂ ਅੱਗੇ ਉਸ ਦਾ ਮਨ ਨਹੀਂ ਹੁੰਦਾ ਨਾ ਨਾਮ ਜਪੇ, ਨਾ ਬਾਣੀ ਪੜ੍ਹੇ, ਨਾ ਨਿਤਨੇਮ, ਨਾ ਕੋਈ ਬਾਣੀ ਯਾਦ ਕਰੇ। ਇਹ ਭੇਖ ਸਿੱਖ ਹੋਇਆ ਕਰਦਾ ਹੈ।

ਤੀਸਰਾ ਹੋਇਆ ਕਰਦੀ ਹੈ ਹਿਰਸ ਦੀ ਸਿੱਖੀ। ਇਹ ਆਪਣੇ ਲੋਭ ਵਾਸਤੇ ਸਿੱਖੀ ਧਾਰਨ ਕਰ ਲੈਣ ਕਿ ਜੇ ਮੈਂ ਗੁਰੂ ਦਾ ਬਣ ਗਿਆ ਤਾਂ ਮੇਰੀਆਂ ਆਸਾਂ ਪੂਰੀਆਂ ਹੋਣਗੀਆਂ, ਮੇਰੀ ਬਿਮਾਰੀ ਦੂਰ ਹੋ ਜਾਏਗੀ, ਮੇਰੇ ਅਫਸਰ ਗੁਰਸਿੱਖ ਨੇ ਮੈਨੂੰ ਦੇਖ ਕੇ ਉਹ ਮੇਰੇ ਨਾਲ ਰਿਆਇਤ ਕਰਨਗੇ ਜਾਂ ਦੁਕਾਨਦਾਰ ਹੈ ਕਿ ਗੁਰਸਿੱਖਾਂ ਦਾ ਇਲਾਕਾ ਹੈ ਜੇ ਮੈਂ ਸਿੱਖੀ ਧਾਰਨ ਕਰ ਲਈ ਤਾਂ ਬਾਕੀਆਂ ਨੂੰ ਛੱਡ ਕੇ ਮੇਰੇ ਕੋਲ ਆਉਣਗੇ। ਇਸ ਨੂੰ ਹਿਰਸ ਦੀ ਸਿੱਖੀ ਕਹਿੰਦੇ ਨੇ ਇਸ ਦਾ ਰੂਹਾਨੀਅਤ ਨਾਲ ਕੋਈ ਸਬੰਧ ਨਹੀਂ ਹੋਇਆ ਕਰਦਾ।

ਚੌਥੀ ਸਿੱਖੀ ਨੂੰ ਸਿਦਕ ਦੀ ਸਿੱਖੀ ਕਹਿੰਦੇ ਨੇ। ਸਿਦਕ ਦੀ ਸਿੱਖੀ ਵਿਚ ਸੌਦਾ ਕੀਤਾ ਹੁੰਦਾ ਹੈ ਗੁਰੂ ਨਾਲ। ਉਹ ਸਿਰ ਦੇ ਕੇ ਲਈ ਹੁੰਦੀ ਹੈ ਆਪਣਾ ਸਭ ਕੁਝ ਵਾਰ ਕੇ ਸਿੱਖੀ ਲਈ ਹੁੰਦੀ ਹੈ। ਉਸ ਸਿੱਖੀ ਦਾ ਸਬੰਧ ਗੁਰੂ ਨਾਨਕ ਨਾਲ ਜੁੜਿਆ ਕਰਦਾ ਹੈ। ਉਸ ਦੇ ਵਿਚਾਰ ਏਸ ਤਰ੍ਹਾਂ ਦੇ ਹੋਇਆ ਕਰਦੇ ਨੇ -

***ਧਾਰਨਾ - ਸਿਰ ਜਾਵੇ ਤਾਂ ਜਾਵੇ,***
***ਮੇਰਾ ਸਿੱਖੀ ਸਿਦਕ ਨਾ ਜਾਵੇ - 2, 2.***

ਸੋ ਸਿਦਕੀ ਸਿੱਖ ਸਿਰ ਦੇ ਵੱਟੇ ਸਿੱਖੀ ਲਿਆ ਕਰਦੇ ਨੇ। ਸੁਖ ਆ ਜਾਵੇ, ਦੁੱਖ ਆ ਜਾਵੇ, ਹਾਨ ਆਵੇ, ਲਾਭ ਆ ਜਾਵੇ ਪਰ ਸਿਦਕ ਨਹੀਂ ਉਹ ਹਾਰਿਆ ਕਰਦੇ। ਗੁਰੂ ਦੇ ਨਾਲ ਉਹ ਅੰਦਰੋਂ ਜੁੜੇ ਰਹਿੰਦੇ ਨੇ।

ਪੰਜਵੀਂ ਹੋਇਆ ਕਰਦੀ ਹੈ ਭਾਵਨੀ ਦੀ ਸਿੱਖੀ। ਗੁਰੂ ਨੂੰ ਸਾਖਸ਼ਾਤ ਪ੍ਰਮੇਸ਼ਰ ਜਾਣ ਕੇ, ਉਸ ਦੀ ਸੇਵਾ ਕਰਨੀ। ਪਹਿਲੀ ਤਿੰਨ ਕਿਸਮ ਦੀ ਸਿੱਖੀ ਵਿਚ ਦੇਖਣ ਨੂੰ ਤਾਂ ਸਿੱਖ ਨਜ਼ਰ ਆਉਂਦੇ ਨੇ ਪਰ ਉਹ ਸਿੱਖ ਨਹੀਂ ਹੁੰਦੇ, ਉਨ੍ਹਾਂ ਨੂੰ ਗੁਰੂ ਤੇ ਵਿਸ਼ਵਾਸ਼ ਨਹੀਂ ਹੁੰਦਾ। ਆਪਣੇ ਲੋਭ ਵਾਸਤੇ, ਗਰਜ਼ ਵਾਸਤੇ ਸਿੱਖ ਬਣੇ ਹੋਏ ਹੁੰਦੇ ਨੇ।

ਕਹਿੰਦੇ ਮਹਾਰਾਜ ਜੀ! ਪਤਾ ਕਿਵੇਂ ਲੱਗੇ? ਵਿਸਾਖੀ ਦਾ ਦੀਵਾਨ ਲੱਗਿਆ ਹੋਇਆ ਸੀ। ਮਹਾਰਾਜ ਜੀ ਕਹਿੰਦੇ, "ਐਤਕੀਂ ਭਾਈ! ਸੱਤ ਦਿਨ ਦੀਵਾਨ ਰੱਖਣਾ ਹੈ। ਜਿੰਨੇ ਆ ਗਏ ਕਿਸੇ ਨੂੰ ਵੀ ਵਾਪਸ ਨਹੀਂ ਜਾਣ ਦੇਣਾ।

ਪਹਿਰੇ ਲਾ ਦਿਤੇ ਗਏ ਨਾ ਰਾਤ ਨੂੰ ਕੋਈ ਨਿਕਲ ਸਕਦਾ ਹੈ ਨਾ ਕੋਈ ਦਿਨ ਨੂੰ ਜਾ ਸਕਦਾ ਹੈ, ਸਾਰੇ ਰਸਤੇ ਰੋਕ ਦਿਤੇ। ਵਿਚਾਰਾਂ ਹੋਣ ਲਗ ਗਈਆਂ। ਪੰਜਵੇਂ-ਸੱਤਵੇਂ ਦਿਨ ਕਹਿਣ ਕਿ ਗੁਰੂ ਮਹਾਰਾਜ ਜੀ ਨੇ ਜੇ ਫੇਰ ਕਹਿ ਦਿਤਾ ਕਿ ਦੱਸ ਦਿਨ ਹੋਰ ਰਹੋ, ਫੇਰ ਕੀ ਕਰਾਂਗੇ, ਸਾਡੀਆਂ ਤਾਂ ਕਣਕਾਂ ਵੱਢਣ ਵਾਲੀਆਂ ਨੇ.........

ਕੁਝ ਬੰਦੇ ਅਨੰਦਪੁਰ ਸਾਹਿਬ ਦੇ ਪਰਲੇ ਪਾਸੇ ਜਾ ਕੇ ਬੈਠ ਗਏ ਉਨ੍ਹਾਂ ਵਿਚੋਂ ਇਕ ਉਠਿਆ ਤੇ ਕਹਿਣ ਲੱਗਿਆ ਕਿ ਜੇ ਤੁਸੀਂ ਮੈਨੂੰ ਭਰੋਸਾ ਦੇਵੋਂ ਤਾਂ ਮੈਂ ਇਕ ਰਸਤਾ ਕੱਢ ਸਕਦਾ ਹਾਂ ਕਿ ਕਿਵੇਂ ਗੁਰੂ ਕੋਲੋਂ ਨਿਕਲੀਏ। ਉਹ ਕਹਿੰਦੇ ਕਿਵੇਂ?

ਕਹਿੰਦਾ, "ਮੈਨੂੰ ਸਾਹ ਖਿੱਚਣਾ ਆਉਂਦਾ ਹੈ। ਮੈਂ ਸਾਹ ਐਨਾ ਹੌਲੀ ਲੈਂਦਾ ਹਾਂ ਕਿ ਜੇ ਨੱਕ ਦੇ ਨਾਲ ਰੂੰ ਵੀ ਲਾ ਦੇਵੇ ਤਾਂ ਵੀ ਪਤਾ ਨਹੀਂ ਲਗਦਾ ਕਿ ਇਹ ਜੀਉਂਦਾ ਹੈ ਜਾਂ ਮਰਿਆ ਹੋਇਆ ਹੈ। ਮੈਂ ਬਣ ਜਾਂਦਾ ਹਾਂ ਮੁਰਦਾ। ਅਰਥੀ ਤੇ ਮੈਨੂੰ ਪਾ ਲਓ ਤੇ ਸ਼ਬਦ ਪੜ੍ਹਦੇ ਚਲੋ ਚੱਲੋ।"

ਇਸੇ ਤਰ੍ਹਾਂ ਹੀ ਕੀਤਾ। ਦੀਵਾਨ ਲੱਗਿਆ ਹੋਇਆ ਹੈ ਤੇ ਇਨ੍ਹਾਂ ਨੇ ਅਰਥੀ ਚੁੱਕੀ ਹੋਇਆ ਹੈ ਡੇਢ-ਦੋ ਸੌ ਬੰਦਾ ਪਿਛੇ ਹੋਇਆ ਹੋਇਆ ਹੈ ਤੇ ਸ਼ਬਦ ਪੜ੍ਹਦੇ ਜਾਂਦੇ ਨੇ -

***ਗੁਰਮੁਖ ਜਨਮ ਸਵਾਰ ਦਰਗਹ ਚਲਿਆ।***

ਮਹਾਰਾਜ ਜੀ ਦੇ ਕੋਲੋਂ ਦੀ ਜਦੋਂ ਲੰਘਣ ਲੱਗੇ।

ਮਹਾਰਾਜ ਜੀ ਕਹਿੰਦੇ, "ਕੀ ਗੱਲ ਹੈ? ਪ੍ਰੇਮੀਓਂ!"

ਕਹਿੰਦੇ, "ਸੱਚੇ ਪਾਤਸ਼ਾਹ! ਦੂਰ ਦੇਸ਼ ਤੋਂ ਆਇਆ ਹੋਇਆ ਇਕ ਪ੍ਰੇਮੀ ਚੜ੍ਹਾਈ ਕਰ ਗਿਆ ਤੇ ਉਸ ਦੇ ਰਿਸ਼ਤੇਦਾਰ-ਸਬੰਧੀ, ਆਪ ਦੇ ਗੁਰਸਿੱਖ ਇਸ ਦਾ ਸਸਕਾਰ ਕਰਨ ਵਾਸਤੇ ਲਿਜਾ ਰਹੇ ਨੇ ਸਮਸ਼ਾਨ ਭੂਮੀ ਵੱਲ।

ਮਹਾਰਾਜ ਜੀ ਕਹਿੰਦੇ, "ਐਡੀ ਦੂਰ ਲਿਜਾਣ ਦੀ ਕੀ ਲੋੜ ਹੈ?"

ਕਹਿੰਦੇ, "ਪਾਤਸ਼ਾਹ! ਹੁਕਮ ਕਰੋ ਫੇਰ।"

ਮਹਾਰਾਜ ਜੀ ਕਹਿੰਦੇ, "ਘਾਹ ਲਿਆਓ! ਘਾਹ ਦੇ ਪੂਰਲੇ ਰੱਖੋ। ਲਾਂਗਰੀ ਸਿੰਘ ਨੂੰ ਕਹੋ ਕਿ ਇਕ ਜਲਦੀ ਜਲਦੀ ਲੱਕੜੀ ਲੈ ਕੇ ਆਵੇ। ਅਰਥੀ ਰੱਖ ਦਿਓ ਘਾਹ ਦੇ ਉਤੇ।

ਉਸ ਬਨਾਉਟੀ ਮੁਰਦੇ ਨੇ ਸੁਣ ਲਿਆ। ਅਰਥੀ ਰਖਾ ਦਿਤੀ, ਏਨੇ ਨੂੰ ਲੱਕੜੀ ਆ ਗਈ ਜਲਦੀ ਜਲਦੀ ਮਹਾਰਾਜ ਜੀ ਨੇ ਇਕ ਸਿੰਘ ਨੂੰ ਕਹਿ ਦਿਤਾ ਕਹਿੰਦੇ, "ਲੈ ਭਾਈ! ਅਗਨ ਦੇ ਦੇ ਏਸ ਨੂੰ।"

ਜਦੋਂ ਘਾਹ ਨੂੰ ਲੱਗੀ ਅੱਗ, ਚਿੜ-ਚਿੜ ਕਰਨ ਲੱਗਿਆ। ਨਕਲੀ ਮੁਰਦੇ ਨੇ ਸੋਚਿਆ ਕਿ ਹੁਣ ਤਾਂ ਕੋਈ ਇਲਾਜ ਨਹੀਂ ਹੈ। ਉਸ ਨੇ ਅਰਥੀ ਤੋਂ ਛਾਲ ਮਾਰੀ ਤੇ ਪੂਰੇ ਜ਼ੋਰ ਨਾਲ ਨੱਠ ਲਿਆ।

ਮਹਾਰਾਜ ਜੀ ਤਾੜੀ ਮਾਰ ਕੇ ਹੱਸ ਪਏ, ਕਹਿੰਦੇ, "ਲਓ ਭਾਈ ਗੁਰਮੁਖੋ! ਤੁਹਾਡੇ ਭਜਨ ਦਾ ਪ੍ਰਤਾਪ ਦੇਖੋ ਤੁਹਾਡਾ ਮੁਰਦਾ ਹੁਣ ਸਣਦੇਹੀ ਸਚਖੰਡ ਜਾ ਰਿਹਾ ਹੈ।

ਉਨ੍ਹਾਂ ਨੇ ਗੁਰੂ ਨੂੰ ਅੰਤਰਜਾਮੀ ਨਾ ਜਾਣਿਆ ਇਕ ਮਨੁੱਖ ਜਾਣਿਆ। ਇਹ ਫਰਕ ਹੋਇਆ ਕਰਦਾ ਹੈ ਸਿੱਖੀ ਦੇ ਅੰਦਰ। ਆਹ ਤਿੰਨ ਕਿਸਮ ਦੀ ਸਿੱਖੀ ਵਾਲੇ ਸਿਦਕ ਤੋਂ ਹੀਣੇ ਪੁਰਸ਼ ਨੇ। ਇਨ੍ਹਾਂ ਨੂੰ ਨਹੀਂ ਪਤਾ ਕਿ ਗੁਰੂ ਸਭ ਦੇ ਅੰਦਰ ਦੀ ਗੱਲ ਜਾਣਦਾ ਹੈ ਤੇ ਕਿੱਡਾ ਵੱਡਾ ਡਰਾਮਾ ਕਰਿਆ ਗੁਰੂ ਨੂੰ ਧੋਖਾ ਦੇਣ ਵਾਸਤੇ। ਸੋ ਇਸ ਤਰ੍ਹਾਂ ਸਿੱਖਾਂ ਦੇ ਵਿਚ ਫਰਕ ਹੋਇਆ ਕਰਦਾ ਹੈ ਤੇ ਸਭ ਤੋਂ ਪਹਿਲੀ ਗੱਲ ਜਿਹੜੀ ਨਾਮ ਦੇ ਵਾਸਤੇ ਜ਼ਰੂਰੀ ਹੈ ਕਿਉਂਕਿ ਆਪਾਂ ਏਸ ਗੱਲ ਦੀ ਵਿਚਾਰ ਕਰ ਰਹੇ ਹਾਂ –

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਅੰਗ - 1365***

ਚਾਰ ਚੀਜ਼ਾਂ ਕਹਿ ਦਿਤੀਆਂ, ਨਾ ਬਜ਼ਾਰ ਹੈ, ਨਾ ਦੁਕਾਨ ਹੈ, ਨਾ ਗਾਹਕ ਹੈ ਤੇ ਨਾ ਮੁੱਲ ਦੇਣ ਵਾਲਾ ਹੈ। ਇਨ੍ਹਾਂ ਚਾਰ ਚੀਜ਼ਾਂ ਦਾ ਸੰਜੋਗ ਬਣੇ ਤਾਂ ਅਸੀਂ ਨਾਮ ਦੀ ਦਾਤ ਪ੍ਰਾਪਤ ਕਰੀਏ। ਕਿਉਂ ਨਹੀਂ ਨਾਮ ਚਲਦਾ? ਧਿਆਨ ਨਾਲ ਸਰਵਣ ਕਰਿਓ। ਜਿਹੜਾ ਜੁੜ ਨਹੀਂ ਸਕਿਆ ਪੂਰੇ ਧਿਆਨ ਦੇ ਨਾਲ। ਆਪਾਂ ਜੇ ਇਸ ਵਿਚਾਰ ਨੂੰ ਸਰਵਣ ਕਰਾਂਗੇ ਤਾਂ ਮਹਾਰਾਜ ਜੀ ਕ੍ਰਿਪਾ ਕਰਨਗੇ, ਟੁੱਟੀਆਂ ਫੇਰ ਗੰਢ ਲੈਣਗੇ। ਨੁਕਸ ਦੇਖ ਲਓ ਕਿੱਥੇ-ਕਿੱਥੇ ਹੈ। ਪਹਿਲੇ ਗੁਣ ਨੂੰ ਪ੍ਰਤੀਤ ਕਹਿੰਦੇ ਨੇ, ਭਰੋਸਾ ਕਹਿੰਦੇ ਨੇ। ਜੇ ਪ੍ਰਤੀਤ ਨਹੀਂ ਹੈ –

***ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ***
***ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ॥ ਅੰਗ - 734***

ਐਵੇਂ ਹੀ ਅੱਖਾਂ ਮੀਚ ਕੇ ਬਹਿ ਜਾਂਦੇ ਨੇ। ਅੱਖਾਂ ਮੀਚਣ ਬਾਰੇ ਮੇਰੀ ਬੇਨਤੀ ਹੈ ਸਾਧ ਸੰਗਤ ਜੀ! ਹਰ ਬੰਦਾ ਨਹੀਂ ਅਧਿਕਾਰੀ ਹੋਇਆ ਕਰਦਾ ਅੱਖਾਂ ਮੀਚਣ ਦਾ, ਕੋਈ ਵਿਰਲਾ ਹੁੰਦਾ ਹੈ। ਬਹੁਤੇ ਤਾਂ ਸੌਂ ਜਾਂਦੇ ਨੇ ਅੱਖਾਂ ਮੀਚਦੀ ਸਾਰ। ਗੁਰੂ ਦੀ ਹਜ਼ੂਰੀ ਵਿਚ ਬੈਠੇ ਹੋ। ਗੁਰੂ ਦੇ ਦਰਸ਼ਨ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ, ਖੁੱਲ੍ਹੀਆਂ ਅੱਖਾਂ ਨਾਲ ਦਰਸ਼ਨ ਕਰੋ। ਅੱਖਾਂ ਬੰਦ ਕਰੋਗੇ ਤਾਂ ਮਨ ਦੌੜੇਗਾ, ਕੋਈ ਵਿਰਲਾ ਹੈ ਜਿਸ ਦਾ ਮਨ ਟਿਕ ਜਾਵੇ। ਸੋ ਅੱਖਾਂ ਖੋਲ੍ਹ ਕੇ ਬੈਠੋ। ਮਹਾਰਾਜ ਜੀ ਕਹਿੰਦੇ ਜੇ ਪ੍ਰਤੀਤ ਨਹੀਂ ਹੈ ਐਵੇਂ ਅੱਖਾਂ ਮੀਚਦਾ ਹੈ ਤਾਂ ਉਸ ਦਾ ਗੁਮਾਨ ਉਤਰ ਜਾਏਗਾ। ਸਭ ਤੋਂ ਪਹਿਲਾਂ ਪ੍ਰਤੀਤ ਹੈ। ਜਦੋਂ ਪ੍ਰਤੀਤ ਹੋਏਗੀ ਉਸੇ ਵੇਲੇ ਪ੍ਰਭੂ ਦੇ ਨਾਲ ਮਨ ਜੁੜ ਜਾਏਗਾ। ਏਸ ਤਰ੍ਹਾਂ ਫੁਰਮਾਨ ਹੈ–

***ਧਾਰਨਾ - ਗੁਰ ਕੀ ਪ੍ਰਤੀਤ ਜੀ,***
***ਜਿਸ ਦੇ ਮਨ ਵਿਚ ਹੈ ਭਾਈ - 2, 2.***
***ਜਿਸ ਦੇ ਮਨ ਵਿਚ ਹੈ ਭਾਈ - 2, 2.***
***ਗੁਰ ਕੀ ਪ੍ਰਤੀਤ ਜੀ,***
***ਜਿਸ ਦੇ ਮਨ ਵਿਚ ਹੈ ਭਾਈ - 2, 2.***
***ਜਾ ਕੈ ਮਨਿ ਗੁਰ ਕੀ ਪਰਤੀਤਿ॥ ਅੰਗ - 283***

ਜੇ ਪ੍ਰਤੀਤ ਹੈ ਤਾਂ ਕੀ ਹੁੰਦਾ ਹੈ?

***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਅੰਗ - 283***

ਜੇ ਪ੍ਰਤੀਤ, ਭਰੋਸਾ ਨਹੀਂ ਹੈ ਤਾਂ ਵਾਹਿਗੁਰੂ ਨਹੀਂ ਚਿੱਤ ਆਉਂਦਾ ਕਦੇ ਵੀ ਕਿਉਂਕਿ ਅੰਦਰ ਨਾਸਤਿਕਤਾ ਹੈ, ਅੰਦਰ ਭਰੋਸਾ ਨਹੀਂ ਹੈ। ਜੇ ਸ਼ਰਧਾ ਹੀ ਨਹੀਂ ਹੈ ਤਾਂ ਪ੍ਰਾਪਤੀ ਕਿਵੇਂ ਹੋ ਜਾਏਗੀ? ਸੋ ਇਸ ਵਾਸਤੇ ਪ੍ਰਤੀਤ ਜ਼ਰੂਰੀ ਚੀਜ਼ ਹੈ।

ਇਕ ਵਾਰੀ ਇਕ ਰਾਜਾ ਆਪਣੇ ਵਜ਼ੀਰ ਨੂੰ ਕਹਿਣ ਲੱਗਿਆ ਕਿ ਤੁਸੀਂ ਅਧਿਆਤਮਵਾਦ ਬਾਰੇ ਕਾਫੀ ਕੁਝ ਜਾਣਦੇ ਹੋ, ਤੁਸੀਂ ਮੈਨੂੰ ਇਹ ਦੱਸੋ ਕਿ ਯਕੀਨ ਵੱਡਾ ਹੁੰਦਾ ਹੈ ਜਾਂ ਪੀਰ?

ਉਹ ਕਹਿੰਦਾ, "ਮਹਾਰਾਜ! ਦੋਵੇਂ ਚੀਜ਼ਾਂ ਵੱਡੀਆਂ ਨੇ ਯਕੀਨ ਵੀ ਹੋਣਾ ਚਾਹੀਦਾ ਹੈ ਤੇ ਪੀਰ ਵੀ ਪੂਰਾ ਹੋਣਾ ਚਾਹੀਦਾ ਹੈ।

ਬਾਦਸ਼ਾਹ ਕਹਿੰਦੇ, "ਨਹੀਂ, ਇਕ ਚੀਜ਼ ਦੱਸ।"

ਉਸ ਨੇ ਪੰਜ ਚਾਰ ਵਾਰ ਜਦੋਂ ਕਿਹਾ ਤਾਂ ਰਾਜਾ ਕਹਿੰਦਾ ਕਿ ਨਹੀਂ-ਨਹੀਂ ਮੈਂ ਦੋ ਬਾਤਾਂ ਨਹੀਂ ਸੁਣਨੀਆਂ, ਇਕੋ ਚੀਜ਼ ਦੱਸੋ ਪੀਰ ਵੱਡਾ ਹੈ ਜਾਂ ਯਕੀਨ?

ਉਹ ਕਹਿੰਦਾ, "ਮਹਾਰਾਜ! ਯਕੀਨ ਵੱਡਾ ਹੈ। ਗੁਰੂ ਚਾਹੇ ਰੱਬ ਹੋਵੇ ਜੇ ਯਕੀਨ ਨਾ ਹੋਵੇ ਤਾਂ ਉਸ ਦੀ ਸੰਧ ਨਹੀਂ ਜੁੜਿਆ ਕਰਦੀ, ਬੇਵਿਸ਼ਵਾਸ਼ੀ ਨਾਲ ਗੁਰੂ ਦਾ ਮੇਲ ਨਹੀਂ ਹੋਇਆ ਕਰਦਾ। ਕੋਈ ਨਾ ਕੋਈ ਪ੍ਰਤੀਤ ਦੀ ਤਾਰ ਉਸ ਦੇ ਹਿਰਦੇ ਵਿਚ ਜ਼ਰੂਰ ਉਤਪੰਨ ਹੋਣੀ ਚਾਹੀਦੀ ਹੈ। ਜੇ ਪ੍ਰਤੀਤ ਤੋਂ ਹੀਣਾ ਹੈ ਤਾਂ ਪੀਰ ਭਾਵੇਂ ਪੂਰਾ ਹੈ ਗੱਲ ਨਹੀਂ ਬਣਿਆ ਕਰਦੀ।

ਕਹਿੰਦੇ, "ਕਿਵੇਂ?"

ਕਹਿੰਦਾ, "ਛੇ ਮਹੀਨੇ ਦੀ ਮੋਹਲਤ ਦਿਓ।"

ਮੋਹਲਤ ਦਿਤੀ ਗਈ ਓਸੇ ਵੇਲੇ ਵਜ਼ੀਰ ਨੇ ਕੁਝ ਬੰਦੇ ਨਾਲ ਲਏ ਰਾਜ ਦੇ ਮਜ਼ਦੂਰ ਤੇ ਇਕ ਜੰਗਲ ਵਿਚ

ਚਲਿਆ ਗਿਆ। ਉਥੇ ਜਾ ਕੇ ਕਹਿਣ ਲੱਗਿਆ ਕਿ ਇਥੇ ਇਕ ਪੀਰ ਹੋਇਆ ਹੈ ਬਹੁੱਤ ਵੱਡਾ। ਜੋ ਸੁੱਖਣਾ ਇਸ ਥਾਂ ਤੇ ਆ ਕੇ ਸੁੱਖੀ ਜਾਂਦੀ ਸੀ ਉਹ ਉਸੇ ਵੇਲੇ ਪੂਰੀ ਹੋ ਜਾਂਦੀ ਸੀ। ਇਸ ਦਾ ਮਜਾਰ ਨਹੀਂ ਕਿਸੇ ਨੇ ਬਣਾਇਆ।

ਉਹ ਕਹਿਣ ਲੱਗੇ, "ਪੀਰ ਦਾ ਨਾਂ ਕੀ ਹੈ?"

ਕਹਿੰਦੇ, "ਪੀਰ ਜੁੱਤੇ ਸ਼ਾਹ ਕਹਿੰਦੇ ਨੇ।"

ਇਕ ਬਕਸੇ ਵਿਚ ਆਪਣੀ ਇਕ ਜੁੱਤੀ ਪਾ ਕੇ ਨੀਂਹ ਵਿਚ ਰੱਖ ਦਿਤਾ, ਮਜ਼ਾਰ ਬਣ ਗਿਆ। ਮਸ਼ਹੂਰ ਬਣ ਗਿਆ, ਵੀਰਵਾਰ ਦਾ ਮੇਲਾ ਲੱਗਣ ਲਗ ਗਿਆ। ਲੋੜਵੰਦ ਦੁਨੀਆਂ ਜਾ ਕੇ ਸੁੱਖਣਾ ਸੁੱਖਣ ਲੱਗ ਗਈ। ਚੇਤਨ ਪ੍ਰਭੂ ਵਿਚ ਇਹ ਸਿਫਤ ਹੈ ਕਿ ਉਹ ਹਰੇਕ ਦੀ ਸੁੱਖਣਾ ਪੂਰੀ ਕਰ ਦਿੰਦਾ ਹੈ। ਜੇ ਕਿਸੇ ਸੰਤ ਨੂੰ ਕਹੋ ਸੰਤ ਵਿਚ ਐਨੀ ਤਾਕਤ ਨਹੀਂ ਹੁੰਦੀ ਉਹ ਤਾਂ ਅਕਾਲ ਪੁਰਖ ਹੀ ਆਪ ਬਹੁੜਦਾ ਹੈ। ਆਪ ਹੀ ਉਸ ਦਾ ਭਰੋਸਾ ਦੇਖ ਕੇ ਕੰਮ ਕਰ ਦਿੰਦਾ ਹੈ। ਸੋ ਭੀੜਾਂ ਲੱਗਣ ਲਗ ਗਈਆਂ, ਗੱਲ ਫੈਲ ਗਈ। ਦੂਰ-ਦਰਾਜ਼ ਤੋਂ ਲੋਕ ਆਉਣ ਲਗ ਗਏ। ਅਚਾਨਕ ਰਾਜੇ ਦਾ ਲੜਕਾ ਬਿਮਾਰ ਹੋ ਗਿਆ। ਹਕੀਮਾਂ ਨੇ ਕਿਹਾ ਕਿ ਮਹਾਰਾਜ! ਹੁਣ ਕਿਸੇ ਗੁਰੂ-ਪੀਰ ਨੂੰ ਅਰਾਧੋ ਕਿਉਂਕਿ ਸਾਡੀ ਦਵਾਈ ਲੱਗ ਨਹੀਂ ਰਹੀ। ਬਹੁਤ ਦਵਾਈਆਂ ਬਦਲ-ਬਦਲ ਕੇ ਦੇਖ ਲਈਆਂ। ਵਜ਼ੀਰ ਨਾਲ ਗੱਲ ਹੋਈ ਤਾਂ ਵਜ਼ੀਰ ਨੇ ਕਿਹਾ ਕਿ ਜੰਗਲ ਦੇ ਅੰਦਰ ਪੀਰ ਜੁੱਤੇ ਸ਼ਾਹ ਦਾ ਮਜ਼ਾਰ ਹੈ। ਸ਼ਰਧਾ ਦੇ ਨਾਲ ਤੁਸੀਂ ਘਰ ਤੋਂ ਚੱਲੋ। ਨੰਗੇ ਪੈਰੀ ਪਹੁੰਚਦਾ ਹੈ ਸੁੱਖਣਾ ਸੁੱਖੀ ਕਿ ਪੀਰ ਜੀ! ਜੇ ਮੇਰਾ ਲੜਕਾ ਵਲ ਹੋ ਜਾਵੇ, ਰਾਜ਼ੀ ਹੋ ਜਾਵੇ ਤਾਂ ਮੈਂ ਤੁਹਾਡਾ ਮਜ਼ਾਰ ਬਹੁਤ ਵੱਡਾ ਬਣਾ ਦਿਆਂਗਾ। ਸੁੱਖਣਾ-ਸੁਖੀ ਗਈ ਤੇ ਲੜਕਾ ਰਾਜ਼ੀ ਹੋ ਗਿਆ।

ਉਸ ਤੋਂ ਬਾਅਦ ਬਾਦਸ਼ਾਹ ਨੇ ਵਜ਼ੀਰ ਨੂੰ ਕਿਹਾ ਕਿ ਮੈਂ ਹੁਣ ਮੰਨਤ ਦੇਣ ਜਾਣਾ ਚਾਹੁੰਦਾ ਹਾਂ। ਬੈਂਡ-ਵਾਜੇ ਤੇ ਬਹੁਤ ਵੱਡਾ ਜਲੂਸ ਲੈ ਕੇ ਗਿਆ। ਵਜ਼ੀਰ ਪਹਿਲਾਂ ਹੀ ਜਾ ਕੇ ਮਜ਼ਾਰ ਨੂੰ ਢਾਹੁੰਣ ਲਗ ਪਿਆ। ਰਾਜੇ ਦੇ ਜਾਂਦੇ ਨੂੰ ਤਕਰੀਬਨ ਢਾਹ ਦਿਤਾ।

ਰਾਜਾ ਜਦੋਂ ਪਹੁੰਚਿਆ ਤਾਂ ਕਹਿੰਦਾ, "ਵਜ਼ੀਰ ਸਾਹਿਬ! ਇਹ ਕੀ ਕਰਦੇ ਹੋ ਤੁਸੀਂ?"

ਵਜ਼ੀਰ ਕਹਿੰਦਾ, "ਮਹਾਰਾਜ! ਇਥੇ ਪੀਰ-ਪੂਰ ਕੋਈ ਨਹੀਂ ਹੋਇਆ। ਇਹ ਤਾਂ ਮੈਂ ਤੁਹਾਡੇ ਸਵਾਲ ਦਾ ਜਵਾਬ ਦਿਤਾ ਹੈ।"

ਰਾਜਾ ਕਹਿੰਦਾ, "ਕੋਈ ਪੀਰ ਨਹੀਂ ਹੋਇਆ?"

ਵਜ਼ੀਰ ਕਹਿੰਦਾ, "ਨਹੀਂ।"

ਕਹਿੰਦਾ, "ਮੈਨੂੰ ਕਿਵੇਂ ਪਤਾ ਲੱਗੇ?"

ਵਜ਼ੀਰ ਕਹਿੰਦਾ, "ਮਹਾਰਾਜ! ਆਹ ਦੇਖੋ ਮੇਰੀ ਜੁੱਤੀ ਇਕ ਮੇਰੇ ਕੋਲ ਹੈ ਤੇ ਇਸ ਦੇ ਨਾਲ ਦੀ ਦੂਜੇ ਪੈਰ ਦੀ ਜੁੱਤੀ ਮੈਂ ਨੀਂਹ ਵਿਚ ਦਬਾ ਦਿਤੀ ਸੀ ਤੇ ਮੈਂ ਹੀ ਇਸ ਦਾ ਨਾਂ ਪੀਰ ਜੁੱਤੇ ਸ਼ਾਹ ਦਾ ਮਜ਼ਾਰ ਰੱਖਿਆ ਸੀ।"

ਰਾਜਾ ਕਹਿੰਦਾ, "ਠੀਕ ਹੈ ਪਰ ਮਨ ਨਹੀਂ ਮੰਨਦਾ।"

ਕਹਿੰਦਾ, "ਮਹਾਰਾਜ! ਆਹੀ ਗੱਲ ਸੰਸਾਰ ਨਾਲ ਹੁੰਦੀ ਹੈ ਯਕੀਨ ਵੱਡੀ ਚੀਜ਼ ਹੈ। ਜੇ ਪੀਰ ਕੁਝ ਕਸਰ ਵਾਲਾ ਹੋਵੇ ਪਰ ਯਕੀਨ ਪੂਰਾ ਹੋਵੇ ਤਾਂ ਵੀ ਪਾਰ ਲੰਘ ਜਾਂਦਾ ਹੈ।"

ਧੰਨੇ ਦੇ ਗੁਰੂ ਨੇ ਇਸ ਨੂੰ ਪੱਥਰ ਦਿਤਾ ਸੀ ਉਸ ਨੇ ਤਾਂ ਪਿੱਛਾ ਛਡਾਇਆ ਸੀ ਪਰ ਧੰਨੇ ਦੇ ਭਰੋਸੇ ਨੇ ਪ੍ਰਮੇਸ਼ਰ ਦੇ ਦਰਸ਼ਨ ਕਰ ਲਏ।

*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥*
*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥ ਪੰਨਾ-488*

ਸੋ ਮਹਾਰਾਜ ਜੀ ਕਹਿੰਦੇ ਜੇ ਸਿੱਖਾਂ ਵਿਚ ਗਲਤੀ ਹੈ, ਸਿੱਖ ਟੁੱਟੇ ਰਹਿੰਦੇ ਨੇ ਤਾਂ ਗੁਰੂ ਕੀ ਕਰੇ? ਗੁਰੂ ਗ੍ਰੰਥ ਸਾਹਿਬ ਤਾਂ ਪੂਰਨ ਸਤਿਗੁਰੂ ਨੇ ਪਰ ਜੇ ਸਿੱਖ ਹੀ ਨਹੀਂ ਜੁੜਦੇ, ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਸਾਚਾ ਸਤਿਗੁਰੂ ਕਿਆ ਕਰੇ - 2, 2.*
*ਜਾ ਸਿੱਖਾਂ ਮਹਿ ਚੂਕ,*
*ਸਾਚਾ ਸਤਿਗੁਰ ਕਿਆ ਕਰੇ - 2, 2.*

*ਕਬੀਰ ਸਾਚਾ ਸਤਿਗੁਰੁ ਕਿਆ ਕਰੈ*
*ਜਉ ਸਿਖਾ ਮਹਿ ਚੂਕ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥*
*ਅੰਗ - 1372*

ਬਾਂਸ ਦੇ ਵਿਚ ਫੂਕ ਮਾਰੋ ਤਾਂ ਆਵਾਜ਼ ਨਹੀਂ ਨਿਕਲਦੀ, ਭਰੋਸੇ ਰੂਪ ਥੱਲਾ (ਪੇਂਦਾ) ਨਹੀਂ ਹੈ ਉਸ ਦੇ ਵਿਚ। ਬੰਸਰੀ ਦੇ ਵਿਚ ਫੂਕ ਮਾਰੋ ਉਂਗਲਾਂ ਨਾਲ ਸੁਰ ਦੱਬੋ ਤਾਂ ਰਾਗ ਕੱਢੇਗੀ। ਸੋ ਐਨਾ ਹੀ ਫਰਕ ਹੈ। ਜੇ ਹਿਰਦਾ ਹੋਵੇ ਪ੍ਰੀਤ ਵਾਲਾ ਫੇਰ ਤਾਂ ਨਾਮ ਚਲਿਆ ਕਰਦਾ ਹੈ। ਜੇ ਨਾ ਹੋਵੇ, ਜਪੁਜੀ ਸਾਹਿਬ ਵੀ ਮਸਾਂ ਹੀ ਪੜ੍ਹਦਾ ਹੈ, ਰੁਚੀ ਹੀ ਨਹੀਂ ਅੰਦਰ, ਫੇਰ ਤੇਰੀ ਰੁਚੀ ਪ੍ਰੇਮੀਆਂ! ਐਵੇਂ ਹੀ ਹੈ ਵਾਧੂ ਦੀ, ਡਰ ਕੇ ਹੀ ਸਿੱਖ ਬਣਿਆ ਹੋਇਆ ਹੈ, ਤਰੱਕੀ ਕਰਨ ਦੀ ਤੇਰੇ ਅੰਦਰ ਚਾਹ ਨਹੀਂ ਹੈ ਕੋਈ।

ਸੋ ਪਹਿਲੀ ਜੋ ਸ਼ਰਤ ਹੈ ਉਹ ਇਹ ਹੈ ਕਿ ਗੁਰੂ ਦੇ ਉਤੇ ਪ੍ਰਤੀਤ ਕਰਨੀ। ਕਿੱਡੀ ਵੱਡੀ ਪ੍ਰਤੀਤ ਹੁੰਦੀ ਹੈ? ਮਹਾਰਾਜ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*
*ਅੰਗ - 442*

ਗੁਰੂ ਤੇ ਗੋਵਿੰਦ ਵਿਚ ਕੋਈ ਫਰਕ ਨਾ ਹੋਵੇ, ਐਨੀ ਪ੍ਰਤੀਤ ਹੋਵੇ ਕਿ ਗੁਰੂ ਗ੍ਰੰਥ ਸਾਹਿਬ ਜੀ ਦਾ ਜਦੋਂ ਹੁਕਮ ਸੁਣਦੇ ਹੋ, ਬਾਣੀ ਸੁਣਦੇ ਹੋ ਤਾਂ ਇਹ ਮਹਿਸੂਸ ਹੋਵੇ ਕਿ ਇਹ ਦਰਗਾਹ ਤੋਂ ਪ੍ਰਸਾਰਤ ਹੋ ਰਹੀ ਹੈ, ਅਕਾਲ ਪੁਰਖ ਦੇ ਦਰ ਤੋਂ, ਅਕਾਲ ਪੁਰਖ ਆਪ ਬੋਲ ਕੇ ਸ਼ਬਦ ਰੂਪ ਹੋ ਕੇ ਬੈਠੇ ਨੇ ਫੇਰ ਤਾਂ ਜੁੜ ਜਾਏਗਾ, ਨਹੀਂ ਤਾਂ ਗੱਲ ਨਹੀਂ

ਬਣਿਆ ਕਰਦੀ।

ਦੂਸਰੀ ਪ੍ਰਤੀਤ ਹੁੰਦੀ ਹੈ ਨਾਮ ਦੀ ਮਹਿਮਾ ਤੇ, ਜੇ ਨਾਮ ਦੀ ਮਹਿਮਾ ਹਿਰਦੇ ਵਿਚ ਹੀ ਨਹੀਂ ਵਸੀ ਤਾਂ ਫੇਰ ਗੱਲ ਨਹੀਂ ਬਣਿਆ ਕਰਦੀ ਕਿਉਂਕਿ ਜਦੋਂ ਨਾਮ ਦੀ ਮਹਿਮਾ ਵਸ ਜਾਏਗੀ ਤਾਂ ਸਾਰੇ ਦੁੱਖਾਂ ਕਲੇਸਾਂ ਦਾ ਨਾਸ਼ ਹੋ ਜਾਇਆ ਕਰਦਾ ਹੈ ਤੇ ਨਾਮ ਇਕ ਸਕਿੰਟ ਵਾਸਤੇ ਵੀ ਨਹੀਂ ਵਿਸਰਿਆ ਕਰਦਾ। ਜਿਸ ਦੇ ਵਿਚ ਨਾਮ ਦੀ ਮਹਿਮਾ ਦੀ ਪ੍ਰਤੀਤ ਨਹੀਂ। ਉਹ ਕਹਿੰਦਾ ਜੀ! ਮੈਥੋਂ ਤਾਂ ਭਜਨ ਨਹੀਂ ਹੁੰਦਾ, ਕਿੰਨੀ ਦੇਰ ਕਰਾਂ? ਸਮਾਂ ਬੜਾ ਲਗ ਜਾਂਦਾ ਹੈ ਕਿਉਂਕਿ ਉਸ ਦੇ ਅੰਦਰ ਰੁਚੀ ਨਹੀਂ ਹੈ।

ਮਰਦਾਨਾ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਨਾਮ ਦਾ ਬਹੁਤ ਉਪਦੇਸ਼ ਦਿੰਦੇ ਹੋ ਤੇ ਤੁਹਾਡੇ ਨਾਲ ਰਹਿ ਕੇ ਮੈਨੂੰ ਵੀ ਇਹ ਪਤਾ ਲਗ ਗਿਆ ਕਿ ਸੰਸਾਰ ਦੇ ਅੰਦਰ ਜੇ ਕੋਈ ਅਸਲੀ ਚੀਜ਼ ਹੈ ਤਾਂ ਉਹ ਪ੍ਰਮੇਸ਼ਰ ਦਾ ਨਾਮ ਹੈ ਪਰ ਸੰਸਾਰ ਕਿਉਂ ਨਹੀਂ ਮੰਨਦਾ?"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਨਾਮ ਅਮੁੱਲ ਹੈ ਸਾਂਈ ਦਾ –

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਅੰਗ - 81*

ਪਰ ਇਹ ਸੰਸਾਰ ਕਦਰਦਾਨ ਨਹੀਂ ਹੈ, ਇਨ੍ਹਾਂ ਦੀਆਂ ਰੁਚੀਆਂ ਮਾੜੀਆਂ ਨੇ, ਛੋਟੀਆਂ ਚੀਜ਼ਾਂ ਦੀ ਕਦਰ ਹੈ ਇਸ ਦੇ ਅੰਦਰ। ਜ਼ਿੰਮੀਦਾਰ ਨੂੰ ਜ਼ਮੀਨ ਦਾ ਪਤਾ ਹੈ ਕਿ ਗੰਨੇ ਵਾਲੀ ਕਿਹੜੀ ਹੈ ਤੇ ਧਾਨ ਲਾਉਣ ਵਾਲੀ ਜ਼ਮੀਨ ਦਾ ਕਿਹੜੀ ਹੈ। ਇਸ ਦੀ ਉਹ ਕਦਰ ਕਰਕੇ ਲੋੜਵੰਦ ਜ਼ਮੀਨ ਲੈ ਸਕਦਾ ਹੈ। ਕੱਪੜੇ ਵਾਲੇ ਨੂੰ ਪਤਾ ਹੈ ਕਿ ਕਿਸ ਕਪੜੇ ਦਾ ਰੰਗ ਖੁਰ ਜਾਣਾ ਹੈ। ਕਿਹੜਾ ਕੱਪੜਾ ਲਿਆ ਕੇ ਮੈਂ ਅਸਲੀ ਕਹਿ ਕੇ ਵੇਚ ਸਕਦਾ ਹਾਂ। ਇਸੇ ਤਰ੍ਹਾਂ ਵਪਾਰੀ ਨੂੰ ਪਤਾ ਹੈ ਕਿ ਕਿਸੇ ਸ਼ਹਿਰ ਦਾ ਨਕਸ਼ਾ ਬਣ ਰਿਹਾ ਹੈ, ਕਿੱਥੇ-ਕਿੱਥੇ ਪਲਾਟ ਮਹਿੰਗੇ ਹੋਣਗੇ ਉਹ ਪਹਿਲਾਂ ਹੀ ਖਰੀਦ ਕੇ ਰੱਖ ਲੈਂਦਾ ਹੈ।

ਸੋ ਮਹਾਰਾਜ ਜੀ ਕਹਿੰਦੇ, "ਹਰ ਕੰਮ ਵਾਲੇ ਨੂੰ ਆਪਣਾ-ਆਪਣਾ ਪਤਾ ਹੈ ਮਰਦਾਨਿਆ! ਨਾਮ ਵਾਲਾ ਤਾਂ ਸੰਸਾਰ ਦੇ ਅੰਦਰ ਕੋਈ ਵਿਰਲਾ ਹੋਇਆ ਕਰਦਾ ਹੈ। ਭੀੜਾਂ ਆਉਂਦੀਆਂ ਨੇ ਪਰ ਅਸਲੀ ਕੋਈ ਵਿਰਲਾ ਹੀ ਹੁੰਦਾ ਹੈ।"

ਕਹਿੰਦਾ, "ਮਹਾਰਾਜ! ਤੁਸੀਂ ਐਨਾ ਦਸਦੇ ਹੋ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਤੈਨੂੰ ਫੇਰ ਇਸ ਦੀ ਗੱਲ ਸਮਝਾਵਾਂਗੇ।"

ਜਾਂਦੇ-ਜਾਂਦੇ ਮਹਾਰਾਜ ਬਿਸੰਭਰ ਨਗਰ ਦੇ ਕੋਲ ਪਹੁੰਚ ਗਏ, ਪਟਨੇ ਦੇ ਕੋਲ, ਪਾਟਲੀ ਪੁੱਤਰ।

ਮਹਾਰਾਜ ਜੀ ਕਹਿੰਦੇ, "ਦੇਖ ਮਰਦਾਨਿਆ! ਸਾਮ੍ਹਣੇ ਕੀ ਨਜ਼ਰ ਆਉਂਦਾ ਹੈ?"

ਮਹਾਰਾਜ ਜੀ ਕਹਿੰਦੇ, "ਆਹ ਦੇਖ ਬਹੁਤ ਸੋਹਣਾ ਥਾਂ ਆ ਰਿਹਾ ਹੈ ਅਸੀਂ ਤਾਂ ਇਥੇ ਬੈਠਾਂਗੇ ਤੂੰ ਜਾ ਕੇ ਪ੍ਰਸ਼ਾਦੇ ਛਕ ਆ।"

ਮਰਦਾਨਾ ਹੱਸਣ ਲਗ ਗਿਆ ਕਿਉਂਕਿ ਬਾਲ-ਸਖਾਈ ਸੀ, ਸ਼ਰਧਾ ਵੀ ਬਹੁਤ ਸੀ ਪਰ ਬਾਲ-ਸਖਾਈ ਹੋਣ ਕਰਕੇ ਥੋੜ੍ਹਾ ਪਿਆਰ ਵਿਚ ਆ ਕੇ ਖੁਲ੍ਹ ਵਰਤ ਲਿਆ ਕਰਦਾ ਸੀ।

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਤੂੰ ਹਸਦਾ ਹੈਂ?"

ਕਹਿੰਦਾ, "ਸੱਚੇ ਪਾਤਸ਼ਾਹ! ਮੈਂ ਇਸ ਕਰਕੇ ਹਸਦਾ ਹਾਂ ਕਿ ਤੁਸੀਂ ਤਾਂ ਪ੍ਰਸ਼ਾਦਾ ਛਕਣ ਨੂੰ ਐਉਂ ਕਹਿ ਦਿਤਾ ਜਿਵੇਂ ਮੇਰੇ ਵਾਸਤੇ ਰੋਟੀ ਪੱਕੀ ਪਕਾਈ ਹੁੰਦੀ ਹੈ।'

ਕਹਿੰਦੇ, "ਹੋਰ ਕੀ ਕਰਦਾ ਹੁੰਦਾ ਹੈ?"

ਕਹਿੰਦਾ, "ਮਹਾਰਾਜ! ਮੈਂ ਕੀ ਕਰਨਾ ਹੈ? ਤੁਹਾਡੇ ਨਾਲ ਰਹਿਣ ਕਰਕੇ ਮੈਨੂੰ ਕੁਝ ਸੋਝੀ ਆ ਗਈ। ਇਕ ਤਾਂ ਮੈਨੂੰ ਦੂਸਰੇ ਦੇ ਹਿਰਦੇ ਦੀ ਗੱਲ ਦਾ ਪਤਾ ਲਗਣ ਲਗ ਗਿਆ ਕਿ ਇਹ ਬੰਦਾ ਮੇਰੇ ਬਾਰੇ ਕੀ ਸੋਚਦਾ ਹੈ, ਟੈਲੀਪੈਥੀ ਨੂੰ ਮੈਂ ਜਾਨਣ ਲਗ ਪਿਆ।"

ਜਦੋਂ ਹਿਰਦਾ ਸ਼ੁੱਧ ਹੋ ਜਾਂਦਾ ਹੈ ਤਾਂ ਬਗੈਰ ਬੋਲੇ ਤੋਂ ਹੀ ਬਾਤ ਦਾ ਪਤਾ ਲਗ ਜਾਂਦਾ ਹੈ। ਭਾਵੇਂ ਬੋਲੇ ਉਤੋਂ ਮਿੱਠਾ ਪਰ ਜੇ ਅੰਦਰੋਂ ਕਠੋਰਤਾ ਹੈ ਤਾਂ ਟਿਕੇ ਹੋਏ ਹਿਰਦੇ ਨੂੰ ਫੌਰਨ ਪਤਾ ਲਗ ਜਾਂਦਾ ਹੈ ਕਿ ਉਤੋਂ ਪਖੰਡ ਨਾਲ ਗੱਲ ਕਰ ਰਿਹਾ ਹੈ ਪਰ ਅੰਦਰ ਇਸ ਦੇ ਆਹ ਗੱਲ ਚਲ ਰਹੀ ਹੈ।

ਕਹਿੰਦਾ, "ਮਹਾਰਾਜ! ਦੂਸਰਾ ਮੈਨੂੰ ਮੱਥਾ ਦੇਖ ਕੇ ਬੰਦੇ ਦੇ ਸੁਭਾਅ ਦਾ ਪਤਾ ਲਗ ਗਿਆ। ਜੇ ਤਾਂ ਖਿੜਿਆ ਮੱਥਾ ਹੋਵੇ, ਬੁੱਲ੍ਹਾਂ ਦੇ ਉਤੇ ਮੁਸਕਰਾਹਟ ਹੋਵੇ, ਚਿਹਰਾ ਖਿੜਿਆ ਹੋਵੇ ਤਾਂ ਮੈਨੂੰ ਪਤਾ ਲਗ ਜਾਂਦਾ ਹੈ ਕਿ ਇਹ ਬੰਦਾ ਸਰਲ ਹੈ, ਇਸ ਦੇ ਅੰਦਰ ਜ਼ਰੂਰ ਪ੍ਰਮੇਸ਼ਰ ਦੇ ਨਾਮ ਦੀ ਰੌ ਚਲ ਰਹੀ ਹੈ।

*ਨਾਨਕ ਭਗਤਾ ਸਦਾ ਵਿਗਾਸੁ॥*
*ਸੁਣਿਐ ਦੂਖ ਪਾਪ ਕਾ ਨਾਸੁ॥* *ਅੰਗ - 3*

ਨਾਮ ਖੇੜਾ ਪੈਦਾ ਕਰਦਾ ਹੈ।

ਕਹਿਣ ਲੱਗਿਆ, "ਮਹਾਰਾਜ! ਫੇਰ ਮੈਂ ਉਸ ਨੂੰ ਸਤਿ ਕਰਤਾਰ ਦਾ ਅਵਾਜ਼ਾ ਦਿੰਦਾ ਹਾਂ, ਉਹ ਵੀ ਆਪਣੀ ਬੋਲੀ ਵਿਚ ਬੋਲਦਾ ਹੈ, ਫੇਰ ਗੱਲ ਚਲ ਪੈਂਦੀ ਹੈ ਫੇਰ ਮੈਨੂੰ ਉਹ ਪ੍ਰਸ਼ਾਦਾ ਛਕਾ ਦਿੰਦਾ ਹੈ ਤੇ ਫੇਰ ਮੈਂ ਤੁਹਾਡੇ ਵਾਸਤੇ ਵੀ ਲੈ ਆਉਂਦਾ ਹਾਂ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਜੇ ਇਹੋ ਜਿਹਾ ਕਦੇ ਨਾ ਮਿਲੇ।"

ਕਹਿਣ ਲੱਗਿਆ, "ਮਹਾਰਾਜ! ਫੇਰ ਮੇਰੇ ਨਾਲ ਆ ਕੇ ਦੇਖ ਲਿਓ, ਕਿਵੇਂ ਗਾਲ੍ਹਾਂ ਕੱਢਦੀਆਂ ਨੇ ਬੀਬੀਆਂ, ਕੋਈ ਕੁਝ

ਕਹਿੰਦੀ ਹੈ, ਕੋਈ ਕੁਝ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਨਿਰੰਕਾਰ ਦੇ ਹੋਈਏ ਚਾਕਰ ਤੇ ਦੁਨੀਆਂ ਅੱਗੇ ਹੱਥ ਅੱਡਣਾ ਹੈ?"

ਉਸੇ ਵੇਲੇ ਆਪ ਨੇ ਖੜਾਂਵ ਵਿਚੋਂ ਪੈਰ ਕੱਢਿਆ, ਪੈਰ ਦੇ ਅੰਗੂਠੇ ਨਾਲ ਧਰਤੀ ਪੁੱਟੀ ਤੇ ਇਕ ਲਾਲ ਕੱਢਿਆ।

ਕਹਿੰਦੇ, "ਲੈ ਮਰਦਾਨਿਆ! ਇਹ ਚੁੱਕ ਲੈ। ਇਹ ਅਮੁੱਲੀ ਚੀਜ਼ ਹੈ। ਜਾਹ! ਜਾ ਕੇ ਸ਼ਹਿਰ ਵਿਚ ਇਸ ਦਾ ਮੁੱਲ ਪੁਛ ਕੇ ਆ ਤੇ ਨਾਲ ਪ੍ਰਸ਼ਾਦਾ ਛਕ ਆ।"

ਮਰਦਾਨਾ ਲਾਲ ਲੈ ਕੇ ਚਲਦਾ-ਚਲਦਾ ਸਬਜ਼ੀ ਫਰੋਸ਼ਾਂ ਦੇ ਮਹੱਲੇ ਚਲਿਆ ਗਿਆ। ਉਥੇ ਜਾ ਕੇ ਇਕ ਚੰਗੀ ਦੁਕਾਨ ਦੇਖ ਕੇ ਕਹਿਣ ਲੱਗਿਆ, "ਪ੍ਰੇਮੀਆ! ਦੇਖ ਕਿੰਨੇ ਕੁ ਮੁੱਲ ਦੀ ਚੀਜ਼ ਹੈ ਮੇਰੇ ਹੱਥ ਵਿਚ ਤੇ ਮੈਨੂੰ ਤੂੰ ਸਵਾ ਸੇਰ ਖਾਣ ਲਈ ਕੋਈ ਫਲ ਦੇ ਦੇ।"

ਉਸ ਨੇ ਦੇਖਿਆ ਤੇ ਕਹਿਣ ਲੱਗਿਆ ਕਿ ਭਾਈ! ਇਹਦਾ ਕਾਹਦਾ ਮੁੱਲ ਹੈ? ਇਹ ਤਾਂ ਐਵੇਂ ਹੀ ਲਾਲ ਪੱਥਰ ਹੈ। ਗੰਗਾ ਦੇ ਕਿਨਾਰੇ ਸਾਡੇ ਬੱਚੇ ਨਹਾਉਣ ਜਾਂਦੇ ਨੇ ਤੇ ਚੁੱਕ ਲਿਆਉਂਦੇ ਨੇ। ਇਹ ਤਾਂ ਕੁਝ ਵੀ ਨਹੀਂ ਹੈ।" ਮਰਦਾਨਾ ਕਹਿੰਦਾ, "ਨਹੀਂ! ਬਹੁਤ ਮੁੱਲ ਹੈ ਇਸ ਦਾ।"

ਉਥੇ ਕੁਝ ਬੰਦੇ ਖੜ੍ਹੇ ਸਨ। ਉਹ ਪੁੜਪੁੜੀ ਕੋਲ ਉਂਗਲੀ ਘੁਮਾਉਣ ਲਗ ਗਏ ਕਿ ਇਸ ਦੇ ਦਿਮਾਗ ਵਿਚ ਫਰਕ ਹੈ, ਕੁਝ-ਕੁਝ ਮਰਦਾਨਾ ਵੀ ਸਮਝ ਗਿਆ। ਵਾਪਸ ਲੈ ਕੇ ਹਲਵਾਈ ਕੋਲ ਚਲਿਆ ਗਿਆ, ਜਦੋਂ ਉਸ ਨੂੰ ਦਿਖਾਇਆ ਤਾਂ ਹਲਵਾਈ ਕਹਿੰਦਾ ਕਿ ਭਾਈ! ਇਸ ਦੀ ਅੱਧ-ਸੇਰ ਮਠਿਆਈ ਲੈ ਲੈ। ਸਬਜ਼ੀ ਫਰੋਸ਼ ਦੋ ਮੂਲੀਆਂ ਦੇਂਦਾ ਸੀ।

ਮਰਦਾਨਾ ਕਹਿੰਦਾ, "ਸ਼ਾਹ ਜੀ! ਮੈਨੂੰ ਇਸ ਦਾ ਮੁੱਲ ਦੱਸੋ ਕਿੰਨਾ ਹੈ?"

ਉਹ ਕਹਿੰਦਾ, "ਤੈਨੂੰ ਦੱਸ ਤਾਂ ਦਿਤਾ ਕਿ ਅੱਧ ਸੇਰ ਮਠਿਆਈ ਲੈ ਜਾ ਇਸ ਨੂੰ ਇੱਥੇ ਹੀ ਰਹਿਣ ਦੇ, ਮੇਰੀ ਤੱਕੜੀ ਵਿਚ ਐਨਾ ਕੁ ਹੀ ਪਾਸਕੂ ਹੈ।

ਮਰਦਾਨੇ ਨੇ ਬਥੇਰਾ ਸਮਝਾਉਣ ਦਾ ਯਤਨ ਕਰਿਆ ਪਰ ਉਹ ਨਹੀਂ ਮੰਨਿਆ। ਮਰਦਾਨਾ ਬਜਾਜ ਕੋਲ ਗਿਆ ਉਹ ਦੋ ਗਜ਼ ਕਪੜਾ ਦੇਵੇ। ਅੱਗੇ ਇਕ ਜੌਹਰੀ ਕੋਲ ਗਿਆ ਉਸ ਨੇ ਦੱਸ ਰੁਪਏ ਮੁੱਲ ਪਾਇਆ। ਦੂਸਰੇ ਕੋਲ ਗਿਆ ਉਸ ਨੇ ਸੌ ਰੁਪਿਆ ਮੁੱਲ ਪਾ ਦਿਤਾ। ਮਰਦਾਨਾ ਹੈਰਾਨ ਹੋ ਗਿਆ ਕਿ ਸੌ ਰੁਪਏ, ਕਿੱਥੇ ਦੋ ਮੂਲੀਆਂ, ਅੱਧੇ ਧੇਲੇ ਦੀਆਂ।

ਕਹਿਣ ਲੱਗਿਆ, "ਕੋਈ ਵੱਡਾ ਜੌਹਰੀ ਵੀ ਹੈ ਇਥੇ?"

ਕਹਿੰਦੇ, "ਹਾਂ! ਇਥੇ ਸਾਲਸਰਾਇ ਨਾਂ ਦਾ ਜੌਹਰੀ ਹੈ ਤੇ ਐਸਾ ਘਰ ਹੈ ਉਸ ਦਾ।"

ਮਰਦਾਨਾ ਪੁੱਛ-ਪੁਛਾ ਕੇ ਚਲਿਆ ਗਿਆ। ਉਹ ਉਪਰ ਚੌਬਾਰੇ ਤੇ ਰਹਿੰਦਾ ਸੀ। ਹੇਠਾਂ ਰੱਸੀ ਲਟਕਦੀ ਹੈ, ਘੰਟੀ ਨਾਲ ਬੰਨ੍ਹੀ ਨਾਲ ਹੋਈ, ਮਰਦਾਨੇ ਨੇ ਰੱਸੀ ਖਿੱਚੀ ਅੰਦਰ ਘੰਟੀ ਵੱਜੀ। ਨੌਕਰ ਆਇਆ ਆ ਕੇ ਉਸ ਨੇ ਪੁੱਛ-ਪ੍ਰਤੀਤ ਕੀਤੀ।

ਕਹਿੰਦਾ, "ਦੱਸੋ ਭਾਈ ਮਰਦਾਨਾ! ਕੀ ਗੱਲ ਹੈ?"

ਮਰਦਾਨਾ ਕਹਿੰਦਾ, "ਸ਼ਾਹ ਜੀ! ਮੇਰੇ ਕੋਲ ਆਹ ਚੀਜ਼ ਹੈ, ਮੈਂ ਇਸ ਦਾ ਮੁੱਲ ਪੁੱਛਣਾ ਹੈ।"

ਕਹਿੰਦਾ, "ਮੈਂ ਸ਼ਾਹ ਜੀ ਨਹੀਂ ਹਾਂ, ਮੈਂ ਤਾਂ ਨੌਕਰ ਹਾਂ ਤਾਂ ਤੁਸੀਂ ਉਪਰ ਆ ਜਾਓ।"

ਉਪਰ ਜਾ ਕੇ ਉਹ ਸ਼ਾਹ ਨੂੰ ਕਹਿਣ ਲੱਗਿਆ ਕਿ ਸ਼ਾਹ ਜੀ! ਇਹ ਮਰਦਾਨਾ ਜੀ ਆਏ ਨੇ ਪੰਜਾਬ ਦੇਸ ਤੋਂ। ਇਨ੍ਹਾਂ ਕੋਲ ਕੋਈ ਚੀਜ਼ ਹੈ ਉਸ ਦਾ ਮੁੱਲ ਪੁਛਦੇ ਨੇ, ਆਹ ਮੇਰੇ ਹੱਥ ਵਿਚ ਹੈ।

ਕਹਿਣ ਲੱਗੇ, "ਬੇਟਾ, ਅਧਰੱਕਾ! ਤੈਨੂੰ ਵੀ ਬੜੀ ਦੇਰ ਹੋ ਗਈ ਮੇਰੇ ਨਾਲ ਰਹਿੰਦੇ ਨੂੰ ਤੂੰ ਮੁੱਲ ਦੱਸ ਤਾਂ!"

ਕਹਿੰਦਾ, "ਸੇਠ ਜੀ! ਮੈਂ ਇਸ ਦਾ ਹਜ਼ਾਰ ਰੁਪਈਆ ਮੁੱਲ ਪਾਇਆ ਹੈ।"

ਉਸ ਵੇਲੇ ਦੇ ਰੁਪਏ ਦੇ ਨੌਂ ਮਣ ਪੱਕੇ ਛੋਲੇ ਆਉਂਦੇ ਸਨ ਤੇ ਹਜ਼ਾਰ ਰੁਪਿਆ ਅੱਜ ਦੇ ਲੱਖਾਂ ਵਿਚ ਚਲਿਆ ਗਿਆ।

ਕਹਿਣ ਲੱਗੇ, "ਦਿਖਾ ਤਾਂ! ਐਨੀ ਕੀਮਤੀ ਚੀਜ਼?"

ਜਦੋਂ ਸ਼ਾਹ ਨੇ ਫੜ ਕੇ ਰੋਸ਼ਨੀ ਵਲ ਕਰਿਆ ਤੇ ਉਸ ਦੀ ਰੌਸ਼ਨੀ ਦੀਆਂ ਲਾਈਨਾਂ ਨਾਪੀਆਂ ਤਾਂ ਹੈਰਾਨ ਰਹਿ ਗਿਆ, ਉਪਰਲਾ ਸਾਹ ਉਪਰ ਹੀ ਰਹਿ ਗਿਆ, ਛਾਤੀ ਫੁਲਦੀ ਜਾਂਦੀ ਹੈ।

ਕਹਿੰਦੇ, "ਬੇਟਾ! ਸੌ ਰੁਪਿਆ ਜਲਦੀ ਲਿਆ ਕੱਢ ਕੇ।" ਏਧਰ ਮਰਦਾਨੇ ਦੇ ਚਿਹਰੇ ਵਲ ਦੇਖਿਆ। ਕਹਿੰਦੇ, "ਭਾਈ ਮਰਦਾਨਾ! ਮੈਂ ਮੁੱਲ ਨਹੀਂ ਦੇ ਰਿਹਾ।"

ਫੇਰ ਆਪਣੇ ਨੌਕਰ ਨੂੰ ਕਹਿਣ ਲੱਗਿਆ ਜਦੋਂ ਉਹ ਸੌ ਰੁਪਏ ਲੈ ਆਇਆ, ਕਹਿੰਦਾ ਕਿ ਬੇਟਾ! ਆਪਣੀ ਕਿਸਮਤ ਜਾਗ ਪਈ। ਅੱਜ ਉਹ ਨਾਯਾਬ ਲਾਲ ਜਿਸ ਦਾ ਕੋਈ ਮੁੱਲ ਨਹੀਂ ਹੁੰਦਾ, ਆਪਾਂ ਨੂੰ ਦੇਖਣ ਵਾਸਤੇ ਮਿਲ ਗਿਆ। ਸਾਡੇ ਬਜ਼ੁਰਗ ਦੱਸਿਆ ਕਰਦੇ ਸਨ ਕਿ ਸੰਸਾਰ ਵਿਚ ਇਕ ਐਸਾ ਲਾਲ ਹੈ ਜਿਸ ਦਾ ਕੋਈ ਮੁੱਲ ਨਹੀਂ ਹੁੰਦਾ, ਉਸ ਦੀ ਨਿਸ਼ਾਨੀ ਆਹ ਹੁੰਦੀ ਹੈ। ਜੇ ਕਿਤੇ ਉਹ ਵੱਡੇ ਭਾਗਾਂ ਨਾਲ ਦੇਖਣ ਲਈ ਮਿਲ ਜਾਵੇ ਤਾਂ ਪਹਿਲਾਂ ਸੌ ਰੁਪਿਆ ਦਰਸ਼ਨ ਭੇਟ ਰੱਖਿਓ, ਫੇਰ ਉਸ ਦੇ ਮੁੱਲ ਦੀ ਗੱਲ ਕਰਿਓ। ਮੁੱਲ ਕੋਈ ਨਹੀਂ ਉਸ ਦਾ ਹੋਇਆ ਕਰਦਾ, ਜਿੰਨਾ ਕਿਸੇ ਕੋਲ ਧਨ ਹੈ ਓਨਾਂ ਹੀ ਮੁੱਲ ਹੈ।"

ਕਹਿੰਦੇ, "ਭਾਈ ਮਰਦਾਨਾ! ਮੈਂ ਇਸ ਦਾ ਮੁੱਲ ਨਹੀਂ ਦੇ ਰਿਹਾ, ਮੈਂ ਤਾਂ ਕੇਵਲ ਇਸ ਦੀ ਦਰਸ਼ਨ ਭੇਟ ਦੇ ਰਿਹਾ

ਹਾਂ, ਇਹ ਤੁਹਾਡਾ ਹੈ ਜਾਂ ਕਿਸੇ ਹੋਰ ਦਾ।"

ਕਹਿੰਦਾ, "ਇਹ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦਾ ਹੈ।"

ਕਹਿੰਦੇ, "ਓਹੀ ਗੁਰੂ ਨਾਨਕ ਨਿਰੰਕਾਰੀ ਤਾਂ ਨਹੀਂ ਜਿਹੜੇ ਕਲਜੁਗ ਵਿਚ ਪ੍ਰਗਟ ਹੋਏ ਨੇ, ਆਪ ਨਿਰੰਕਾਰ।"

ਮਰਦਾਨਾ ਕਹਿੰਦਾ, "ਹਾਂ ਓਹੀ ਨੇ।"

ਕਹਿੰਦੇ, "ਬੇਟਾ ਅਧਰੱਕਾ! ਕਿਸਮਤ ਜਾਗ ਪਈ। ਗੁਰੂ ਨਾਨਕ ਸਾਹਿਬ ਦੇ ਦਰਸ਼ਨ ਹੋ ਜਾਣੇ ਨੇ ਤੇ ਕੀਮਤੀ ਲਾਲ ਦੇ ਵੀ ਹੋ ਗਏ। ਪ੍ਰਸ਼ਾਦਾ ਭਾਈ ਮਰਦਾਨਾ।"

ਕਹਿੰਦੇ, "ਅਜੇ ਤੱਕ ਤਾਂ ਕਿਸੇ ਨੇ ਛਕਾਇਆ ਨਹੀਂ।"

ਕਹਿੰਦੇ, "ਕਿੰਨੀਆਂ ਕੁ ਮੂਰਤੀਆਂ ਨੇ?"

ਮਰਦਾਨਾ ਕਹਿੰਦਾ, "ਕਦੇ-ਕਦੇ ਤਾਂ ਅਸੀਂ ਹਜ਼ਾਰਾਂ ਵਿਚ ਵੀ ਹੋ ਜਾਂਦੇ ਹਾਂ ਪਰ ਹੁਣ ਤਾਂ ਅਸੀਂ ਤਿੰਨੇ ਹੀ ਹਾਂ, ਮੈਂ, ਭਾਈ ਬਾਲਾ ਤੇ ਸਤਿਗੁਰੂ ਨਾਨਕ ਪਾਤਸ਼ਾਹ।"

ਕਹਿੰਦਾ, "ਚੱਲ ਭਾਈ! ਅਸੀਂ ਪਿੱਛੇ ਪ੍ਰਸ਼ਾਦਾ ਲੈ ਕੇ ਆਉਂਦੇ ਹਾਂ, ਹੋਰ ਨਾ ਕਿਸੇ ਤੇ ਲਇਓ।"

ਮਰਦਾਨਾ ਹੈਰਾਨ ਹੋਇਆ ਤੁਰਿਆ ਜਾਂਦਾ ਹੈ। ਇਕੋ ਹੀ ਧੁਨ ਲੱਗੀ ਹੋਈ ਹੈ ਕਿ ਦੋ ਮੂਲੀਆਂ ਦਿੰਦਾ ਹੈ ਕੋਈ, ਕੋਈ ਅੱਧ ਸੇਰ ਮਠਿਆਈ ਦਿੰਦਾ ਹੈ, ਇਕ ਦੋ ਗਜ਼ ਕੱਪੜਾ ਦਿੰਦਾ ਹੈ, ਇਕ ਦੱਸ ਰੁਪਏ ਦਿੰਦਾ ਹੈ, ਇਕ ਸੌ ਦਿੰਦਾ ਹੈ ਤੇ ਇਹ ਕਹਿੰਦਾ ਹੈ ਇਸ ਦਾ ਮੁੱਲ ਹੀ ਕੋਈ ਨਹੀਂ, ਦਰਸ਼ਨ ਭੇਟਾ ਹੀ ਸੌ ਦੇ ਦਿਤੀ। ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਤੇ ਜਾ ਕੇ ਨਾਲੇ ਸੌ ਰੁਪਈਆ ਰੱਖ ਦਿਤਾ, ਨਾਲੇ ਲਾਲ ਰੱਖ ਦਿਤਾ।

ਮਹਾਰਾਜ ਜੀ ਕਹਿੰਦੇ, "ਮਰਦਾਨਾ! ਇਹ ਕੀ?"

ਕਹਿੰਦਾ, "ਮਹਾਰਾਜ! ਤੇਰੀਆਂ ਤੂੰ ਜਾਣ। ਮੈਂ ਤਾਂ ਹੈਰਾਨ ਹੋਈ ਜਾਂਦਾ ਹਾਂ ਕਿ ਇਸ ਲਾਲ ਦੀ ਕੀਮਤ ਦੋ ਮੂਲੀਆਂ, ਇਕ ਅੱਧ ਸੇਰ ਮਠਿਆਈ, ਇਕ ਦੋ ਗਜ਼ ਕੱਪੜਾ, ਇਕ ਦੱਸ ਰੁਪਏ, ਇਕ ਸੌ ਰੁਪਏ ਤੇ ਮਹਾਰਾਜ! ਸਾਲਸਰਾਏ ਕਹਿੰਦਾ ਇਸ ਦਾ ਮੁੱਲ ਹੀ ਕੋਈ ਨਹੀਂ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਤੂੰ ਸਮਝਾ ਦੇਣਾ ਸੀ।"

ਕਹਿੰਦਾ, "ਪਾਤਸ਼ਾਹ! ਮੈਨੂੰ ਤਾਂ ਕਮਲਾ ਬਣਾ ਦਿਤਾ ਉਨ੍ਹਾਂ ਨੇ। ਜਿੰਨਾਂ ਮੈਂ ਜ਼ਿਆਦਾ ਕਹਾਂ, ਓਨਾ ਹੀ ਉਹ ਮੈਨੂੰ ਕਮਲਾ ਕਹਿਣ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਜਿਸ ਤਰ੍ਹਾਂ ਲਾਲਾਂ ਦੀ ਕੀਮਤ ਪੂਰੇ ਜੌਹਰੀ ਤੋਂ ਬਗੈਰ ਨਹੀਂ ਪੈਂਦੀ ਇਸੇ ਤਰ੍ਹਾਂ ਪ੍ਰਮੇਸ਼ਰ ਦੇ ਨਾਮ ਦੀ ਕੀਮਤ ਮਹਾਂਪੁਰਸ਼ਾਂ ਤੋਂ ਬਗੈਰ ਨਹੀਂ ਪਿਆ ਕਰਦੀ।"

***ਧਾਰਨਾ - ਮਹਿਮਾ ਹਰਿ ਨਾਮ ਦੀ***
***ਸੰਤਾਂ ਦੇ ਹਿਰਦੇ ਵਸਦੀ - 2, 2.***
***ਸੰਤਾਂ ਦੇ ਹਿਰਦੇ ਵਸਦੀ - 2, 2.***
***ਮਹਿਮਾ ਹਰਿ ਨਾਮ ਦੀ, - 2, 2.***

***ਨਾਮ ਕੀ ਮਹਿਮਾ ਸੰਤ ਰਿਦ ਵਸੈ॥ ਅੰਗ - 265***

ਮਹਾਰਾਜ ਜੀ ਕਹਿੰਦੇ, "ਸੰਤਾਂ ਤੋਂ ਬਗੈਰ ਮਰਦਾਨਿਆ! ਸੰਸਾਰ ਕੀ ਜਾਣੇ ਕਿ ਨਾਮ ਕੀ ਹੁੰਦਾ ਹੈ। ਸੰਸਾਰ ਤਾਂ ਮਾਇਆ ਦੀਆਂ ਭੁੱਲ-ਭੁਲਾਈਆਂ ਵਿਚ ਪਿਆ ਹੋਇਆ ਹੈ, ਬਾਹਰ ਨਹੀਂ ਨਿਕਲਦਾ। ਕਾਲ ਮੰਡਲ ਦੇ ਘੇਰੇ ਵਿਚ ਰਹਿ ਕੇ ਜੰਮਦਾ ਹੈ ਮਰਦਾ ਹੈ ਪਰ ਨਾਮ ਦੀ ਮਹਿਮਾ ਨਹੀਂ ਜਾਣਦਾ ਕਿ ਨਾਮ ਮੈਨੂੰ ਛੁਡਾ ਦਏਗਾ। ਕਾਲ ਨਹੀਂ ਆਏਗਾ, ਨਾਮੀ ਪੁਰਸ਼ ਦੇ ਕੋਲ ਉਹ ਅਕਾਲ ਮੰਡਲ ਦੇ ਵਿਚ ਪ੍ਰਵੇਸ਼ ਕਰ ਜਾਏਗਾ।

ਨਾਮ ਦੀ ਮਹਿਮਾ ਜੇ ਪੁੱਛਣੀ ਹੈ ਤਾਂ -

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥***

***ਅੰਗ - 487***

ਗਰੀਬ ਆਦਮੀ ਜਦੋਂ ਬੰਦਗੀ ਕੀਤੀ ਤਾਂ ਮਰੀ ਹੋਈ ਗਊ ਜੀਉਂਦੀ ਹੋ ਜਾਂਦੀ ਹੈ ਪਰ ਪ੍ਰਮੇਸ਼ਰ ਅੰਤਰਜਾਮੀ ਨੇ ਭਗਤ ਦੀ ਬੇਅਦਬੀ ਕਰਕੇ ਹਿੰਦੋਸਤਾਨ ਦਾ ਚੱਕਰਵਰਤੀ ਬਾਦਸ਼ਾਹ ਸਲੇਮਸ਼ਾਹ ਐਸਾ ਦਰਦ ਉਸ ਦੇ ਪੇਟ ਵਿਚ ਉਠਾਇਆ, ਮਰਨ ਲੱਗਿਆ। ਉਸ ਵੇਲੇ ਮੂੰਹ ਵਿਚ ਘਾਹ ਲੈ ਕੇ ਨਾਮਦੇਵ ਜੀ ਦੇ ਸਾਮ੍ਹਣੇ ਹੱਥ ਜੋੜ ਕੇ ਕਹਿੰਦਾ ਹੈ-

***ਬਖਸੀ ਹਿੰਦੂ ਮੈ ਤੇਰੀ ਗਾਇ॥ ਅੰਗ - 1166***

ਚੱਕਰਵਰਤੀ ਬਾਦਸ਼ਾਹ ਸੰਤ ਦੇ ਸਾਮ੍ਹਣੇ ਹੱਥ ਜੋੜੀ ਖੜ੍ਹਾ ਹੈ ਕਿ ਮੈਨੂੰ ਬਖਸ਼ ਦੇ ਮੈਂ ਤੇਰੀ ਗਾਂ ਹਾਂ। ਏਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,***
***ਬੰਦਾ ਅਧੀ ਦਮੜੀ ਦਾ - 2, 2.***
***ਮੇਰੇ ਪਿਆਰੇ, ਬੰਦਾ ਅੱਧੀ ਦਮੜੀ ਦਾ-2.***
***ਨਾਮ ਜਪ ਕੇ ਲੱਖਾਂ ਦਾ ਹੋ ਗਿਆ,...2, 2.***

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥***

***ਅੰਗ - 487***

ਸਾਰੇ ਹਿੰਦੋਸਤਾਨ ਦਾ ਪੂਜ ਬਣ ਗਿਆ ਹੁਣ ਤੱਕ ਅਮਰ ਚਲ ਰਿਹਾ ਹੈ। ਬਹੱਤਰ ਵਾਰੀ ਪਾਰਬ੍ਰਹਮ ਪ੍ਰਮੇਸ਼ਰ ਨੇ ਸਾਕਾਰ ਰੂਪ ਦੇ ਅੰਦਰ ਨਾਮਦੇਵ ਜੀ ਨੂੰ ਦਰਸ਼ਨ ਦਿਤੇ, ਕਿਤੇ ਮਰੀ ਹੋਈ ਗਊ ਜੀਉਂਦੀ ਕਰ ਰਹੇ ਨੇ, ਕਿਤੇ ਛੱਪਰ ਬਣਾਉਣ ਵਾਸਤੇ ਆ ਰਹੇ ਨੇ, ਕਿਤੇ ਦੇਹੁਰਾ ਫੇਰਨ ਵਾਸਤੇ ਆ ਰਹੇ ਨੇ, ਕਿਤੇ ਦੁੱਧ ਪੀਣ ਵਾਸਤੇ ਆ ਰਹੇ ਨੇ, ਅਨੇਕਾਂ ਵਾਰੀ ਦਰਸ਼ਨ ਨਾਮਦੇਵ ਜੀ ਨੂੰ ਹੋਏ -

***ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥***
***ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥***

***ਅੰਗ - 487***

ਪੁੱਛ ਲੈ ਕਬੀਰ ਨੂੰ, ਤਾਣੇ-ਬਾਣੇ ਬੁਣਦਾ ਸੀ ਤੇ

ਗਰੀਬੀ ਕਿੰਨੀ ਸੀ? ਮਾਤਾ ਕਹਿੰਦੀ ਹੈ ਕਿ ਇਹ ਸਾਨੂੰ ਤਾਂ ਕਹਿੰਦਾ ਹੈ ਕਿ ਛੋਲੇ ਚੱਬ ਕੇ ਗੁਜ਼ਾਰਾ ਕਰ ਲਓ, ਸੰਤਾਂ ਨੂੰ ਜਿਹੜੇ ਪ੍ਰਸ਼ਾਦੇ ਹੁੰਦੇ ਨੇ ਉਹ ਖਿਲਾ ਦਿੰਦਾ ਹੈ। ਸਾਨੂੰ ਕਹਿੰਦਾ ਹੈ ਕਿ ਤੁਸੀਂ ਭੁੰਜੇ ਹੀ ਸੌਂ ਜਾਓ ਤੇ ਜਿਹੜੇ ਇਕ ਦੋ ਮੰਜੇ ਘਰ ਵਿਚ ਨੇ ਉਹ ਸੰਤਾਂ ਨੂੰ ਦੇ ਦਿੰਦਾ ਹੈ ਪਰ ਨਾਮ ਦੀ ਮਹਿਮਾ ਕਿੱਡੀ ਹੈ। ਸਾਢੇ ਸੱਤ ਕਰੋੜ ਬੰਦੇ ਦਾ ਕਬੀਰ ਸਾਹਿਬ ਨੇ ਉਧਾਰ ਕਰਿਆ ਹੈ, ਵੱਡੀ ਉਮਰ ਦੇ ਹੋਏ ਨੇ ਆਪ। ਸੋ ਨਾਮ ਦੀ ਮਹਿਮਾ ਦੀ ਬਾਤ ਕਹਿੰਦੇ ਉਨ੍ਹਾਂ ਨੂੰ ਪੁੱਛ ਲਓ।

ਇਕ ਵਾਰੀ ਕਬੀਰ ਸਾਹਿਬ ਬਾਹਰ ਗਏ ਹੋਏ ਨੇ ਤੇ ਇਕ ਰਾਜੇ ਨੂੰ ਪਤਾ ਲੱਗਿਆ ਕਿ ਨਾਮ ਜਪਣ ਨਾਲ ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ। ਇਹ ਕੋਈ ਐਵੇਂ ਹੀ ਬਾਤ ਨਹੀਂ ਸਾਧਸੰਗਤ ਜੀ! ਇਹ ਬਿਲਕੁਲ ਸੱਚ ਜਾਣੋ।

***ਸਰਬ ਰੋਗ ਕਾ ਅਉਖਦੁ ਨਾਮੁ॥*** ***ਅੰਗ - 274***

ਜਿਸ ਦਾ ਕਿਤੇ ਇਲਾਜ ਨਾ ਹੁੰਦਾ ਹੋਵੇ ਉਹ ਨਾਮ ਤੇ ਭਰੋਸਾ ਕਰਕੇ ਨਾਮ ਜਪ ਲਵੇ ਉਹ ਰਾਜ਼ੀ ਹੋ ਜਾਏਗਾ। ਸਹਿਜ ਸੁਭਾਅ ਮੈਂ ਬਾਤ ਕਰਦਾ ਹਾਂ। ਸੋ ਆਪ ਦੇ ਘਰ ਇਹ ਰਾਜਾ ਆ ਗਿਆ। ਉਸ ਨੂੰ ਕੋਹੜ ਹੋਇਆ ਹੋਇਆ ਸੀ, ਦੁੱਖੀ ਸੀ ਬਹੁਤ, ਬਦਬੂ ਮਾਰਦੀ ਸੀ। ਆ ਕੇ ਪੁਛਿਆ ਕਿ ਭਗਤ ਜੀ ਕਿੱਥੇ ਨੇ।

ਮਾਤਾ ਜੀ ਕਹਿਣ ਲੱਗੇ ਕਿ ਉਹ ਤਾਂ ਗਏ ਹੋਏ ਨੇ, ਕੁਝ ਦੇਰ 'ਚ ਆਉਣਗੇ।

ਕਹਿਣ ਲੱਗਿਆ, "ਬੀਬੀ! ਮੈਂ ਬਹੁਤ ਦੁਖੀ ਹਾਂ, ਮੇਰੇ ਤੇ ਕ੍ਰਿਪਾ ਕਰੋ, ਮੈਂ ਬੜੀ ਦੂਰੋਂ ਆਇਆ ਹਾਂ।" ਸਾਰੀ ਗੱਲ ਦੱਸੀ ਕਿ ਮੈਨੂੰ ਆਹ ਰੋਗ ਹੈ। ਤਰਸ ਆ ਗਿਆ ਮਾਤਾ ਜੀ ਨੂੰ।

ਕਹਿਣ ਲੱਗੇ, "ਬੈਠੋ ਸਾਮ੍ਹਣੇ।" ਸਾਮ੍ਹਣੇ ਬੈਠ ਗਏ।

ਕਹਿੰਦੇ, "ਕਹੁ ਰਾਮ! ਕਹੁ ਰਾਮ!! ਕਹੁ ਰਾਮ!!!

ਪਹਿਲਾਂ ਕਹਿ ਦਿਤਾ, ਦੂਜੀ ਵਾਰੀ ਕੁਹਾ ਦਿਤਾ। ਤੀਜੀ ਵਾਰ ਫੇਰ ਕੁਹਾ ਦਿਤਾ।

ਕਹਿੰਦੇ, "ਜਾਹ! ਇਸ਼ਨਾਨ ਕਰ ਲੈ ਜਾ ਕੇ।"

ਇਸ਼ਨਾਨ ਕੀਤਾ, ਕਮਾਇਆ ਹੋਇਆ ਨਾਮ, ਸਰੀਰ ਕੰਚਨ ਵਰਗਾ ਹੋ ਗਿਆ। ਮਹਿਮਾ ਚੱਲ ਪਈ ਮਾਤਾ ਲੋਈ ਜੀ ਦੀ। ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ ਕਿ ਕਬੀਰ ਸਾਹਿਬ ਤਾਂ ਜੋ ਨੇ, ਸੋ ਹੈ, ਪਰ ਮਾਤਾ ਜੀ ਵੀ ਘੱਟ ਨਹੀਂ ਹਨ। ਧੰਨ ਮਾਤਾ ਲੋਈ! ਧੰਨ ਮਾਤਾ ਲੋਈ!! ਉਧਰੋਂ ਕਬੀਰ ਸਾਹਿਬ ਵਾਪਸ ਆ ਰਹੇ ਨੇ ਤੇ ਸੁਣਦੇ ਨੇ ਕਿ ਧੰਨ ਹੋ ਭਗਤ ਜੀ ਤੁਸੀਂ ਤਾਂ ਧੰਨ ਹੋ ਹੀ ਪਰ ਧੰਨ ਮਾਤਾ ਲੋਈ। ਇਹ ਸੋਚਦੇ ਨੇ ਕਿ ਧੰਨ, ਧੰਨ ਕਿਉਂ ਹੋਣ ਲੱਗ ਪਈ?

ਲੋਈ ਜੀ ਨੇ ਐਸਾ ਕੀ ਕਰ ਦਿਤਾ। ਜਾਣਦੇ ਤਾਂ ਸੀ। ਸੰਤਾਂ ਦੀ ਜਿਹੜਾ ਸੇਵਾ ਕਰੇ, ਕੁਦਰਤੀ ਤੌਰ ਤੇ ਉਸ ਦੇ ਵਿਚ ਸ਼ਕਤੀਆਂ ਆ ਜਾਇਆ ਕਰਦੀਆਂ ਹਨ। ਸੋ ਮਾਤਾ ਜੀ ਸਤਿਸੰਗ ਕਰਦੇ ਸਨ, ਜੂਠੇ ਬਰਤਨ ਮਾਂਜਦੇ ਸਨ, ਕਬੀਰ ਸਾਹਿਬ ਦਾ ਪੂਰਾ ਸਾਥ ਦਿੰਦੇ ਸਨ। ਇਹ ਵੀ ਤਪ ਹੋਇਆ ਕਰਦਾ ਹੈ ਵੱਡਾ ਭਾਰੀ। ਉਸ ਤੋਂ ਵੀ ਵੱਧ ਕਬੀਰ ਸਾਹਿਬ ਨੂੰ ਸੰਭਾਲਣਾ, ਇਸ਼ਨਾਨ ਕਰਾਉਣਾ, ਬਸਤਰ ਧੋਣੇ, ਪ੍ਰਸ਼ਾਦਾ ਤਿਆਰ ਕਰਕੇ ਦੇਣਾ, ਬੇਅੰਤ ਸੇਵਾ ਕਰਦੇ ਸਨ। ਸੇਵਾ ਕਰਨ ਨਾਲ ਸ਼ਕਤੀਆਂ ਆ ਜਾਇਆ ਕਰਦੀਆਂ ਹਨ।

ਸੋ ਜਦੋਂ ਕਬੀਰ ਸਾਹਿਬ ਨੇ ਸੁਣਿਆ ਤਾਂ ਆਪਣੇ ਇਕ ਪ੍ਰੇਮੀ ਨੂੰ ਪੁਛਿਆ ਕਿ ਇਹ ਕੀ ਹੋ ਰਿਹਾ ਹੈ। ਤਾਂ ਉਹ ਕਹਿੰਦਾ ਕਿ ਮਹਾਰਾਜ! ਇਕ ਰਾਜਾ ਆਇਆ ਸੀ। ਤਿੰਨ ਵਾਰੀ ਰਾਮ ਕੁਹਾ ਕੇ ਮਾਤਾ ਜੀ ਨੇ ਉਸ ਦਾ ਕੋਹੜ ਦੂਰ ਕਰ ਦਿਤਾ।

ਕਹਿਣ ਲੱਗੇ, "ਤਿੰਨ ਵਾਰੀ ਦੀ ਕੀ ਲੋੜ ਸੀ? ਐਨਾ ਸਸਤਾ।"

ਨਰਾਜ਼ ਹੋ ਗਏ, ਗੁਰਮੁਖਾਂ ਦੀ ਨਰਾਜ਼ੀ ਪਾਣੀ ਤੇ ਲਕੀਰ ਹੋਇਆ ਕਰਦੀ ਹੈ, ਮਨਮੁਖ ਦੀ ਨਰਾਜ਼ੀ ਪੱਥਰ ਤੇ ਲਕੀਰ ਹੋਇਆ ਕਰਦੀ ਹੈ। ਗੁਰਮੁਖ ਕਿਸੇ ਨਾਲ ਗੁੱਸਾ ਨਹੀਂ ਰੱਖਿਆ ਕਰਦੇ –

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥***
***ਅੰਗ - 1382***

ਥੋੜ੍ਹੇ ਨਰਾਜ਼ ਹੋ ਗਏ ਕਿ ਹੈਂ ਨਾਮ ਐਨਾ ਸਸਤਾ? ਘਰ ਆਏ ਮਾਤਾ ਜੀ ਨੇ ਦੇਖੇ, ਅੱਗੇ ਵਧੀ, ਨਮਸਕਾਰ ਕਰਨ ਲੱਗੀ, ਕਬੀਰ ਸਾਹਿਬ ਰੁਕੇ ਨਹੀਂ ਓਵੇਂ ਜਿਵੇਂ ਚਲੇ ਗਏ, ਨਾ ਦੇਖਿਆ। ਉਸ ਤੋਂ ਬਾਅਦ ਅੰਦਰ ਚਲੇ ਗਏ। ਉਥੇ ਗਈ ਜਾ ਕੇ ਉਨ੍ਹਾਂ ਦੇ ਗਲ ਦਾ ਪਰਨਾ ਫੜਨ ਲੱਗੀ, ਹੱਥ ਦੀ ਸੋਟੀ ਫੜਨ ਲੱਗੀ, ਚਿੱਪੀ ਫੜਨ ਲੱਗੀ। ਆਪੇ ਹੀ ਉਨ੍ਹਾਂ ਨੇ ਸਭ ਕੁਝ ਰੱਖ ਦਿਤਾ ਤੇ ਆਪ ਮੰਜੇ ਤੇ ਬੈਠ ਗਏ। ਇਹ ਜਦੋਂ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਨ ਲੱਗੀ ਤਾਂ ਕਬੀਰ ਸਾਹਿਬ ਨੇ ਪਿੱਠ ਕਰ ਲਈ, ਓਧਰ ਗਈ ਫੇਰ ਪਿੱਠ ਕਰ ਲਈ। ਉਸ ਵੇਲੇ ਮਾਤਾ ਜੀ ਦੇ ਮਨ ਵਿਚ ਬਹੁਤ ਗਹਿਰੀ ਸੱਟ ਲੱਗੀ ਕਿ ਹੈਂ! ਮੇਰੇ ਨਾਲ ਕਿਸ ਕਿਸਮ ਦੀ ਨਰਾਜ਼ੀ ਕਿ ਕੋਈ ਗੱਲ ਤਾਂ ਐਸੀ ਹੋਈ ਨਹੀਂ। ਉਸ ਵੇਲੇ ਦੋਵੇਂ ਹੱਥ ਜੋੜ ਕੇ ਇਸ ਤਰ੍ਹਾਂ ਬੇਨਤੀ ਕਰਦੇ ਨੇ –

***ਧਾਰਨਾ - ਆਰੇ ਨਾਲ ਚੀਰ ਦੇ,***
***ਕਰਵਟ ਨਾ ਦੇ ਕੇ ਮਾਰੀਂ - 2, 2.***
***ਕਰਵਟ ਨਾ ਦੇ ਕੇ ਮਾਰੀ - 2, 2.***
***ਆਰੇ ਨਾਲ ਚੀਰ ਦੇ,..........- 2, 2.***

***ਕਰਵਤੁ ਭਲਾ ਨ ਕਰਵਟ ਤੇਰੀ॥*** ***ਅੰਗ - 484***

ਕਹਿਣ ਲੱਗੀ, "ਮਹਾਰਾਜ! ਆਰੇ ਨਾਲ ਮੈਨੂੰ ਚੀਰ ਦਿਓ ਪਰ ਆਹ ਪਿੱਠ ਨਹੀਂ ਮੈਂ ਤੁਹਾਡੀ ਸਹਾਰ ਸਕਦੀ, ਤੁਹਾਡਾ ਗੁੱਸਾ, ਨਰਾਜ਼ੀ ਨਹੀਂ ਸਹਾਰ ਸਕਦੀ।"

***ਲਾਗੁ ਗਲੇ ਸੁਨੁ ਬਿਨਤੀ ਮੇਰੀ॥*** ***ਅੰਗ - 484***

ਮੈਨੂੰ ਕਰਵਟ ਤੁਸੀਂ ਕਿਉਂ ਦਿਤੀ –

*ਜਉ ਤਨੁ ਚੀਰਹਿ ਅੰਗੁ ਨ ਮੋਰਉ॥*
*ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥ ਅੰਗ - 484*

ਤੁਸੀਂ ਚੀਰ ਕੇ ਦੇਖ ਲਓ ਜੇ ਮੈਂ ਕਦੇ ਵੀ ਬੁਰਾ ਅੱਖਰ ਕਹਿ ਜਾਵਾਂ। ਮੇਰਾ ਸਰੀਰ ਗਿਰ ਜਾਵੇ ਪਰ ਮੈਂ ਜੁਗਾਂ-ਜੁਗਾਤਰਾਂ ਦੀ ਪ੍ਰੀਤ ਤੁਹਾਡੇ ਨਾਲ ਨਹੀਂ ਤੋੜ ਸਕਦੀ -

*ਹਮ ਤੁਮ ਬੀਚੁ ਭਇਓ ਨਹੀ ਕੋਈ॥*
*ਤੁਮਹਿ ਸੁ ਕੰਤ ਨਾਰਿ ਹਮ ਸੋਈ॥ ਅੰਗ - 484*

ਕੋਈ ਚੁਗਲ ਨਹੀਂ ਆਇਆ ਤੁਹਾਡੇ ਤੇ ਮੇਰੇ ਪਿਆਰ ਵਿਚ, ਮੈਂ ਤੁਹਾਡੀ ਪਤਨੀ ਹਾਂ ਤੇ ਤੁਸੀਂ ਮੇਰੇ ਪਤੀ ਹੋ ਫੇਰ ਵਜ੍ਹਾ ਕੀ ਹੈ? ਤੁਸੀਂ ਕਿਹੜੀ ਗੱਲ ਤੋਂ ਨਰਾਜ਼ ਹੋ ਗਏ? ਮੈਨੂੰ ਦੱਸੋ ਤਾਂ ਸਹੀ। ਉਸ ਵਕਤ ਕਬੀਰ ਕਹਿਣ ਲੱਗੇ -

*ਕਹਤੁ ਕਬੀਰੁ ਸੁਨਹੁ ਰੇ ਲੋਈ॥*
*ਅਬ ਤੁਮਰੀ ਪਰਤੀਤਿ ਨ ਹੋਈ॥ ਅੰਗ - 484*

ਤੇਰੀ ਪ੍ਰਤੀਤ ਸੀ ਮੇਰੇ ਹਿਰਦੇ ਦੇ ਅੰਦਰ, ਮੈਂ ਤੈਨੂੰ ਬਹੁਤ ਸੋਝੀਵਾਨ ਸਮਝਦਾ ਸੀ ਕਿ ਤੂੰ ਐਨੇ ਸਤਿਸੰਗ ਸੁਣੇ ਨੇ, ਨਾਮ ਦੀ ਮਹਿਮਾ ਸੁਣੀ ਹੈ ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਤੈਨੂੰ ਨਾਮ ਦੀ ਮਹਿਮਾ ਐਨੀ ਘੱਟ ਪਤਾ ਹੈ। ਕਿਉਂ ਤਿੰਨ ਵਾਰੀ ਤੂੰ ਰਾਮ ਕਹਾਇਆ? ਤੂੰ ਨਾਮ ਐਨਾ ਸਸਤਾ ਲਾ ਦਿਤਾ। ਇਸ ਤਰ੍ਹਾਂ ਕਹਿੰਦੇ ਨੇ -

*ਧਾਰਨਾ - ਲੋਈਏ ਰਾਮ ਪਿਆਰੀਏ,*
*ਤੈਂ ਰਾਮ ਸਵੱਲੜਾ ਲਾਇਆ -2, 2.*
*ਤਿੰਨ ਵਾਰੀ ਰਾਮ ਕਹਾ ਕੇ*
*ਰੋਗੀ ਦਾ ਰੋਗ ਹਟਾਇਆ - 2,*
*ਲੋਈਏ ਰਾਮ ਪਿਆਰੀਏ, .......- 2, 2.*

*ਕਹਤੁ ਕਬੀਰੁ ਸੁਨਹੁ ਰੇ ਲੋਈ॥*
*ਅਬ ਤੁਮਰੀ ਪਰਤੀਤਿ ਨ ਹੋਈ॥ ਅੰਗ - 484*

ਐਨਾ ਸਸਤਾ ਪ੍ਰਮੇਸ਼ਰ ਦਾ ਨਾਮ ਲਾ ਦਿਤਾ? ਨਾਮ ਦੀ ਮਹਿਮਾ ਦਾ ਨਹੀਂ ਸੀ ਤੈਨੂੰ ਪਤਾ?

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਅੰਗ - 81*

ਕਹਿਣ ਲੱਗੀ ਕਿ ਸਵਾਮੀ ਜੀ! ਬੇਨਤੀ ਸੁਣੋਂ ਪਹਿਲੀ ਵਾਰੀ ਮੈਂ ਰਾਮ ਏਸ ਵਾਸਤੇ ਕਹਾਇਆ ਕਿ -

*ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ਅੰਗ - 1195*

ਜਿਹੜੇ ਮਾੜੇ ਕਰਮ ਏਸ ਰਾਜੇ ਦੇ ਕੀਤੇ ਹੋਏ ਸਨ ਉਨ੍ਹਾਂ ਦੇ ਨਾਸ਼ ਵਾਸਤੇ -

*ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ॥*
*ਮਿਟੰਤ ਸਗਲ ਸਿਮਰੰਤ ਹਰਿ ਨਾਮ*
*ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥*
*ਅੰਗ - 1355*

ਜਿਵੇਂ ਲੱਕੜਾਂ ਨੂੰ ਅੱਗ ਲਾ ਦੇਈਦੀ ਹੈ ਮਹਾਰਾਜ! ਇਸੇ ਤਰ੍ਹਾਂ ਮੈਂ ਇਸ ਦੇ ਪਾਪਾਂ ਨੂੰ ਜਾਲਣ ਵਾਸਤੇ ਇਕ ਵਾਰੀ ਰਾਮ ਕਹਾਇਆ। ਸੋ ਆਪ ਸਹਿਮਤ ਹੋਵੋਂਗੇ ਮੇਰੇ ਨਾਲ?

ਕਹਿੰਦੇ, "ਠੀਕ ਹੈ।"

ਕਹਿਣ ਲੱਗੀ ਕਿ ਦੂਸਰੀ ਵਾਰ ਰਾਮ ਮੈਂ ਦਵਾਈ ਦਿਤੀ ਹੈ ਏਸ ਨੂੰ ਤੇ ਤੀਸਰੀ ਵਾਰੀ ਮੈਂ ਨਾਮ ਦੀ ਮਹਿਮਾ ਦਿਖਾਉਣ ਵਾਸਤੇ ਇਸ ਨੂੰ ਗੁਰਮੰਤਰ ਦੇ ਰੂਪ ਵਿਚ ਨਾਮ ਦਿਤਾ ਹੈ।

ਸੋ ਇਸ ਤਰ੍ਹਾਂ ਨਾਮ ਦੀ ਮਹਿਮਾ ਤੇ ਜਗਿਆਸੂ ਦੀ ਜਦੋਂ ਤੱਕ ਪ੍ਰਤੀਤ ਨਹੀਂ ਆਉਂਦੀ ਉਦੋਂ ਤੱਕ ਉਸ ਦੀ ਸ਼ਿਕਾਇਤ ਰਹੇਗੀ ਕਿ ਮੈਨੂੰ ਨਾਮ ਜਪਦੇ ਨੂੰ ਉਂਘ ਆਉਂਦੀ ਹੈ, ਮੇਰਾ ਚਿੱਤ ਨਹੀਂ ਲਗਦਾ, ਮੇਰਾ ਮਨ ਦੌੜਿਆ ਫਿਰਦਾ ਹੈ ਕਿਉਂਕਿ ਨਾਮ ਵਾਸਤੇ ਤਿਆਰੀ ਨਹੀਂ ਕਰੀ, ਸਮਝਿਆ ਨਹੀਂ ਕਿ ਮੈਂ ਕੀ ਕਰਨ ਲੱਗਿਆ ਹਾਂ। ਦੁਨੀਆਂ ਦਾ ਕੰਮ ਕਰਨ ਵਾਸਤੇ - ਸਿਨੇਮਾ ਦੇਖਣਾ ਹੋਵੇ ਤਾਂ ਕਦੇ ਇਕ ਸਕਿੰਟ ਵਾਸਤੇ ਮਨ ਨਹੀਂ ਜਾਂਦਾ, ਟੈਲੀਵੀਜ਼ਨ ਦੇਖਣਾ ਹੋਵੇ ਤਾਂ ਇਕ ਸਕਿੰਟ ਵਾਸਤੇ ਵੀ ਮਨ ਨਹੀਂ ਜਾਂਦਾ ਪਰ ਜਦੋਂ ਪ੍ਰਮੇਸ਼ਰ ਦਾ ਨਾਮ ਜਪਣਾ ਹੈ ਫੇਰ ਮਨ ਨੇ ਰਹਿਣਾ ਹੀ ਨਹੀਂ ਕਿਉਂਕਿ ਪ੍ਰਤੀਤ ਨਹੀਂ ਹੈ। ਨਾਮ ਦੀ ਮਹਿਮਾ ਤੇ ਪ੍ਰਤੀਤ ਨਹੀਂ ਹੈ।

ਸੋ ਚੌਥਾ ਹੋਇਆ ਕਰਦਾ ਹੈ ਆਪਣੇ ਮੰਤਰ ਤੇ ਭਰੋਸਾ। ਬਹੁਤੇ ਆਦਮੀ ਮੰਤਰ ਲੈ ਲੈਂਦੇ ਨੇ; ਗੁਰਮੰਤਰ ਮਿਲ ਜਾਂਦਾ ਹੈ। ਸਮਰੱਥ ਗੁਰੂ ਨੇ ਜੋ ਮੰਤਰ ਦੇ ਦਿਤਾ ਉਸ ਦੇ ਨਾਲ ਉਧਾਰ ਹੋ ਜਾਇਆ ਕਰਦਾ ਹੈ। ਇਹ ਖਿੱਚਾ-ਖਿੱਚੀ ਹੁੰਦੀ ਹੈ ਜੇ ਅਸੀਂ ਕਹੀਏ ਕਿ ਆਹ ਮੰਤਰ ਹੀ ਉਧਾਰ ਕਰਦਾ ਹੈ ਬਾਕੀ ਨਹੀਂ ਕਰਦੇ। ਠੀਕ ਹੈ, ਸਾਡੇ ਵਾਸਤੇ ਇਹੀ ਠੀਕ ਹੈ ਬਾਕੀਆਂ ਵਾਸਤੇ ਆਪੋ ਆਪਣੇ ਧਰਮ ਅਨੁਸਾਰ ਮੰਤਰ ਨੇ। ਸਾਰੇ ਸੰਸਾਰ ਨੂੰ ਪ੍ਰਮੇਸ਼ਰ ਨੇ ਉਧਾਰਨਾ ਹੈ, ਮਹਾਰਾਜ ਜੀ ਕਹਿੰਦੇ -

*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥*
*ਅੰਗ - 853*

ਜਿਥੋਂ ਦੀ ਲੰਘਾਉਣਾ ਹੈ ਪ੍ਰਮੇਸ਼ਰ ਜੀ ਲੰਘਾ ਲਓ ਸਭ ਨੂੰ, ਭਟਕੇ ਹੋਏ ਜੀਵਾਂ ਨੂੰ ਇਨ੍ਹਾਂ ਤੇ ਮਿਹਰ ਕਰਨ। ਸੋ ਆਪਣੇ ਮੰਤਰ ਤੇ ਪ੍ਰਤੀਤ ਰੱਖਣੀ ਚਾਹੀਦੀ ਹੈ। ਜੋ ਵੀ ਮੰਤਰ ਪ੍ਰਾਪਤ ਹੋ ਗਿਆ, ਭਰੋਸਾ ਰੱਖੋ ਫੇਰ ਨਾ ਵਿਚਾਲੇ ਕਹੇ ਕਿ 'ਓਅੰਕਾਰ' ਦਾ ਮੰਤਰ ਲਵਾਂ ਜਾਂ 'ਸੋਹੰ' ਦਾ ਲਵਾ ਜਾਂ 'ਓਅੰ' ਦਾ ਲਵਾਂ ਜਾਂ 'ਸਤਿਨਾਮੁ' ਦਾ ਲਵਾਂ ਜਾਂ 'ਵਾਹਿਗੁਰੂ' ਦਾ ਲਵਾਂ, ਜਾਂ 'ਸਤਿਨਾਮੁ ਵਾਹਿਗੁਰੂ' ਦਾ ਲਵਾਂ। ਆਹ! ਆਦਮੀ ਵਿਚ ਦੁਚਿੱਤੀ ਪੈਦਾ ਹੋ ਜਾਂਦੀ ਹੈ। ਜੋ ਗੁਰੂ ਧਾਰਨ ਕਰਨ ਵਾਲੇ ਨਾਮ ਦਿਤਾ ਹੈ, ਉਸੇ ਨੇ ਕਲਿਆਣ ਕਰਨੀ ਹੈ।

*'ਚਲਦਾ'*

# ਅਨੰਦਮਈ ਜੀਵਨ ਜਾਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-40)*

## ਅਧਿਆਇ - 8

### ਅਨੁਭਵੀ ਅਤੇ ਬੌਧਿਕ ਗਿਆਨ ਦਾ ਵਿਕਾਸ

ਜੇ ਤੁਸੀਂ ਅੰਤਰ ਗਿਆਨ ਤੇ ਅਨੁਭਵੀ ਗਿਆਨ ਨੂੰ ਸਮਝਣਾ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਤੁਹਾਨੂੰ ਉਨ੍ਹਾਂ ਸਾਧਨਾਂ ਨੂੰ ਜਾਨਣ ਦੀ ਲੋੜ ਹੈ ਜਿਨ੍ਹਾਂ ਰਾਹੀਂ ਸਾਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਕਿ ਅਸੀਂ ਪਿਛੇ ਦਸ ਆਏ ਹਾਂ ਗਿਆਨ ਪ੍ਰਾਪਤੀ ਦੇ ਤਿੰਨ ਵੱਡੇ ਮਾਰਗ ਹਨ। ਪਹਿਲਾ ਹੈ ਜੋ ਗਿਆਨ ਤੁਸੀਂ ਆਪਣੀਆਂ ਗਿਆਨ ਇੰਦ੍ਰੀਆਂ ਰਾਹੀਂ ਪ੍ਰਤੱਖ ਦੇਖ ਕੇ ਅਨੁਭਵ ਕਰਕੇ ਗ੍ਰਹਿਣ ਕਰਦੇ ਹੋ। ਜਦੋਂ ਤੁਸੀਂ ਕੁਝ ਵੀ ਪ੍ਰਤੱਖ ਦੇਖਦੇ ਹੋ ਅਨੁਭਵ ਕਦੇ ਹੋ ਉਸ ਨੂੰ ਸੰਕਲਪੀਕਰਣ ਕਹਿੰਦੇ ਹਨ, ਇਸ ਨਾਲ ਤੁਹਾਡੇ ਅੰਦਰ ਇਕ ਧਾਰਨਾ ਬਣ ਜਾਂਦੀ ਹੈ। ਉਸ ਪਸ਼ਚਾਤ ਤੁਹਾਡੀਆਂ ਇੰਦ੍ਰੀਆਂ ਉਸ ਧਾਰਣਾ ਅਨੁਸਾਰ ਹੀ ਕੰਮ ਕਰਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਤੁਸੀਂ ਧਾਰਨਾ, ਵਰਗ ਬਣਾ ਲੈਂਦੇ ਹੋ ਅਤੇ ਆਪਣੇ ਅਨੁਭਵਾਂ ਨੂੰ ਇਨ੍ਹਾਂ ਦੇ ਹੇਠਾਂ ਹੀ ਇਕੱਠੇ ਕਰਦੇ ਰਹਿੰਦੇ ਹੋ। ਸੋ ਗਿਆਨ ਪ੍ਰਾਪਤੀ ਦਾ ਇਕ ਤਰੀਕਾ ਹੈ ਇੰਦ੍ਰੀਆਂ ਦਾ ਅਨੁਭਵ ਪਰ ਇਸ ਪ੍ਰਕਾਰ ਦਾ ਪ੍ਰਤੱਖ ਗਿਆਨ ਬਿਲਕੁਲ ਹੀ ਓਪਰਾ ਤੇ ਗੂੜ ਗਿਆਨ ਨਹੀਂ ਹੁੰਦਾ। ਇਸ ਕਰਕੇ ਹੀ ਉਹ ਅਧੂਰਾ ਹੁੰਦਾ ਹੈ।

ਗਿਆਨ ਪ੍ਰਾਪਤੀ ਦਾ ਇਕ ਦੂਸਰਾ ਮਾਰਗ ਵੀ ਹੈ ਜਿਸ ਨੂੰ ਸਹਿਜ ਗਿਆਨ ਕਹਿੰਦੇ ਹਨ। ਤੁਸੀਂ ਸਹਿਜ ਹੀ ਗਿਆਨ ਪ੍ਰਾਪਤ ਕਰਦੇ ਹੋ, ਪਰ ਮਨੁੱਖ ਸਹਿਜ ਅਵਸਥਾ ਨੂੰ ਬਹੁਤ ਛੇਤੀ ਹੀ ਭੁੱਲ ਜਾਂਦਾ ਹੈ ਜਦ ਕਿ ਪਸ਼ੂ ਆਪਣੀ ਸਹਿਜ ਅਵਸਥਾ ਵਿਚ ਹੀ ਰਹਿੰਦੇ ਹਨ। ਪਸ਼ੂਆਂ ਦੀਆਂ ਸਾਰੀਆਂ ਗਤਿਵਿਧੀਆਂ ਸਾਰੀ ਕੁਦਰਤ ਵਲੋਂ ਹੀ ਹਨ, ਪਰ ਮਨੁੱਖਾਂ ਨਾਲ ਇਸ ਤਰ੍ਹਾਂ ਨਹੀਂ ਹੈ। ਮਨੁੱਖ ਦੀਆਂ ਗਤਿਵਿਧੀਆਂ ਕੁਦਰਤ ਵਲੋਂ ਉਸ ਤਰ੍ਹਾਂ ਨਹੀਂ ਨਿਯੰਤਰਿਤ ਅਸੀਂ ਮਨੁੱਖੀ ਜਾਮੇ ਵਿਚ ਆ ਕੇ ਆਪ ਵੀ ਸੂਖਮਤਾ ਗੁਆ ਬੈਠਦੇ ਹਾਂ। ਇਸੇ ਕਰਕੇ ਅਸੀਂ ਸਹਿਜ ਗਿਆਨ ਗੁਆ ਬੈਠਦੇ ਹਾਂ।

ਵਾਸਤਵ ਵਿਚ ਤੁਸੀਂ ਬਹੁਤ ਹਦ ਤੱਕ ਆਪਣੀ ਸੰਵੇਦਨਸ਼ੀਲਤਾ ਛੱਡ ਬੈਠਦੇ ਹਾਂ, ਜੋ ਕੁਛ ਵੀ ਤੁਹਾਡੇ ਆਲੇ-ਦੁਆਲੇ ਹੋ ਰਿਹਾ ਹੈ ਤੁਸੀਂ ਉਸ ਲਈ ਵੀ ਸੰਵੇਦਨਸ਼ੀਲ ਨਹੀਂ ਰਹਿੰਦੇ। ਇਹ ਹੀ ਕਾਰਣ ਹੈ ਕਿ ਤੁਹਾਡੀ ਦੂਸਰਿਆਂ ਨਾਲ ਗਿਆਨ ਸੰਚਾਰ ਦੀ ਸਮਸਿਆ ਪੈਦਾ ਹੁੰਦੀ ਹੈ। ਆਮ ਤੌਰ ਤੇ ਤੁਸੀਂ ਦੂਸਰਿਆਂ ਨੂੰ ਸਮਝਦੇ ਹੀ ਨਹੀਂ, ਤੁਸੀਂ ਦੂਸਰਿਆਂ ਦੀ ਭਾਸ਼ਾ ਹੀ ਨਹੀਂ ਸਮਝਦੇ, ਦੂਸਰਿਆਂ ਦਾ ਵਿਹਾਰ ਨਹੀਂ ਸਮਝਦੇ। ਤੁਹਾਨੂੰ ਆਪਣੇ ਆਪ ਨੂੰ ਵੀ ਪ੍ਰਗਟਾਉਣ ਦੀ ਮੁਸ਼ਕਲ ਹੁੰਦੀ ਹੈ। ਬਹੁਤ ਵਾਰੀ ਤੁਸੀਂ ਜੋ ਮਹਿਸੂਸ ਕਰ ਰਹੇ ਹੁੰਦੇ ਹੋ ਉਹ ਵੀ ਠੀਕ ਤਰ੍ਹਾਂ ਨਾਲ ਨਹੀਂ ਦਿਖਾ ਸਕਦੇ। ਤੁਸੀਂ ਆਪਣਾ ਗਿਆਨ ਵੀ ਬਹੁਤ ਵਾਰੀ ਪ੍ਰਗਟ ਨਹੀਂ ਕਰ ਸਕਦੇ, ਬਹੁਤ ਵਾਰੀ ਤੁਸੀਂ ਆਪਣੇ ਆਪ ਨੂੰ ਇਨ੍ਹਾਂ ਤਿੰਨਾਂ ਮਾਰਗਾਂ ਰਾਹੀਂ ਨਹੀਂ ਦਿਖਦਾ ਸਕਦੇ ਭਾਵ ਸੋਚ, ਕਥਨੀ, ਕਰਨੀ ਰਾਹੀਂ ਨਹੀਂ ਪ੍ਰਗਟ ਕਰ ਸਕਦੇ।

ਵਾਸਤਵ ਵਿਚ ਸਤ ਗਿਆਨ ਕੇਵਲ ਅਨੰਤ ਦਾ ਗਿਆਨ ਹੀ ਹੈ। ਅੱਜ ਦੇ ਸਮੇਂ ਵਿਚ ਤੁਹਾਡਾ ਗਿਆਨ ਅਧੂਰਾ ਹੈ। ਸੰਤ, ਕਵੀ, ਸਾਧੂ ਸਿਧੇ ਆਮ ਮਾਰਗ ਤੋਂ ਗਿਆਨ ਪ੍ਰਾਪਤ ਨਹੀਂ ਕਰਦੇ ਉਨ੍ਹਾਂ ਦਾ ਗਿਆਨ ਦਿਮਾਗੀ ਗਿਆਨ ਜਾਂ ਗਿਆਨ ਇੰਦ੍ਰੀਆਂ ਦਾ ਗਿਆਨ ਨਹੀਂ ਹੁੰਦਾ। ਮਸਾਲ ਵਜੋਂ ਟੈਗੋਰ ਕਹਿੰਦੇ ਸੀ ਮੇਰਾ ਗਿਆਨ ਬੌਧਿਕ ਗਿਆਨ ਨਹੀਂ, ਮੈਨੂੰ ਤਾਂ ਪਰਤੱਖ ਸਾਹਮਣੇ ਜੋ ਦਿਸਦਾ ਹੈ ਮੈਂ ਤਾਂ ਉਹ ਹੀ ਲਿਖਦਾ ਹਾਂ। ਟੈਗੋਰ ਪਹਿਲਾ ਆਪਣੇ ਅੰਦਰ ਹੀ ਉਹ ਦੇਖਦੇ ਸੀ, ਉਸ ਤੋਂ ਪ੍ਰੇਰਨਾ ਲੈ ਕੇ ਹੀ ਉਹ ਲਿਖਦੇ ਸੀ ਕਰਮ ਕਰਦੇ ਸੀ। ਸਾਧਾਰਨ ਤੌਰ ਤੇ ਅਸੀਂ ਪਹਿਲਾਂ ਸੋਚਦੇ ਹਾਂ, ਫੇਰ ਦੇਖਦੇ ਹਾਂ ਤੇ ਫੇਰ ਕਰਮ ਕਰਦੇ ਹਾਂ।

ਹੀ ਸੋਹਣੀ ਤੇ ਸੁਚੱਜੀ ਤਰ੍ਹਾਂ ਨਾਲ ਕੀਤਾ ਤੇ ਉਨ੍ਹਾਂ ਨੇ ਸ਼ਰਧਾਲੂਆਂ ਦੇ ਕੀਤੇ ਵਾਅਦੇ ਪੂਰੇ ਕਰਾਏ। ਬਹੁਤ ਵਾਰੀ ਸਵਾਮੀ ਜੀ ਟੈਲੀਫੋਨ ਤੇ ਪ੍ਰਵਚਨ ਕਰਦੇ ਤੇ ਉਨ੍ਹਾਂ ਨੂੰ ਬਹੁਤ ਕੁਝ ਕਹਿੰਦੇ ਕਿਵੇਂ ਉਨ੍ਹਾਂ ਦਾ ਭਵਿੱਖ ਸੁਹੇਲਾ ਹੋਣ ਵਾਲਾ ਹੈ। ਕਈ ਵਾਰੀ ਮੈਨੂੰ ਬਹੁਤ ਜ਼ੋਰ ਦੀ ਹਾਸਾ ਵੀ ਆ ਜਾਂਦਾ ਤੇ ਮੈਂ ਆਪਣੇ ਦੰਦ ਝਪੀਟ ਲੈਂਦਾ ਤਾਂ ਜੋ ਮੇਰੇ ਹੱਸਣ ਦੀ ਆਵਾਜ਼ ਟੈਲੀਫੋਨ ਤੇ ਨਾ ਚਲੀ ਜਾਵੇ। ਕਈਆਂ ਦੇ ਪੈਸੇ ਦੇਣ ਦੇ ਵਾਅਦੇ ਤਾਂ ਖਤਮ ਹੀ ਹੋ ਗਏ, ਕਈ ਮੁੱਕਰ ਹੀ ਗਏ, ਕਈਆਂ ਦੇ ਭੇਜੇ ਤੇ ਕਈਆਂ ਨੇ ਸਾਫ ਮਨ੍ਹਾ ਹੀ ਕਰ ਦਿਤਾ।

ਮੈਂ ਚਾਹੁੰਦਾ ਹਾਂ ਕਿ ਇਸ ਸੰਸਥਾ ਨਾਲ ਕੋਈ ਵੀ ਦੇਣ ਦਾ ਸਬੰਧ ਨਾ ਹੋਵੇ, ਸਵਾਮੀ ਜੀ ਨੇ ਇਹ ਗੱਲ ਮੈਨੂੰ ਦੇਖਦਿਆਂ ਕਹੀ। ਮੈਂ ਨਹੀਂ ਚਾਹੁੰਦਾ ਕਿ ਏਸ ਨੂੰ ਗਿਰਵੀ ਰੱਖ ਕੇ ਪੈਸੇ ਲਏ ਜਾਣ।

ਸੋ ਸਵਾਮੀ ਜੀ ਨੇ ਸਾਰੀਆਂ ਥਾਵਾਂ ਤੋਂ ਆਪਣੇ ਪਿਆਰਿਆਂ ਤੋਂ ਭੇਟਾਵਾਂ ਇਕੱਠੀਆਂ ਕੀਤੀਆਂ, ਉਸ ਸਮੇਂ ਤਕ ਵੀ ਮੈਨੂੰ ਇਸ ਗੱਲ ਦਾ ਭੋਰਾ ਵੀ ਗਿਆਨ ਨਹੀਂ ਸੀ ਕਿ ਮੈਂ ਸੰਸਾਰ ਪ੍ਰਸਿੱਧ ਹਿਮਾਲੀਆ ਦੇ ਯੋਗੀ ਦੇ ਨਾਲ ਹਾਂ ਤੇ ਉਨ੍ਹਾਂ ਦੀ ਸੇਵਾ ਵਿਚ ਹਾਂ ਤੇ ਇਹ ਸੰਸਾਰਕ ਕਿਰਿਆ ਕਰ ਰਿਹਾ ਹਾਂ, ਪਰ ਮੈਂ ਛੇਤੀ ਹੀ ਆਪਣੇ ਅਣਜਾਣਪਣੇ ਤੋਂ ਨਿਕਲ ਗਿਆ ਤੇ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਮੇਰੇ ਨਾਲ ਕਿੰਨਾ ਪਿਆਰ ਹੈ ਆਪਣੇ ਸ਼ਰਧਾਲੂਆਂ ਨਾਲ ਕਿੰਨਾ ਪਿਆਰ ਹੈ। ਮੈਨੂੰ ਤੇ ਥਰੀਸਾ ਨੂੰ ਬਹੁਤ ਹੀ ਬੁਰਾ ਲੱਗਾ ਕਿ ਸਾਡੇ ਕੋਲ ਸਵਾਮੀ ਜੀ ਨੂੰ ਦੇਣ ਲਈ ਕੁਛ ਨਹੀਂ ਹੈ। ਮੈਂ ਆਪਣਾ ਵਿਸ਼ਵਵਿਦਿਆਲਿਆ ਦਾ ਸਾਰਾ ਫੰਡ ਗਿਣਿਆ ਤੇ ਪੈਸੇ ਲੈ ਕੇ ਆਪਣਾ ਯੋਗਦਾਨ ਪਾਇਆ।

ਬਹੁਤ ਸਾਰੇ ਚੈਕ ਆਉਣੇ ਸ਼ੁਰੂ ਹੋ ਗਏ, ਕਈ ਛੋਟੇ ਤੇ ਕਈ ਵੱਡੇ। ਇਸ ਤਰ੍ਹਾਂ ਨਾਲ ਹੌਨਸਡੇਲ ਦਾ ਕੰਮ ਸ਼ੁਰੂ ਹੋ ਗਿਆ। ਇਕ ਹੋਰ ਬਹੁਤ ਵੱਡੀ ਸਵਾਮੀ ਜੀ ਦੀ ਦੇਣ ਸੀ ਜਿਹੜੀ ਉਹ ਅਮਰੀਕਾ ਨੂੰ ਦੇ ਜਾਣਗੇ ਜਦੋਂ ਉਹ ਮੁੜ ਹਿਮਾਲੀਆ ਚਲੇ ਜਾਣਗੇ।

ਇਕ ਦਿਨ ਸ਼ਾਮ ਨੂੰ ਜਦੋਂ ਕਿਸੇ ਨੂੰ ਵੀ ਟੈਲੀਫੋਨ ਕਰਨ ਲਈ ਬਹੁਤ ਲੇਟ ਹੋ ਗਿਆ ਸੀ, ਸਵਾਮੀ ਜੀ ਮੇਰੇ ਵਲ ਮੂੰਹ ਕਰਕੇ ਕਹਿਣ ਲੱਗੇ, ਜਸਟਿਨ ਕੱਲ੍ਹ ਨੂੰ ਥਰੀਸਾ ਦੇ ਮਰਨ ਦਾ ਦਿਨ ਹੈ।

ਮੇਰੇ ਪੈਰਾਂ ਥੱਲਿਓਂ ਧਰਤੀ ਨਿਕਲ ਗਈ, ਮੇਰੇ ਮਨ ਵਿਚ ਅਸ਼ਾਂਤੀ ਆ ਗਈ, ਤਰ੍ਹਾਂ ਤਰ੍ਹਾਂ ਦੇ ਵਿਚਾਰ ਆਉਣ ਲਗ ਪਏ ਪਰ ਮੈਂ ਹੌਂਸਲਾ ਕਰਕੇ ਸਵਾਮੀ ਜੀ ਨੂੰ ਪੁਛਿਆ ਮੈਨੂੰ ਕੀ ਕਰਨਾ ਚਾਹੀਦਾ ਹੈ?

ਸਵਾਮੀ ਜੀ ਨੇ ਮੇਰੇ ਵਲ ਦੇਖਿਆ ਤੇ ਕਹਿਣ ਲੱਗੇ, "ਕੁਛ ਨਹੀਂ ਕਰਨਾ, ਮੈਂ ਕੌਮਾ ਲਾ ਦੇਣਾ ਹੈ।"

ਅਗਲੀ ਸਵੇਰ ਥਰੀਸਾ ਦਾ ਟੈਲੀਫੋਨ ਆਇਆ, ਉਹ ਕਾਫੀ ਸ਼ਾਂਤ ਸੀ ਤੇ ਉਸ ਨੇ ਮੈਨੂੰ ਦੱਸਿਆ ਜਦੋਂ ਉਹ ਸਵੇਰੇ ਤਿੰਨ ਵਜੇ ਮੈਡੀਟੇਸ਼ਨ ਲਈ ਉਠੀ ਤੇ ਜਦੋਂ ਉਸ ਨੇ ਮੋਮਬੱਤੀ ਜਲਾਈ ਤੇ ਬਲਦੀ ਬਲਦੀ ਤੀਲੀ ਉਸ ਦੀ ਗੋਦੀ ਵਿਚ ਡਿੱਗ ਪਈ ਤੇ ਉਸ ਨੂੰ ਅੱਗ ਲਗ ਗਈ। ਉਸ ਦੇ ਸਾਰੇ ਕੱਪੜ ਝੱਟ ਹੀ ਸੜ ਗਏ, ਉਸ ਦੀਆਂ ਲੱਤਾਂ ਬਾਹਵਾਂ ਅੱਗ ਦੀ ਲਪੇਟ ਵਿਚ ਆ ਗਈਆਂ। ਉਹ ਉਠ ਕੇ ਖੜ੍ਹੀ ਹੋ ਗਈ। ਉਸ ਨੇ ਅੱਗ ਦੀਆਂ ਲਪਟਾਂ ਸ਼ੀਸ਼ੇ ਵਿਚ ਦੇਖੀਆਂ, ਉਹ ਡਰੀ ਨਹੀਂ। ਉਸ ਨੇ ਵਿਚਾਰਿਆ ਕਿ ਜੇ ਮਰਨਾ ਹੈ ਤਾਂ ਠੀਕ ਹੈ। ਫੇਰ ਉਸ ਨੇ ਉਥੇ ਰਹਿੰਦਿਆਂ ਨੂੰ ਯਾਦ ਕੀਤਾ, ਉਹ ਕਿਸੇ ਨੂੰ ਵੀ ਦੁਖ ਨਹੀਂ ਦੇਣਾ ਚਾਹੁੰਦੀ ਸੀ। ਫੇਰ ਉਸ ਨੂੰ ਇਕ ਦਮ ਡਰ ਲੱਗਾ। ਉਸ ਨੇ ਜਲਦੀ ਅੱਗ ਵਿਚ ਸਵਾਮੀ ਜੀ ਦਾ ਚਿਹਰਾ ਦੇਖਿਆ ਤੇ ਸਵਾਮੀ ਜੀ ਨੂੰ ਕ੍ਰਿਪਾ ਲਈ ਅਰਦਾਸ ਕੀਤੀ। ਉਸ ਨੇ ਹੱਥਾਂ ਨਾਲ ਲਪਟਾਂ ਨੂੰ ਬੁਝਾਇਆ ਤੇ ਇਕ ਦਮ ਹੀ ਉਹ ਬੁੱਝ ਗਈਆਂ। ਉਸ ਦੇ ਕਪੜੇ ਸੜ ਕੇ ਕੋਲੇ ਹੋ ਗਏ ਤੇ ਥੱਲੇ ਦੀ ਦਰੀ ਵਿਚ ਵੀ ਓਨਾ ਛੇਕ ਹੋ ਗਿਆ ਤੇ ਸਭ ਕੁਝ ਢੇਰ ਹੋ ਗਿਆ ਤੇ ਉਹ ਓਥੇ ਹੀ ਉਸ ਢੇਰ ਕੋਲ ਬੈਠ ਗਈ ਤੇ ਮੈਡੀਟੇਸ਼ਨ ਕਰਨ ਲਗ ਪਈ।

ਕਈ ਘੰਟੇ ਬਾਅਦ ਜਦੋਂ ਉਸ ਨੇ ਮੈਨੂੰ ਟੈਲੀਫੋਨ ਕੀਤਾ ਤਾਂ ਉਸ ਨੇ ਮੈਨੂੰ ਕਿਹਾ ਕਿ ਮੈਂ ਸਵਾਮੀ ਜੀ ਨਾਲ ਵੀ ਗੱਲ ਕਰਾਂ। ਸਵਾਮੀ ਜੀ ਨੇ ਉਸੇ ਵੇਲੇ ਟੈਲੀਫੋਨ ਚੁੱਕ ਲਿਆ ਤੇ ਕਹਿਣ ਲੱਗੇ ਫੇਰ ਥਰੀਸਾ ਤੂੰ ਅੱਜ ਮਰੀ ਨਹੀਂ, ਮੇਰੇ ਕੋਲ ਤੇਰੇ ਕਰਨ ਲਈ ਅਜੇ ਬਹੁਤ ਕੰਮ ਹੈ।

ਮੇਰਾ ਜੀਵਨ ਆਪ ਜੀ ਦੇ ਚਰਨਾਂ ਵਿਚ ਹੈ ਸਵਾਮੀ ਜੀ। ਉਸ ਤੋਂ ਬਾਅਦ ਸਵਾਮੀ ਜੀ ਨੇ ਥਰੀਸਾ ਨੂੰ ਕਿਹਾ ਕਿ ਉਹ ਅਗਲੀ ਪੁਸਤਕ ਦੀ ਟਾਈਪ ਸੈਟਿੰਗ ਕਰੇ ਤੇ ਕੰਮ ਸ਼ੁਰੂ ਕਰੇ।

(ਪੰਨਾ 40 ਦੀ ਬਾਕੀ)

ਆਪਣੇ ਵਰਗੇ ਆਪਾ ਹੋ ਗਏ ਸਤਿਸੰਗੀ ਦੇ ਭਜਨ ਉਪਕਾਰ ਵਾਲੇ ਸਰੀਰ ਦੇ ਆਸਰੇ ਦਾ ਜੋ ਗੁਪਤ ਨਸ਼ਾ ਮਨ ਵਿਚ ਸੀ, ਉਹ ਨਹੀਂ ਹੈ। ਸੁਰਤ ਨੂੰ ਉਸ ਆਸਰੇ ਦਾ ਘਾਟਾ ਹੋ ਗਿਆ ਹੈ ਜੋ ਆਸਰਾ ਪਰਮਾਰਥ ਦਾ ਸਹਾਈ ਸੀ। ਇਸ ਕਰਕੇ ਸੁਰਤ ਨਾਮ ਤੋਂ ਹਿੱਲ ਕੇ ਵੈਰਾਗ ਪੂਰਤ ਹੋ ਕੇ ਉਸ ਪਿਆਰੇ ਦੇ ਧਿਆਨ ਵਿਚ ਆ ਜਾਂਦੀ ਤੇ ਫੇਰ ਆਖਦੀ ਹੈ, "ਹੇ ਪ੍ਰਾਣ ਪਿਆਰੇ! ਮੇਰੀ ਸੰਸਾਰ ਯਾਤਰਾ ਸ਼ਰਮ ਧਰਮ ਸਿੱਖੀ ਸਿਦਕ ਨਾਲ ਨਿਭ ਜਾਵੇ।" ਐਉਂ ਕਹਿੰਦੇ ਸੰਸਾਰ ਵਿਚ ਇਕ ਉਦਰੇਵਾਂ ਦਿੱਸ ਕੇ ਨੈਣ ਵਹਿ ਤੁਰਦੇ ਹਨ ਤੇ ਫੇਰ ਬੇਨਤੀ ਉਠਦੀ ਹੈ –

"ਹੇ ਅਕਾਲ ਪੁਰਖ! ਪਿਆਰੇ ਸਿਰਤਾਜ ਨੂੰ ਆਪ ਨੇ ਸੱਦ ਲਿਆ ਹੈ, ਆਪਣੇ ਚਰਨਾਂ ਵਿਚ ਥਾਂ ਦੇਣੀ ਤੇ ਦਾਸੀ ਨੂੰ ਓਥੇ ਅੱਪੜਨ ਦੀ ਯੋਗਤਾ ਬਖਸ਼ਣੀ।"

ਇਸ ਅਰਾਧਨਾ ਵਿਚ ਵਾਹਿਗੁਰੂ ਦੀ ਅਮਿੱਤ ਵਡਿਆਈ ਤੇ ਕ੍ਰਿਪਾਲਤਾ ਦੇ ਭਾਉ ਨਾਲ ਨੇਤਰਾਂ ਵਿਚ ਨੀਰ ਭਰ ਆਉਂਦਾ ਹੈ ਇਸ ਪਰ ਗੁਰਬਾਣੀ ਕਹਿੰਦੀ ਹੈ–

***ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥***

ਕੌਣ ਨਹੀਂ ਰੋਂਦਾ? ਡਾਕੂ ਅਰ ਕਸਾਈ। ਕੌਣ ਨਹੀਂ ਰੋਂਦਾ? ਨਿਰਦਈ ਅਰ ਜੜ੍ਹ। ਕੋਮਲ ਹਿਰਦਿਆਂ ਵਾਲੇ ਰੋਂਦੇ ਹਨ। ਰੋਣ ਬਿਰਹੋਂ ਦਾ ਮੁੱਖ ਲੱਛਣ ਹੈ, ਅਰ ਬਿਰਹੋਂ ਪ੍ਰੇਮ ਰਾਜ ਦਾ ਸੁਲਤਾਨ ਹੈ –

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥***

ਮਸਾਣ ਦੀ ਧਰਤੀ ਡਾਢੀ ਸੜੀ ਹੋਈ ਤੇ ਪਾਣੀ ਤੋਂ ਖਾਲੀ ਹੁੰਦੀ ਹੈ, ਬਿਰਹੋਂ ਵਿਹੂਣੇ ਮਸਾਣ ਸਮਾਨ ਹਿਰਦੇ ਨੇ ਕੀ ਰੋਣਾ ਹੈ? ਰੋਹੀਆਂ ਧਰਤੀਆਂ ਰੋਂਦੀਆਂ ਹਨ ਜੋ ਪਾਣੀਆਂ ਨਾਲ ਭਰਪੂਰ ਹਨ। ਨਾਮ ਤੇ ਪ੍ਰੇਮ ਵਾਲੀਆਂ ਅੱਖੀਆਂ ਵਾਲੇਵੇ ਕਾਰਨ ਨਹੀਂ ਰੋਂਦੀਆਂ, ਨਾਸ਼ੁਕਰੀ ਦੇ ਕਾਰਨ ਨਹੀਂ ਰੋਂਦੀਆਂ, ਕਾਫਰ ਹੋ ਕੇ ਨਹੀਂ ਰੋਂਦੀਆਂ ਪਰ ਆਪਣੇ ਸਿਰਜਣਹਾਰ ਦੇ ਪ੍ਰੇਮ ਵਿਚ ਦ੍ਰੱਵ ਕੇ ਰੋਂਦੀਆਂ ਹਨ। ਇਹ ਅੱਖੀਆਂ ਪਿਆਰੇ ਗੁਰਮੁਖਾਂ ਦੇ ਚਰਨਾਂ ਵਿਚ ਪ੍ਰਾਰਥਨਾ ਕਰਦਿਆਂ ਰੋਂਦੀਆਂ ਹਨ। ਗੁਰਮੁਖ ਅੱਖੀਆਂ ਸੰਸਾਰ ਦੇ ਦੁਖਾਂ ਪਰ ਤਰਸ ਖਾ ਕੇ ਉਪਕਾਰ ਕਰਕੇ ਰੋਂਦੀਆਂ ਹਨ। ਹਾਂ, ਪਾਪੀਆਂ ਦੀਆਂ ਕਮਜ਼ੋਰੀਆਂ ਪਰ ਅਪਰਾਧੀਆਂ ਦੇ ਅਪਰਾਧ ਦੇਖ ਕੇ ਤੇ ਗਰੀਬਾਂ ਦੀ ਸਹਾਇਤਾ ਵਿਚ ਰੋਂਦੀਆਂ ਹਨ ਏਹ ਅੱਖੀਆਂ। ਆਪਣੇ ਪਾਪਾਂ ਦੀ ਕਾਲਕ ਧੋਣ ਵਾਸਤੇ ਕੀਤੇ ਕਰਮਾਂ ਪਰ ਰੋਣਾ ਸਾਬਣ ਦੀ ਚੱਟ ਲਾ ਕੇ ਆਪਣੇ ਕਲੰਕਤਿ ਆਤਮਾਂ ਨੂੰ ਸਾਫ ਕਰਨਾ ਹੈ। ਨੇਕ ਰੂਹਾਂ ਜਦ ਨੇਕੀ ਵਿਚ ਪ੍ਰੇਮ ਭਰ ਕੇ ਰੋਂਦੀਆਂ ਹਨ ਤਦ ਸ਼ਰਮ ਨਹੀਂ ਕਰਦੀਆਂ ਕਿ ਹਾਇ ਲੋਕੀ ਕੀਹ ਆਖਣਗੇ? ਓਹ ਪੁਕਾਰ ਕੇ ਕਹਿੰਦੀਆਂ ਹਨ 'ਮੈਂ ਨੀਰੁ ਵਹੇ ਵਹਿ ਚਲੈ ਜੀਉ' ਹਾਂ, ਪ੍ਰੇਮ ਪੂਰਤ ਜਿੰਦੜੀਆਂ ਰੋਂਦੀਆਂ ਹਨ ਅਰ ਕਹਿੰਦੀਆਂ ਹਨ –

***ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥***
***ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥***

ਹਾਂ ਗੁਰਮੁਖ ਅੱਖਾਂ ਬੀ ਰੋਂਦੀਆਂ ਹਨ –

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰ ਜਾਹਿ॥***

ਮਾਈ ਪਹਿਲੀ ਰਾਤ ਨੂੰ ਕਿਉਂ ਰੋਈ ਸੀ? ਮਾਈ ਪਿਆਰੇ ਸਤਿਸੰਗੀ ਪਤੀ ਦੇ ਸਤਿਸੰਗ ਤੋਂ ਵਾਂਜੀ ਹੋਈ ਆਪਣੇ ਆਪ ਨੂੰ ਦੇਖ ਰਹੀ ਸੀ, ਘਰ ਵਿਚ ਅੱਜ ਕਥਾ ਨਹੀਂ ਸੀ ਹੋਈ, ਕੀਰਤਨ ਨਹੀਂ ਸੀ ਹੋਇਆ। ਹਾਂ ਅੱਜ ਅੰਮ੍ਰਿਤ ਵੇਲੇ ਧਰਮਸਾਲ ਲਿਜਾਣ ਵਾਲਾ ਸਾਥੀ ਕੋਲ ਨਹੀਂ ਸੀ। ਓਹ ਅੱਖਾਂ ਜੋ ਇਸ ਵੇਲੇ ਸਤਿਸੰਗ ਵਿਚ ਸਮਾਧਿ ਸਥਿਤ ਹੋ ਕੇ ਪਿਆਰੇ ਵਾਹਿਗੁਰੂ ਵਿਚ ਟਿਕਾਉ ਦਾ ਅਨੰਦ ਲੈਂਦੀਆਂ ਸਨ, ਅੱਜ ਆਪਣੀ ਨਿੱਘ ਨਾਲ ਨਿੱਘੇ ਹੋਏ ਸਿਰ੍ਹਾਣੇ ਨਾਲ ਰਗੜ ਖਾਂਦੀਆਂ, ਹੰਝੂਆਂ ਪੰਘਾਰੇ ਬਿਨਾਂ ਕਿਸ ਤਰ੍ਹਾਂ ਰਹਿ ਸਕਦੀਆਂ ਹਨ? ਨਾਸ਼ੁਕਰੀ ਤੇ, ਨਿਰਾਸਤਾ ਵਿਚ ਨਹੀਂ ਪਰ ਨਿਜ ਦੇ ਸਤਿਸੰਗੀ ਦੇ ਚਲੇ ਜਾਣ ਤੇ, ਸਤਿਸੰਗ ਦੀ ਘਾਟ ਪੈਣ ਤੇ, ਸੁਰਤ ਦਾ ਸਤਿਸੰਗੀ ਆਸਰਾ ਟੁੱਟਣ ਤੇ ਪਿਆਰ ਦਾ ਵੈਰਾਗ ਆਉਂਦਾ ਹੈ। ਫੇਰ ਬਾਣੀ ਦੇ ਆਸਰੇ ਨਾਲ ਅਰਦਾਸ ਦੇ ਰਸਤੇ ਸਾਈ ਦੀ ਹਜ਼ੂਰੀ ਵਿਚ ਜਾ ਕੇ ਮਾਈ ਨਾਮ ਦੇ ਰੌ ਵਿਚ ਲਗ ਜਾਂਦੀ ਹੈ।

ਡਾਕਦਾਰਨੀ – ਭੈਣ ਜੀ, ਉਹ ਮਾਈ ਤਾਂ ਬੜੀ ਉਚੀ ਸੀ, ਉਸ ਨੂੰ ਪਤੀ ਵਿਯੋਗ ਦੇ ਸੁੱਚੇ ਪਿਆਰ ਨੇ ਵੈਰਾਗ ਵਿਚ ਲੈ ਆਂਦਾ ਸੀ ਤੇ ਮੈਂ ਤਾਂ ਵੀਰ ਦੇ ਸਾਕਾਦਾਰੀ ਵਾਲੇ ਪਿਆਰ ਵਿਚ ਓਦਰੀ ਤੇ ਰੋਈ ਹਾਂ। ਪਰ ਫੇਰ ਭੈਣ ਜੀ! ਏਥੇ ਇਕ ਗੱਲ ਮੈਂ ਕਹੇ ਬਿਨਾਂ ਨਹੀਂ ਰਹਿ ਸਕਦੀ ਕਿ ਕਿੰਨੀ ਵਡਿਆਈ ਹੈ ਸਤਿਸੰਗ ਦੀ ਜੋ ਮੇਰੇ ਜਿਹੀ ਮੋਹ ਵਿਚ ਫਾਥੀ ਦਾ ਫਿਕਰ ਸਤਿਸੰਗ ਨੇ ਕੀਤਾ ਹੈ ਤੇ ਸ੍ਰੀ ਬਾਬਾ ਜੀ ਨੇ ਪਰਿਵਾਰ ਸਣੇ ਆ ਕੇ ਮੈਨੂੰ ਧਰਵਾਸ ਦਿਤਾ ਹੈ। ਫੇਰ ਅਜੇ ਮੈਨੂੰ ਨਿਤਾਣਿਆਂ ਤੱਕ ਕੇ ਤੁਸਾਨੂੰ ਛੋੜ ਗਏ ਹਨ ਜੋ ਆਪਣੇ ਸਤਿਸੰਗ ਨਾਲ ਮੈਨੂੰ ਉਚਿਆਂ ਕਰੀ ਰੱਖੋ। ਇਹ ਵਡਿਆਈ ਸਤਿਸੰਗ ਦੀ ਹੈ। ਧੰਨ ਵਾਹਿਗੁਰੂ, ਧੰਨ ਗੁਰੂ ਆਪ, ਧੰਨ ਗੁਰਬਾਣੀ ਤੇ ਧੰਨ ਸਤਿਸੰਗ ਹੈ।

ਸੁਭਾਗ ਜੀ – ਭੈਣ ਜੀ! ਇਹੋ ਗੱਲ ਜਗਤ ਵਿਚ ਘਟ ਰਹੀ ਹੈ ਤੇ ਇਸੇ ਕਰਕੇ ਦੁਖ ਬੀ ਵੱਧ ਨਪੀੜਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਗੁਰਾਂ ਨੇ ਸਤਿਸੰਗ ਦੀ ਬੜੀ ਮਹਿਮਾ ਕੀਤੀ ਹੈ। ਸਤਿਸੰਗ ਹੀ ਜਤਨ ਕਰ ਰਹੇ ਗੁਰੱਸਖਾਂ ਦਾ ਆਸਰਾ ਹੈ। ਮਾਈ ਨੇ ਆਪ ਜਤਨ ਕੀਤੇ, ਹੰਭਲੇ ਮਾਰੇ, ਬਾਣੀ ਦੀ ਟੇਕ ਲਈ, ਸ਼ੋਕ ਵਿਚੋਂ ਟਿਕਾਉ ਤੇ ਸਿਦਕ ਵਿਚ ਬਾਣੀ ਦੇ ਜ਼ੋਰ ਤੇ ਨਾਮ ਦੇ ਆਸਰੇ ਆਈ ਹੈ ਪਰ ਸਤਿਸੰਗ ਨੇ ਬੜਾ ਆਸਰਾ ਦਿਤਾ ਹੈ ਤੇ ਡੋਲਨ ਤੋਂ ਕੱਢ ਲਿਆ ਹੈ।

ਡਾਕਦਾਰਨੀ – ਮੈਨੂੰ ਇਹ ਕਥਾ ਸੁਣ ਕੇ ਬੜਾ ਧੀਰਜ ਆਇਆ ਹੈ। ਡਿੱਗ ਡਿੱਗ ਕੇ ਹੀ ਸਵਾਰ ਹੋਈਦਾ ਹੈ। ਸੋਹਣੇ ਸਤਿਸੰਗ ਦੇ ਆਸਰੇ ਆਸ ਹੈ ਮੈਂ ਵੀ ਤਰ ਖੜੋਵਾਂਗੀ। ਹਾਂ ਭੈਣ ਜੀ! ਅੱਗੋਂ ਕਥਾ ਸੁਣਾਓ। ਮਾਈ ਫੇਰ ਆਨੰਦਪੁਰ ਗਈ?

ਸੁਭਾਗ ਜੀ – ਇਸ ਤਰ੍ਹਾਂ ਦੀ ਪਹਿਲੀ ਰਾਤ ਗੁਜ਼ਰ ਚੁੱਕੀ ਸੀ। ਸਤਿਸੰਗ ਦੀ ਪ੍ਰੇਮਣ, ਪਤੀ ਵਿਚ ਸਤਿਸੰਗ ਦਾ ਆਸਰਾ ਵੇਖਣ ਵਾਲੀ ਮਾਈ, ਪ੍ਰੇਮ ਵਿਚ ਰੰਗੀ ਅਰ ਇਹ ਕਾਰਨ ਪਾ ਕੇ ਵੈਰਾਗ ਵਿਚ ਹੋਰ ਆਰੂੜ੍ਹ ਹੋ ਗਈ ਮਾਈ ਹੁਣ ਆਨੰਦਪੁਰ ਪਹੁੰਚੀ ਹੈ। ਪਿਆਰੀ ਪੁੱਤਰੀ ਨੂੰ ਆ ਕੇ ਮਿਲੀ। ਮਾਤਾ ਨੂੰ ਸ੍ਰੀ ਜੀਤੋ ਜੀ ਧਾ ਕੇ ਮਿਲੀ ਪਰ ਪਿਤਾ ਜੀ ਨੂੰ ਨਾਲ ਨਾ ਵੇਖ ਕੇ ਵੈਰਾਗ ਵਿਚ ਕਹਿੰਦੀ ਹੈ, “ਮਾਂ ਜੀ ਪਿਆਰੇ ਬਾਪੂ ਜੀ ਕਿੱਥੇ ਹਨ? ਤਦ ਓਹ ਮਾਈ ਕਿਸ ਸਿਦਕ ਵਿਚ ਬੋਲਦੀ ਹੈ “ਬੀਬੀ ਜੀ! ਤੇਰੇ ਪਿਤਾ ਜੀ ਲੁਕਣਮੀਟੀ ਖੇਡਦੇ, ਦਾਈ ਫੁਲਾਂ ਸਿਹਰੇ ਕਰਦੇ, ਪਿਆਰੇ ਦੀ ਗੋਦ ਵਿਚ ਜਾ ਬਿਰਾਜੇ ਹਨ। ਉਨ੍ਹਾਂ ਦਾ ਸਰੀਰ ਦਾ ਪਰਦਾ ਦੂਰ ਹੋ ਗਿਆ ਤੇ ਆਤਮਾ ਸੁਤੰਤਰ। ਪਰ ਮੈਂ ਵਿਯੋਗ ਮਾਰੀ ਸ਼ੁਕਰ ਨਹੀਂ ਕਰ ਸਕੀ। ਸਤਿਗੁਰਾਂ ਦੇ ਚਰਨਾਂ ਵਿਚ ਨੱਠੀ ਆਈ ਹਾਂ, ਜੋ ਮੇਰੀ ਸਿਦਕ ਦੀ ਬੇੜੀ ਨੂੰ ਡੋਲਣ ਤੋਂ ਬਚਾ ਲੈਣ।” ਪਿਤਾ ਦਾ ਵਿਯੋਗ ਸੁਣਦੇ ਸਾਰ ਮਾਤਾ ਜੀਤੋ ਜੀ ਦੇ ਆਤਮਾ ਵਿਚ ਵੈਰਾਗ ਦਾ ਚੱਕਰ ਆਇਆ। ਚੱਕਰ ਦੇ ਨਾਲ ਅਫੁਰਤਾ ਆ ਕੇ ਸੁਰਤ ਉਚੇ ਘਰੀਂ ਜਾ ਚੜ੍ਹੀ, ਅਰ ਦੋ ਕੁ ਮੋਤੀ ਕਿਰਦਿਆਂ ਤਕ ਸਮਾਧਿ ਲੱਗ ਪਈ। ਮਾਈ ਭੀ ਬਚੜੀ ਦੇ ਪਾਸ ਬੈਠੀ ਏਕਾਗਰ ਚਿੱਤ ਹੋ ਕੇ ਨਾਮ ਵਿਚ ਲਗ ਗਈ। ਕਿਤਨਾ ਕਾਲ ਬੀਤ ਗਿਆ। ਸ੍ਰੀ ਦਸ਼ਮੇਸ਼ ਜੀ ਆ ਗਏ। ਦੁਹਾਂ ਦੇ ਨੈਣ ਖੁਲ੍ਹ ਗਏ। ਮਾਈ ਵਲ ਵੇਖ ਕੇ ਸ੍ਰੀ ਗੁਰੂ ਜੀ ਪ੍ਰੇਮ ਨਾਲ ਬੋਲੇ–

***ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦੁ॥***
***ਮੋਹਿ ਮਿਲਿਓ ਪ੍ਰਭੁ ਅਪਨਾ ਸੰਗੀ ਭਜਹਿ ਗੋਬਿੰਦੁ॥***

ਇਨ੍ਹਾਂ ਦੋ ਤੁਕਾਂ ਵਿਚ ਮਾਈ ਨੂੰ ਉਹ ਆਤਮ ਦਰਸ ਤੇ ਉਹ ਆਤਮ ਉਪਦੇਸ਼ ਹੋਇਆ ਕਿ ਸਰੀਰ ਦੇ ਪਰਦੇ ਵਿਚ ਜੋ ਆਪਾ ਉਚਾ ਉਠਦਾ ਸੀ ਉਸ ਨੂੰ ਇਕ ਹੋਰ ਝਲਕਾ ਵਜਦਾ ਹੈ –

***ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ॥***
***ਮਰਤਾ ਜਾਤਾ ਨਦਰਿ ਨ ਆਇਆ॥***

ਅਮਰ ਅਵਸਥਾ ਲਖੀ ਗਈ। ਕੁਝ ਕਾਲ ਏਦਾਂ ਹੀ ਬੀਤ ਗਿਆ। ਸਤਿਗੁਰ ਦੇ ਸਤਿਸੰਗ ਦੇ ਪ੍ਰਵਾਹ ਵਿਚ ਪਤੀ ਵਿਯੋਗ ਦੀ ਸੱਟ ਤੋਂ ਬਾਅਦ ਆਤਮਾ ਇਕ ਪਉੜੀ ਹੋਰ ਚੜ੍ਹ ਗਿਆ। ਕੈਸਾ ਅਨੰਦ ਹੈ? ਰੂਹ ਵਿਚ ਇਕ ਨਾਮਲੂਮ ਕਮਜ਼ੋਰੀ ਜੋ ਵਿਛੋੜੇ ਦੀ ਸੱਟ ਨੇ ਪੈਦਾ ਕੀਤੀ ਸੀ, ਇਸ ਸਤਿਸੰਗ ਨੇ ਉਡਾ ਦਿਤੀ।

ਜਗਿਆਸੂ ਲਈ ਹਰ ਸਦਮਾ ਤਰੱਕੀ ਦਾ ਕਦਮ ਹੈ, ਹਰ ਠੁਹਕਰ ਉਨਤੀ ਦੀ ਪਉੜੀ ਹੈ, ਹਰ ਮੁਸੀਬਤ ਪਹਿਲੇ ਤੋਂ ਵਧੀਕ ਉਚਾ ਤੇ ਦਾਨਾ ਬਣਾਉਂਦੀ ਹੈ, ਪਰ ਤਾਂ ਜੇ ਜੀਉਣ-ਕਣੀ ਅੰਦਰ ਹੈ, ਸਤਿਸੰਗ ਦਾ ਆਸਰਾ ਹੈ ਤੇ ਮਨ ਉਨਤੀ ਵਲ ਨੂੰ ਉਮਲ ਰਿਹਾ ਹੈ।

‘ਮਉਲਾ ਖੇਲ ਕਰੇ ਰੁਠ ਤੁਠੇ’ ਸਾਈ ਦੇ ਰੰਗ ਤੇ ਭੇਤ ਸਾਈ ਜਾਣੇ ਪਰ ਜੀਵ, ਭਰੋਸੇ ਵਾਲਾ ਜੀਵ, ਗੁਰੂ ਕਾ ਸਵਾਰਿਆ ਜੀਵ, ਇਹ ਜਾਣਦਾ ਹੈ ਕਿ ਜੋ ਕੁਛ ਹੁੰਦਾ ਹੈ ਮੇਰੇ ਲਾਭ ਲਈ ਹੁੰਦਾ ਹੈ। ਸਾਈਂ ਵਲੋਂ ਮਾਈ ਲਈ ਹੁਣ ਦੂਸਰੀ ਰਾਤ ਆਈ। ਮਾਈ ਦੀ ਸੁਰਤ ਜੋ ਨਾਮ ਵਿਚ ਲੱਗੀ ਰਹਿੰਦੀ ਹੈ, ਜੋ ਸ਼ਬਦ ਦੇ ਆਸਰੇ ਹੈ, ਸ਼ਾਇਦ ਅਜੇ ਏਥੇ ਜਾ ਕੇ ਟਿਕੀ ਨਹੀਂ, ‘ਜੋ ਕਿਛੁ ਹੋਆ ਸਭੁ ਕਿਛੁ ਤੁਝਤੇ ਤੇਰੀ ਸਭ ਅਸਨਾਈ।’ ਵਿਖੇ ਉਡਾਰੀ ਤਾਂ ਵਜਦੀ ਹੈ ਪਰ ਟਿਕਣਾ ਅਜੇ ਔਖੇਰਾ ਹੈ। ਇਥੇ ਟਿਕਾਉਣ ਲਈ ਪ੍ਰਮੇਸ਼ਰ ਨੇ ਮਾਨੋਂ ਐਉਂ ਪਕਾਵਣਾ ਹੈ ਕਿ ਜਿੱਕੂੰ ਲੁਹਾਰ ਆਪਣੇ ਸੰਦ ਤਿਆਰ ਕਰਦਾ ਹੈ। ਗੁਰੂ ਦੀ ਗੁਰੂ ਜਾਣੇ, ਪਰ ਮਾਈ ਦੀ ਰੂਹ ਵਿਚ ਹੋਰ ਬਲ ਭਰਨ ਵਾਸਤੇ ਹੋਰ ਔਖੀ ਰਾਤ ਆਈ।

ਇਕ ਦਿਨ ਮਾਤਾ ਜੀਤੋ ਜੀ ਨੇ ਲਿਵ ਵਿਚ ਜੁੜਿਆਂ ਕੀ ਡਿੱਠਾ ਕਿ ਸਾਰੇ ਸਪੁੱਤਰ ਅੱਖਾਂ ਦੇ ਅੱਗੇ ਸ਼ਹੀਦ ਹੋ ਗਏ ਹਨ। ਨੈਣ ਖੋਲ੍ਹੇ ਅਰਦਾਸਾ ਸੋਧਿਆ, ਫੇਰ ਸੁਰਤ ਜੋੜੀ ਫੇਰ ਉਹੋ ਦਰਸ਼ਨ। ਫੇਰ ਉਠ ਕੇ ਇਸ਼ਨਾਨ ਕੀਤਾ, ਟਹਿਲ ਕੇ ਇਕ ਦੋ ਭੋਗ ਸ੍ਰੀ ਜਪੁ ਸਾਹਿਬ ਦੇ ਪਾਏ, ਫੇਰ ਸ਼ਬਦ ਵਿਚ ਸੁਰਤ ਜੋੜ ਕੇ ਬੈਠ ਗਈ, ਪਰ ਫੇਰ ਉਹੋ ਦਰਸ਼ਨ। ਘਬਰਾ ਕੇ ਉਠੀ ਤਦ ਦਸ਼ਮੇਸ਼ ਜੀ ਦੇ ਪਿਆਰੇ ਦਰਸ਼ਨ ਹੋਏ। ਧਾ ਕੇ ਚਰਨੀਂ ਪੈ ਗਏ – “ਹੇ ਮਾਲਿਕ, ਹੇ ਸੁਆਮੀ, ਹੇ ਗੁਰੂ! ਅੱਜ ਕੀ ਕੌਤਕ ਵਰਤਾਇਆ ਜੇ? ਕੀ ਠੀਕ ਚਾਰੋਂ ਦੁਲਾਰੇ ਐਦਾਂ ਸ਼ਹੀਦ ਹੋ ਜਾਣਗੇ, ਅਰ ਮੈਂ ਮਮਤਾ ਭਰੀ ਮਾਂ ਵੇਖਣ ਵਾਸਤੇ ਪਾਸ ਹੋਵਾਂਗੀ?”

ਸ੍ਰੀ ਗੁਰੂ ਜੀ ਕੁਛ ਚੁਪ ਹੋ ਕੇ ਬੋਲੇ – ਦੇਖ ਤੂੰ ਲਿਆ ਹੈ, ਕੁਦਰਤ ਵਿਚ ਇਹ ਹੋ ਚੁੱਕਾ ਹੈ, ਮਾਇਆ ਦੀ ਚਾਦਰ ਉਤੇ ਉਸ ਦਾ ਪਰਛਾਵਾਂ ਅਜੇ ਨਹੀਂ ਪਿਆ ਹੈ ਇਸ ਲਈ ਸਮੇਂ ਦੀ ਸਹਾਇਤਾ ਨਾਲ (ਕੁਝ ਚਿਰ ਨੂੰ) ਜਦ ਪਰਛਾਵਾਂ ਪਏਗਾ, ਸਥੂਲ ਨੇਤਰ ਭੀ ਇਸ ਨੂੰ ਵੇਖ ਲੈਣਗੇ।

ਜੀਤੋ ਜੀ – ਪ੍ਰਾਣ ਨਾਥ! ਮੈਂ ਉਸ ਦਰਸ਼ਨ ਦੇਖਣ ਦਾ ਬਲ ਨਹੀਂ ਰੱਖਦੀ।

ਸ੍ਰੀ ਗੁਰੂ ਜੀ – ਬਲ ਤਾਂ ਬਥੇਰਾ ਹੈ, ਪਰ ਇਹ ਦਰਸ਼ਨ ਜੋ ਡਿੱਠਾ ਹੈ, ਇਹ ਉਸ ਆਵਣ ਵਾਲੇ ਦਰਸ਼ਨ ਤੋਂ ਘਬਰਾਉਣ ਲਈ ਨਹੀਂ ਹੈ, ਪਰ ਉਸ ਲਈ ਤਿਆਰ ਹੋਣ ਲਈ ਹੈ, ਸ਼ੁਕਰ ਕਰੋ ਅਰ ਸਿਦਕ ਦਾਨ ਮੰਗੋ ਤੇ ਤਿਆਰ ਹੋਵੋ।

ਜੀਤੋ ਜੀ – ਪ੍ਰਾਣ ਨਾਥ ਜੀ! ਆਪ ਦੀ ਆਗਿਆ ਸੱਤ ਹੈ, ਸਦਾ ਸੱਤ ਹੈ, ਜੋ ਦਿਖਾਓ ਦੇਖਣਾ ਤੇ ਦੇਖਣ ਦੇ ਬਲ ਦੀ ਮੰਗ ਵੀ ਆਪ ਤੋਂ ਕਰਨੀ ਹੈ। ਪਰ ਜੇ ਭੁੱਲ ਬਖਸ਼ੀ ਜਾਵੇ ਤਦ ਇਹ ਅਰਜ਼ੋਈ ਹੈ ਕਿ ਉਹ ਦਰਸ਼ਨ ਕਿਵੇਂ ਇਨ੍ਹਾਂ ਮਾਇਕ ਨੇਤਰਾਂ ਨੂੰ ਨਾਂ ਵੇਖਣੇ ਪੈਣ।

ਇਹ ਸੁਣ ਕੇ ਸ੍ਰੀ ਗੁਰੂ ਅੰਤਰ ਧਿਆਨ ਹੋ ਗਏ, ਦੋ ਘੜੀਆਂ ਮਗਰੋਂ ਫੇਰ ਤੱਕੇ ਤੇ ਬੋਲੇ –

***ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ***
***ਹਿਕਮਤਿ ਹੁਕਮੁ ਚੁਕਾਈਐ॥***

ਵਾਹਿਗੁਰੂ ਦੀ ਪਿਆਰੀ! ਤੇਰੇ ਲਈ ਹੋਰ ਪ੍ਰਬੰਧ ਹੋ ਰਿਹਾ ਹੈ। ਭਾਣੇ ਤੇ ਸ਼ਾਕਰ ਰਹੋ ਤੇ ਮੰਗੋ ਕੁਛ ਨਾ, ਚੜ੍ਹੋ ਸਿਦਕ ਦੀ ਬੇੜੀ, ਦੇਖੋ ਭਰੋਸੇ ਦੇ ਚੱਪੂ ਕੀ ਕਰ ਰਹੇ ਹਨ? ਰਜ਼ਾ ਨਾਲ ਮਰਜ਼ੀ ਮੇਲ ਕੇ ਇਕ ਸੂਰ ਹੋ ਜਾਓ। ਸਾਈਂ ਨੂੰ ਭਾਇਆ ਹੈ ਕਿ ਤੁਸੀਂ ਉਹ ਦਰਸ਼ਨ ਨਾ ਦੇਖੋ।

ਜੀਤੋ ਜੀ – ਸੱਤ ਬਚਨ?

ਅਭਿਆਸ ਵਾਲੀ ਮਾਤਾ ਜੀ, ਜੋ ਰੋਗ ਦੇ ਬੀ ਜਾਣੂ ਸੇ, ਵਿਚਾਰ ਵਾਲੇ ਮਨ ਤੋਂ ਉਟ ਕੇ ਨਿਸ਼ਚੇ ਦੇ ਪਦ ਤੇ ਜਾ ਖੜੋਤੇ। ਹਾਂ, ਮਾਤਾ ਕੀ ਦੇਖਦੀ ਹੈਂ ਕਿ ਮੇਰੇ ਸਰੀਰ ਦਾ ਚਲਾਣਾ ਤਾਂ ਅਤਿ ਨੇੜੇ ਆ ਰਿਹਾ ਹੈ। ਨੇਤਰ ਖੋਲ੍ਹ ਕੇ ਭੌਰੇ ਦੀ ਤਰ੍ਹਾਂ ਚਰਨ ਕਮਲਾਂ ਨੂੰ ਲਿਪਟ ਗਈ। ਚਿਹਰੇ ਤੇ ਖੁਸ਼ੀ, ਸ਼ੁਕਰ ਤੇ ਰਜ਼ਾ ਮੰਨਣ ਦੀ ਸ਼ਾਂਤ ਵਰਤ ਗਈ ਤੇ ਬੇਨਤੀ ਨਿਕਲੀ –

"ਪ੍ਰਾਣ ਨਾਥ! ਆਪ ਆਤਮ, ਮੈਂ ਜੜ੍ਹ ਮਾਇਆ ਰੂਪ, ਆਪ ਦੀ ਚੇਰੀ ਦਾਸੀ, ਏਹ ਆਪ ਦੀ ਵਡਿਆਈ ਸੀ, ਜੋ ਲੜ ਲਾਇਆ ਤੇ ਤੋੜ ਨਿਭਾਇਆ। ਹੁਣ ਐਸਾ ਦਾਨ ਕਰੋ ਕਿ ਬਾਕੀ ਦੇ ਸੁਆਸ ਅਖੰਡਾਕਾਰ ਨਾਮ ਦੀ ਲਿਵ ਵਿਚ ਤੇਲ ਦੀ ਧਾਰ ਵਾਂਗੂੰ ਲੰਘਣ।" ਸ੍ਰੀ ਗੁਰੂ ਜੀ ਜਿਨ੍ਹਾਂ ਦੇ ਨਿਸ਼ਚੇ ਵਿਚ,

***'ਨਹ ਕਿਛੁ ਜਨਮੈ ਨਹ ਕਿਛੁ ਮਰੈ॥***
***ਆਪਨ ਚਲਿਤੁ ਆਪ ਹੀ ਕਰੈ॥"***

ਦਾ ਪ੍ਰਕਾਸ਼ ਹੈ, ਕਹਿੰਦੇ ਹਨ "ਪਿਆਰੀ! ਵਾਹਿਗੁਰੂ ਸੁਆਰੀ! ਤੇਰੀ ਸਿੱਖੀ ਨਿਭ ਗਈ, ਵਾਸਾ ਵਾਹਿਗੁਰੂ ਵਿਚ ਹੋ ਗਿਆ, ਪਿਆਰੇ ਪਿਤਾ ਦੀ ਗੋਦ, ਭੈ, ਪ੍ਰੇਮ ਭਗਤੀ ਨਾਲ ਅਫੁਰ ਹੋ ਕੇ ਸਮਾਉਣਾ।" ਇਹ ਕਹਿ ਕੇ ਸਿਦਕ ਦਾਨ ਬਖਸ਼ਿਆ।

ਇਸ ਗੁਪਤ ਵਾਰਤਾ ਤੋਂ ਕੁਛ ਦਿਨ ਬਾਦ ਮਾਤਾ ਜੀ ਬੈਠੇ ਬੈਠੇ ਕੁਛ ਉਦਾਸੀਨ ਜਿਹੇ ਦਿੱਸੇ। ਪਿਆਰੀ ਮਾਈ ਸਭਰਾਈ ਇਕਲੌਤੀ ਬੇਟੀ ਦੇ ਪਾਸ ਬੈਠੀ ਬਲਾਵਾਂ ਲੈ ਰਹੀ ਹੈ, ਬਾਣੀ ਪੜ੍ਹ ਰਹੀ ਹੈ ਤੇ ਪ੍ਰਾਰਥਨਾ ਕਰ ਰਹੀ ਹੈ, ਪਰ ਧੀ ਦੀ ਪਿਆਰੀ ਮੂਰਤ ਵਿਚੋਂ ਬਲ ਘਟਦਾ ਜਾ ਰਿਹਾ ਹੈ। ਗੁਰੂ ਸਾਹਿਬ ਤੇ ਸਾਹਿਬਜ਼ਾਦੇ ਸਾਰਾ ਪਰਿਵਾਰ ਰਾਤ ਭਰ ਪਾਸ ਬੈਠੇ ਰਹੇ ਹਨ। ਕੋਈ ਰੋਗ ਨਹੀਂ ਹੈ, ਪਰ ਅੰਦਰਲੀ ਬਾਹਰਲੀ ਸਤਯਾ ਕੁਛ ਹੋਰ ਰੰਗ ਧਾਰ ਰਹੀ ਹੈ। ਅੰਮ੍ਰਿਤ ਵੇਲਾ ਹੋ ਗਿਆ, ਮਾਤਾ ਜੀ ਦੀ ਸਮਾਧੀ ਲਗ ਗਈ, ਸਮਾਧੀ ਵਿਚ ਸੁਰਤਿ ਕੀ ਕਰਨ ਲੱਗੀ "ਸੁਰਤੀ ਸੁਰਤਿ ਰਲਾਈਐ ਏਤੁ" ਸੁਰਤੇ ਵਿਚ ਸੁਰਤ ਜਾ ਰਲੀ। ਪਿਆਰੇ ਦੀਨ ਰੱਖਯਕ, ਦੁਲਾਰਿਆਂ ਦੀ ਮਾਤਾ ਸੰਸਾਰ ਯਾਤਰਾ ਸੰਪੂਰਨ ਕਰ ਗਈ।

ਸਭਰਾਈ ਲਈ ਅੱਜ ਦੂਸਰਾ ਦਿਨ ਚੜ੍ਹਿਆ ਜਦ ਫੇਰ ਸੰਸਾਰ ਚੱਕਰ ਖਾ ਕੇ ਅੱਖਾਂ ਵਿਚੋਂ ਉਡ ਗਿਆ। ਇਕ ਸ਼ੂਨਤਾ ਦਿੱਸੀ, ਵੈਰਾਗ ਤੇ ਭਰੋਸਾ, ਵਿਛੋੜੇ ਤੇ ਸਿਦਕ ਜੱਫੀਆਂ ਪਾ ਕੇ ਇਕ ਮਿੱਕ ਹੋ ਗਏ। ਸ਼ੁਕਰ ਹੈ, ਪਰ ਰੋਣ ਹੈ। ਭਾਣਾ ਪਿਆਰਾ ਹੈ, ਪਰ ਉਦਾਸੀ ਹੈ। ਸਿਦਕ ਹੈ, ਪਰ ਹੰਝੂ ਨਹੀਂ ਸੁਕਦੇ। ਹੰਝੂ ਸੁਕਦੇ ਹਨ ਪਰ ਪ੍ਰਾਰਥਨਾ ਵਿਚ ਜੁੜ ਗਿਆਂ ਝਲਕਾ ਵਜਦਾ ਹੈ ਆਤਮਾ ਦੇ ਅਮਰ ਹੋਣ ਦਾ। ਸੁਰਤ ਦੇ ਏਕਾਗਰ ਹੋ ਗਿਆਂ ਦੁਨੀਆਂ ਤਾਂ ਸੁੰਞੀ ਦਿਸਦੀ ਹੈ ਪਰ ਆਤਮਾ ਨਾਲ ਭਰਪੂਰ ਦਿਸਦੀ ਹੈ। ਜਹਾਨ ਫਨਾਹ ਦਿਸਦਾ ਹੈ, ਪਰ ਵਾਹਿਗੁਰੂ ਦੀ ਜੋਤਿ ਦੀ ਅਖੰਡਾਕਾਰ ਲੱਖਤਾ ਭੀ ਪਈ ਹੁੰਦੀ ਹੈ।

ਸ਼ਬਦ ਕੀਰਤਨ, ਸਾਰੇ ਦੈਵੀ ਸਮਾਨ ਹੋਏ। ਮਾਤਾ ਜੀਤੋ ਜੀ ਦਾ ਸੰਸਕਾਰ ਇਸ ਪ੍ਰਿਥਵੀ ਮੰਡਲ ਤੇ ਅਦੁੱਤੀ ਬੀਰਾਂ, ਸਾਹਿਬਜ਼ਾਦਿਆਂ ਨੇ ਤ੍ਰਿਲੋਕੀ ਦੇ ਨਾਥ ਦਸ਼ਮੇਸ਼ ਜੀ ਦੀ ਆਗਿਆ ਵਿਚ ਕੀਤਾ। ਮਾਤਾ ਭਾਗਾਂ ਵਾਲੀ ਹੋ ਗਈ। ਸੁਹਾਗਵੰਤੀ, ਪੁੱਤਰ ਵੰਤੀ, ਸ਼ੀਲ ਵੰਤੀ, ਸੰਤੋਖ ਵੰਤੀ ਤੇ ਸਿਦਕ ਵੰਤੀ ਵਾਹਿਗੁਰੂ ਦੇ ਚਰਨਾਂ ਵਿਚ ਸਮਾਅ

ਗਈ। ਕੀਰਤਨ ਸੋਹਿਲੇ ਦੇ ਪਾਠ ਤੇ ਅਰਦਾਸੇ ਹੋ ਗਏ। ਲੋਕ ਘਰੋ ਘਰੀ ਪਹੁੰਚ ਗਏ। ਰਾਤ ਆ ਗਈ, ਆਹ ਦੂਜੀ ਰਾਤ ਆ ਗਈ, ਜਿਸ ਵਰਗੀ ਜ਼ਿੰਦਗੀ ਵਿਚ ਇਕ ਅੱਗੇ ਡਿੱਠੀ ਸੀ। ਸਭ ਸੌਂ ਗਏ, ਗੁਰੂ ਜੀ ਭੀ ਆਪਣੇ ਆਸਨ ਜਾ ਬਿਰਾਜੇ। ਸਾਹਿਬਜ਼ਾਦੇ ਵੀ ਬਿਰਾਜ ਗਏ। ਆਪਣੇ ਟਿਕਾਣੇ ਰਾਤ ਦੇ ਕੌਤਕ ਦੇਖ ਰਹੀ ਹੈ। ਜਿਸ ਤਰ੍ਹਾਂ ਦੀ ਰਾਤ ਤੋਂ ਉਪਰਾਮ ਹੋ ਕੇ ਘਰ ਛੱਡ ਕੇ ਏਥੇ ਆਈ ਸੀ, ਉਸੇ ਤਰ੍ਹਾਂ ਦੀ ਰਾਤ ਏਥੇ ਆ ਕੇ ਫੇਰ ਆਈ। ਹੁਕਮ, ਏਹ ਮਾਲਿਕ ਦਾ ਹੁਕਮ ਹੈ, ਜਿਸ ਨਾਲ ਆਪਣੀ ਮਰਜ਼ੀ ਦੀ ਤਾਰ ਦੀ ਸੁਰ ਮੇਲਣੀ ਹੈ।

ਮਾਈ ਦਾ ਹਿਰਦਾ ਹੈ ਜੋ ਪਰਮਾਰਥ ਦੇ ਰਸਤੇ ਦਾ ਪੁਰਾਣਾ ਤਰਾਊ ਹੈ, ਕੀ ਵੇਖਦਾ ਹੈ ਕਿ ਅੱਗੇ ਤਾਂ ਵਿਧਵਾ ਹੋਈ ਸਾਂ, ਪਰ ਅੱਜ ਧੀ ਵਿਹੂਣੀ ਹੋ ਗਈ ਹਾਂ! ਜਦ ਇਹ ਖਿਆਲ ਅੱਖਾਂ ਅੱਗੇ ਆਉਂਦਾ ਹੈ, ਤਦ ਅੰਦਰੋਂ ਪਰਮਾਰਥ ਦੀ ਸਾਧਨਾ ਸਹਾਈ ਹੋ ਖੜੋਂਦੀ ਹੈ ਤੇ ਆਖਦੀ ਹੈ, ਮਨਾਂ! ਏਹ ਨਾਸ਼ੁਕਰੀ ਦੇ ਦੂਤ ਆਏ ਹਨ। ਦੂਰ ਕਰ ਇਨ੍ਹਾਂ ਨੂੰ ਜੋ ਸਾਬਤ ਲੰਘਣਾ ਹਈ ਇਸ ਵੇਲੇ ਤਾਂ। ਦੁਨੀਆਂ ਦੇ ਸਬੰਧ ਕਿਆ ਪਤੀ ਤੇ ਕਿਆ ਧੀ ਆਖਰ ਵਿਛੜਨੇ ਸੀ, ਮੈਂ ਮਰਦੀ ਚਾਹੇ ਓਹ ਤੁਰਦੇ। ਪਰ ਵਾਹਿਗੁਰੂ ਦਾ ਸਬੰਧ ਆਦਿ ਜੁਗਾਦਿ ਤੋਂ ਹੈ ਜੋ ਅੰਤ ਪ੍ਰਯੰਤ ਟੁੱਟਣ ਵਾਲਾ ਨਹੀਂ ਹੈ, ਸੋ ਉਸ ਨਾਲ ਨਾ ਟੁੱਟੇ। ਇਹ ਜੋ ਕੁਛ ਹੋਇਆ ਹੈ ਸੋ ਭਾਣਾ ਹੈ, ਉਸ ਪਿਆਰੇ ਦਾ ਅਰ ਸਿਰ ਨਿਹੁੜਾਕੇ ਝੱਲਣਾ ਹੈ। ਝੱਲ ਹੇ ਮੇਰੇ ਆਤਮਾਰਾਮ ਇਸ ਨੂੰ ਝੱਲ! ਝੱਲਣ ਦੇਹ ਮੇਰੇ ਮਨੀ ਰਾਮ! ਮੈਨੂੰ ਪਿਆਰੇ ਦਾ ਭਾਣਾ ਮਿੱਠਾ ਕਰਕੇ। ਤੂੰ ਪੁੱਠੀਆਂ ਦਿਖਾਲੀਆਂ ਨਾ ਦੇਹ, ਮੇਰੀ ਧੀ ਮਰੀ ਨਹੀਂ, ਸੱਚਖੰਡ ਗਈ ਹੈ। ਗੁਰਮੁਖ ਕਦੇ ਮਰਦੇ ਹਨ? ਗੁਰਮੁਖ ਤਾਂ ਆਪਣੇ ਘਰ ਜਾਂਦੇ ਹਨ। ਕੇਹੀ ਚੰਗੀ ਧੀ ਸੀ, ਸੁਲੱਖਣੀ ਧੀ ਸੀ, 'ਸੀ' ਨਹੀਂ ਪਰ 'ਹੈ'। ਧੀ ਸੁਲੱਖਣੀ ਹੈ ਜਿਸਦੀ ਤੁਫੈਲ ਗੁਰੂ ਨਾਲ ਸਾਕ ਹੋਇਆ, ਸ਼ਰਧਾ ਹੋਈ ਤੇ ਕਲਿਆਨ ਦਾ ਰਾਹ ਖੁੱਲ੍ਹਾ। ਸੱਚਮੁੱਚ ਸ਼ੁਕਰ ਕਰਨ ਅਰ ਕੁਝ ਹੋਣ ਦੀ ਥਾਂ ਹੈ।

ਇਉਂ ਸੋਚਦੀ ਦੇ ਅੱਗੇ ਨਾਉਮੈਦੀ ਇਕ ਹਵਾਈ ਚੱਕਰ ਫੇਰ ਕੇ ਆਖਦੀ ਹੈ ਵਾਹ ਤੇਰੇ ਰੰਗ! ਨਾ ਸਹੁਰਿਓਂ ਨਾ ਪੇਕਿਓਂ ਸਭ ਤੁਰ ਗਏ। ਮੈਂ ਗੁਲਾਬ ਦੀ ਇਕ ਡੋਡਰ ਕਟੀਲ ਡਾਲੀ ਪਤਝੜੀ ਰੁੱਤ ਵਿਚ ਇਕੱਲੀ ਖੜ੍ਹੀ ਹਾਂ, ਸੁੰਞੀ। ਵਾਹ ਵਾਹ! ਐਦਾਂ ਸਭ ਨੇ ਤੁਰਨਾ ਸੀ? ਕੌਣ ਜਾਣਦਾ ਸੀ? ਕਦੇ ਪੰਘੂੜੇ ਵਿਚ ਝੂਟਦੀ ਤੇ ਲੋਰੀਆਂ ਲੈਂਦੀ ਸਾਂ। ਕਦੇ ਖਿੱਦੂ ਖੇਡਦੀ ਤੇ ਗੀਟੇ ਉਲਾਰਦੀ ਸਾਂ। ਕਦੇ ਤੇਲ ਚੜ੍ਹਦਾ ਤੇ ਲਾਵਾਂ ਲੈ ਰਹੀ ਸਾਂ। ਕਦੇ ਡੋਲੇ ਚੜ੍ਹੀ ਸਾਂ। ਆਹਾ! ਕਦੇ ਸੱਸ ਨੇ ਆ ਕੇ ਡੋਲਿਓਂ ਚੁੱਕ ਲਿਆ, ਮੇਰੀ ਤਲੀ ਨਾ ਭੋਇ ਨਾਲ ਲੱਗ ਜਾਵੇ, ਪਾਣੀ ਵਾਰ ਵਾਰ ਕੇ ਪੀਤੇ, ਤੇਲ ਚੋਏ, ਤਦ ਮੈਂ ਦਲ੍ਹੀਜ਼ਾਂ ਲੰਘੀ। ਦੰਮਾਂ ਬੋਰੀ ਹੱਥ ਪਏ ਤਦ ਸਹੁਰੇ ਦੀ ਗੁੱਥੀ ਛੁਟੀ ਸੀ। ਤਿਲ ਭੌਲਿਆਂ ਦੀ ਖੇਡ ਨੂੰ ਲੋਕੀਂ ਝੁਕ ਝੁਕ ਕੇ ਵੇਖਦਾ ਸੀ। ਪੀੜ੍ਹੇ ਮੇਰੇ ਬੈਠਣ ਨੂੰ ਉਡੀਕਦੇ ਸਨ। ਪੱਖੀਆਂ ਮੇਰੇ ਹੱਥੀਂ ਫੜੀਨ ਨੂੰ ਤਰਸਦੀਆਂ ਸਨ। ਕਨਾਰੀਆਂ ਗੋਟੇ ਮੇਰੇ ਅੰਗ ਲੱਗ ਕੇ ਤਾਰ ਤਾਰ ਹੋ ਕੇ ਸਦਕੇ ਹੋਣ ਨੂੰ ਮੇਰੇ ਕਪੜਿਆਂ ਨੂੰ ਚੰਬੜੇ ਸੇ। ਗਹਿਣੇ ਮੇਰੇ ਅੰਗਾਂ ਨੂੰ ਲੱਗ ਲੱਗ ਕੇ ਫਬਦੇ ਸੇ। ਚਾਰ ਚੁਫੇਰੇ ਹੱਥੀਂ ਛਾਵਾਂ ਸਨ। ਮੈਂ ਰਾਣੀ ਸਾਂ ਤੇ ਸਾਰੇ ਮੇਰੇ ਦਰਸ਼ਨਾਂ ਦੇ ਤਿਹਾਏ ਸਨ। ਉਹ ਸਮਾਂ ਉਹ ਪਿਆਰਾ ਸਮਾਂ ਕਿਧਰ ਗਿਆ? ਬੀਤ ਗਿਆ। ਛਲੀਆ ਸਮਾਂ ਸਦਾ ਤਿਲਕਦਾ ਹੈ। ਸਮਾਂ ਸੁੱਖਾਂ ਦੀ ਸਫ ਵਲ੍ਹੇਟਣ ਵਾਲਾ ਨਿਰਦਈ ਫੱਰਾਸ਼ ਹੈ। ....ਹੈਂ, ਸਭ ਕੁਛ ਸੁਪਨਾ ਹੋ ਗਿਆ। ਵਾਹ, ਕੋਈ ਸੱਚ ਕਹਿੰਦਾ ਹੁੰਦਾ ਸੀ –

***ਇਕ ਦਿਨ ਸੁਪਨਾ ਹੋਵਨਾ ਸਾਨੂੰ ਬਾਬਲ ਸੰਦਾ ਵਿਹੜਾ।***

ਇਹ ਗੌਣ ਤਾਂ ਗਾਵੇਂ, ਪਰ ਤਦੋਂ ਇਹ ਕੌਣ ਜਾਣਦਾ ਸੀ ਕਿ – ਸੁਹਰਾ ਭੀ ਹੈ ਸੁਪਨਾ ਹੋਣਾ ਆ ਮੱਲਿਆ ਹੁਣ ਜਿਹੜਾ। ਸਭ ਹੀ ਸੁਪਨਾ ਹੈ। ਪਰ ਹੁਣ ਕੀਹ ਇਹ ਭੀ ਸੁਪਨਾ ਨਹੀਂ ਜੋ ਹੁਣ ਬੀਤ ਰਿਹਾ ਹੈ? ਉਹ ਹੋ! ਸੁਖ ਨਹੀਂ ਰਹੇ ਤਦ ਦੁਖ ਕਦ ਰਹਿਣ ਲੱਗੇ ਹਨ। ਉਹ! ਮੇਰੇ ਮਨ! ਤੂੰ ਫੇਰ ਕਿਧਰ ਚਲਾ ਗਿਆ ਸੈਂ? ਹੈਂ, ਫਿਰ ਪਰਤ ਪਿਆ ਹੈਂ ਭਲੇ ਪਾਸੇ, ਪਰਤ ਮੇਰੇ ਮਨਾਂ। ਇਹ ਰਜ਼ਾ ਹੈ। ਨਾ ਦੁੱਖ ਹੈ ਨਾ ਸੁੱਖ ਹੈ। ਪਿਆਰੇ ਦਾ ਖੇਲ ਤਮਾਸ਼ਾ ਹੈ। ਉਹ ਭੀ ਡਿੱਠਾ ਤੇ ਇਹ ਭੀ ਡਿੱਠਾ। ਜੋ ਡਿੱਠਾ ਲੰਘ ਗਿਆ। ਕੌੜਾ ਮਿੱਠਾ ਸਭ ਲੰਘ ਗਿਆ। ਹੁਣ ਕੀ ਹੈ? ਬੀਤੇ ਦੀ ਯਾਦ, ਸੁਖਾਂ ਦੇ ਹਾਵੇ ਤੇ ਦੁਖਾਂ ਦੀਆਂ ਕਸਕਾਂ। ਜੇ ਤੂੰ ਵਰਤਮਾਨ ਵਿਚ ਵਰਤੇਂ ਤੇ ਬੀਤ ਗਏ ਦੇ ਹਾਵੇ ਤੇ ਰੋਣੇ ਛੱਡ ਦੇਵੇਂ ਤਾਂ ਤੂੰ ਨਾਮ ਵਿਚ ਵਸੇਂ। ਗੁਰਵਾਕ ਯਾਦ ਕਰ, "ਏਹੜ ਤੇਹੜ ਛਡਿ ਤੂ ਗੁਰ ਵਾਕ ਸਬਦੁ ਪਛਾਣੁ॥" ਫੇਰ ਦੇਖ ਤੂੰ ਸੁਖੀ ਹੈਂ। ਤੂੰ ਹੈਂ ਤੇ ਨਾਮ। ਨਾਮ ਹੈ ਤੇ ਤੇਰੀ ਸੁਰਤ ਦੀ ਇਸ ਨਾਲ ਲਪੇਟ।...ਹਾਇ! ਇਸ ਮਨ ਨੇ ਮੈਨੂੰ ਕਿੰਨੀ ਵੇਰ ਠੇਡੇ ਲਾਏ ਹਨ। ਸੱਚ ਹੈ, ਪਰਬਤਾਂ ਦੇ ਰਸਤੇ ਡੂੰਘੀਆਂ ਖਾੜੀਆਂ ਤੇ ਔਖੀਆਂ ਗਲੀਆਂ ਥਾਣੀਂ ਲੰਘਦੇ ਹਨ। ਕੌਣ ਕਦੇ ਸਿਖਰ ਚੜ੍ਹਿਆ ਹੈ ਜਿੰਨੇ ਘਾਟੀਆਂ ਤੋਂ ਜੀ ਚੁਰਾਇਆ ਹੈ? ਦੇਖੋ ਮੈਂ ਕਿੰਨਾ ਜ਼ੋਰ ਲਾ ਰਹੀ ਹਾਂ ਕਿ ਰਜ਼ਾ ਤੇ ਖਲੋਵਾਂ, ਪਰ ਫੇਰ ਖਿਆਲ ਦੂਜੇ ਪਾਸੇ ਜਾਂਦਾ ਹੈ। ਅਸਲ ਵਿਚ ਭੁੱਲ ਹੈ ਮੇਰੀ। ਇਹ ਵਿਉਂਤ ਨਹੀਂ। ਛੜੀ ਵੀਚਾਰ ਕੀਹ ਕਰ ਸਕਦੀ ਹੈ? ਮੈਂ ਵੀਚਾਰ ਨਾਲ ਤਾਂ ਮਨ ਨੂੰ ਵਰਤਮਾਨ ਵਿਚ ਲੈ ਆਵਾਂ

ਤੇ ਆਪਣੀ ਨਾਮ ਦੀ ਕਾਰ ਵਿਚ ਲੱਗ ਪਵਾਂ ਹੁਣੇ, ਕਾਰ ਵਿਚ ਲੱਗਾਂ ਤਾਂ ਨੀਵਿਆਂ ਲੈ ਜਾਣ ਵਾਲੀਆਂ ਸੋਚਾਂ ਤੇ ਵੀਚਾਰਾਂ ਭੀ ਮੋੜਾਂ ਖਾ ਜਾਣ।

ਮਾਈ ਇਹ ਕਹਿ ਕੇ ਨਾਮ ਜਪਣ ਵਲ ਲਗ ਪਈ। ਥੋੜ੍ਹੇ ਚਿਰ ਵਿਚ ਨੀਂਦ ਆ ਕੇ ਖੁੱਲ੍ਹੀ। ਅੰਦਰੋਂ ਕਿਸੇ ਤਾਕਤ ਨੇ ਵਗਾਹ ਕੇ ਮਾਰਿਆ, ਅਰ ਬੇਖ਼ਬਰੇ ਮਨ ਵਹਿਣਾਂ ਵਿਚ ਜਾ ਪਿਆ – "ਪਤਾ ਨਾ ਲੱਗਾ ਮੇਰੀ ਜੀਤ ਨੂੰ ਕੀਹ ਰੋਗ ਸੀ, ਕਿਸੇ ਵੈਦ ਨੂੰ ਨਾ ਦੱਸਿਆ, ਕੋਈ ਓਹੜ ਪੋਹੜ ਨਾ ਕੀਤਾ, ਪਰ ਕਰਦੇ ਭੀ ਕੀਹ? ਤੱਤ ਫੱਟ ਤਾਂ ਤੁਰ ਗਈ, ਨਾ ਦੁਖ ਨਾ ਪੀੜ, ਕੰਨ ਭੀ ਨਾ ਤੱਤਾ ਹੋਇਆ! ...ਹੈਂ ਓਹ ਹੋ! ਮੈਂ ਕਿੱਥੇ ਚਲੀ ਗਈ? ਸ੍ਰੀ ਵਾਹਿਗੁਰੂ, ਸ੍ਰੀ ਵਾਹਿਗੁਰੂ! ਬਖਸ਼! ....ਤੇਰੀ ਰਜ਼ਾ! ਅੱਜ ਮੇਰੀ ਸੁਰਤ ਬਹੁਤ ਹੇਠ ਉਤਰ ਆਈ ਹੈ, ਨਾਮ ਵਿਚ ਨਹੀਂ ਟਿਕਦੀ। ਹੱਛਾ ਹੁਣ ਬਾਣੀ ਦਾ ਡੱਗਾ ਲਾਓ।" ਇਉਂ ਕਹਿ ਕੇ ਚੁੱਪ ਚਾਪ ਜਪੁ ਸਾਹਿਬ ਦਾ ਪਾਠ ਕਰਨ ਲੱਗ ਪਈ। ਜਦ ਇਹ ਤੁਕ ਆਈ "ਜਿਸ ਨੋ ਬਖਸੇ ਸਿਫਤਿ ਸਾਲਾਹ।। ਨਾਨਕ ਪਾਤਿਸਾਹੀ ਪਾਤਿਸਾਹੁ॥" ਤਦ ਹੋਸ਼ ਆਈ ਪਾਠ ਦੇ ਵਲ ਧਯਾਨ ਦੇਣ ਦੀ! ਤ੍ਰਬ੍ਰਕ ਕੇ ਕਹਿਣ ਲੱਗੀ, ਮੈਂ ਕਿੱਥੇ ਚਲੀ ਗਈ ਸਾਂ? ਪਾਠ ਐਨਾਂ ਮੁੱਕ ਗਿਆ, ਪਰ ਮੈਂ ਤਾਂ ਸੋਚ ਰਹੀ ਸਾਂ ਕਿ ਹੁਣ ਮੇਰਾ ਨਿਰਬਾਹ ਕਿਵੇਂ ਤੇ ਕਿਸ ਤਰ੍ਹਾਂ ਹੋਊ? ਮਨ, ਹੇ ਮਨ! ਚੰਚਲ ਚੋਰ! ਤੂੰ ਬੜਾ ਦੁਖ ਦੇਣਾ ਹੈਂ।.....ਬਖਸ਼ੋ ਗੁਰੂ ਜੀ! ਇਹ ਕਹਿ ਕੇ ਫੇਰ ਪਾਠ ਵਿਚ ਹੋ ਤੁਰੀ। ਕੁਛ ਕੁ ਪਾਠ ਦੇ ਮਗਰੋਂ ਮਨ ਹੁਰੀਂ ਫਿਰ ਖਿਸਕ ਗਏ, ਤਦੇ ਪਤਾ ਲੱਗਾ ਜਦ 'ਕੇਤੀ ਛੁਟੀ ਨਾਲਿ' ਕਿਹਾ ਗਿਆ। ਹੁਣ ਮਾਈ ਕਹਿਣ ਲੱਗੀ, "ਅਜੇ ਸੁਰਤ ਨੀਵੀਂ ਹੈ। ਹੱਛਾ ਹੁਣ ਗੱਜ ਕੇ ਜਪੁਜੀ ਦਾ ਪਾਠ ਕਰੀਏ।" ਹੁਣ ਲੱਗੀ ਉਚੀ ਪਾਠ ਕਰਨ। ਆਪਣੀ ਹੀ ਪਿਆਰੀ ਸੁਰ ਵਿਚ ਕੰਨ ਮਸਤ ਹੋ ਗਏ। ਭੋਗ ਪੈ ਗਿਆ। ਪਹਿਲਾਂ ਮਨ ਹੁਰੀਂ ਬਾਣੀ ਵਿਚ ਲੱਗੇ ਰਹੇ ਪਰ ਫੇਰ ਸੋਚੀਂ ਪੈ ਗਏ – ਹੋਇਆ ਸੋ ਹੋਇਆ, ਚੰਗਾ ਹੋਇਆ, ਪਰ ਮੈਨੂੰ ਕਈ ਕਲੇਸ਼ ਝੱਲਣੇ ਪੈਣਗੇ।....ਫੇਰ ਹੋਸ਼ ਆਈ, ਹਾਹੁਕਾ ਭਰ ਕੇ ਕਹਿੰਦੀ ਹੈ, "ਹੱਛਾ ਮਨਾਂ ਲੈ ਹੁਣ ਅਰਦਾਸਾ ਕਰੀਏ।" ਜਿਉਂ ਅਰਦਾਸੇ ਦੀ ਪੌੜੀ ਦਾ ਪਾਠ ਬਾਰ-ਬਾਰ ਕਰਨ ਲੱਗੀ ਹੈ, ਅੱਧਾ ਘੰਟਾ ਲੰਘ ਗਿਆ।

ਹੁਣ ਕੁਛ ਠੰਢ ਵਰਤੀ ਹੋਈ ਜਾਪੀ, ਕੁਛ ਟਿਕਾਉ ਭੀ ਆਇਆ। ਮਾਈ ਨੇ ਬੇਨਤੀ ਕੀਤੀ, ਸ਼ੁਕਰ ਆਖਿਆ, ਅੱਖਾਂ ਵਿਚ ਨੀਂਦ ਅਰ ਨੀਂਦ ਵਿਚ ਸੁਖ ਭਾਸਿਆ ਫੇਰ ਮਾਈ ਸੌਂ ਗਈ, ਪਰ ਅੱਧੀ ਘੜੀ ਬਾਅਦ ਜਾਗ ਖੁਲ੍ਹ ਗਈ। ਨੇਤਰਾਂ 'ਚੋਂ ਨੀਰ ਜਾਰੀ ਹੈ, ਰੋ ਰਹੀ ਹੈ, ਪਰ ਨੈਣ ਵਹਿ ਰਹੇ ਹਨ। ਸੁੰਨਤਾ ਛਾ ਰਹੀ ਹੈ। 'ਧੰਨ ਤੂੰ ਹੈਂ, ਸ਼ੁਕਰ! ਬਖਸ਼' ਇਹ ਅਵਾਜ਼ ਨਿਕਲ ਕੇ ਸੁਰਤ ਅਡੋਲ ਹੋ ਗਈ, ਫੁਰਨੇ ਰੁਕ ਗਏ, ਨਾਮ ਦਾ ਪ੍ਰਵਾਹ ਚਲ ਪਿਆ। ਬੱਸ ਹੁਣ ਕੌਮ ਦੁਖੀ ਹੈ? ਹੁਣ ਦੁਖ ਕਿਸ ਨੂੰ ਹੈ? ਹੁਣ ਤਾਂ ਸੁਰਤ ਕਹਿ ਸਕਦੀ ਹੈ ***"ਕਉਨ ਮੂਆ ਰੇ ਕਉਨੁ ਮੂਆ॥ ਬ੍ਰਹਮਗਿਆਨੀ ਮਿਲਿ ਕਰਹੁ ਬੀਚਾਰਾ ਇਹ ਤਉ ਚਲਤੁ ਭਇਆ॥'*** ਸੁਰਤ ਸ਼ਬਦ ਦੇ ਸਿਮਰਨ ਵਿਚ ਨਿਮਗਨ ਚਲ ਰਹੀ ਹੈ। ਇਸ ਦਸ਼ਾ ਵਿਚੋਂ ਫੇਰ ਨੀਂਦ ਨੇ ਪਲਟਾ ਖਾ ਲਿਆ। ਮਾਈ ਸੌਂ ਗਈ, ਪਰ ਅੱਧੇ ਹੀ ਘੰਟੇ ਮਗਰੋਂ ਜਾਗ ਪਈ। ਇਹ ਨੀਂਦ ਕੋਈ 'ਸੁਭਾਗੀ' ਨੀਂਦ ਨਹੀਂ ਸੀ, ਮਾਈ ਕੀਹ ਦੇਖਦੀ ਹੈ ਕਿ ਸਰੀਰ ਹੌਲਾ ਫੁੱਲ ਹੈ, ਰੂਹ ਉਚੇ ਵੈਰਾਗ ਨਾਲ ਭਿੱਜੀ ਪਈ ਹੈ, ਨਿਰਬਲਤਾ ਪਰ ਸੁਖਾਵੀਂ ਨਿਰਬਲਤਾ ਵਿਚ ਸਰੀਰ ਪਸਰ ਪਿਆ ਹੈ। ਘੜਿਆਲ ਦੀ ਆਵਾਜ਼ ਆਈ, ਤ੍ਰਿਪਹਿਰਾ ਵੱਜ ਗਿਆ, ਮਾਈ ਕਹਿੰਦੀ ਹੈ – 'ਅੰਮ੍ਰਿਤ ਵੇਲਾ ਹੋ ਗਿਆ, ਉਠਾਂ, ਸ਼ਨਾਨ ਕਰਾਂ, ਪਤੀ ਜੀ ਨੂੰ ਕਰਾਵਾਂ ਤੇ ਸਤਿਸੰਗ ਨੂੰ ਚੱਲੀਏ। ਪਰ ਵਾਹ ਵਾਹ ਪਤੀ ਜੀ! ਤੁਸੀਂ ਤਾਂ ਸਤਿਸੰਗ ਵਿਚ ਐਉਂ ਗਏ ਜਿਸ ਤਰ੍ਹਾਂ ਲੂਣ ਦੀ ਪੁਤਲੀ ਸਮੁੰਦਰ ਦਾ ਇਸ਼ਨਾਨ ਕਰਨ ਜਾਵੇ। ਮੈਂ ਅਜੇ ਲੂਣ ਨਹੀਂ ਹੋਈ, ਮੈਂ ਰੋਜ਼ ਨ੍ਹਾਉਂਦੀ ਹਾਂ ਤੇ ਰੋਜ਼ ਬਾਹਰ ਆ ਜਾਂਦੀ ਹਾਂ।....ਪਿਆਰੀ ਜੀਤ! ਜਾਗ ਤ੍ਰਿਪਹਿਰਾ ਵੱਜ ਗਿਆ, ਮੈਂ ਨ੍ਹਾ ਧੋ ਆਈ ਹਾਂ, ਸ੍ਰੀ ਗੁਰੂ ਜੀ ਡੇਰੇ ਤੇ ਚਲੇ ਗਏ। ਪਿਆਰੀ! ਤੂੰ ਅੱਜ ਦੇਰ ਕਿਉਂ ਲਾਈ? ਜਾਗ ਪਿਆਰੀ ਚੱਲੀਏ।...ਪਰ ਹਾਂ ਪਿਆਰੀ! ਤੂੰ ਹੁਣ ਸਤਿਸੰਗ ਵਿਚ ਇਸ਼ਨਾਨੀਆਂ ਵਾਂਗੂੰ ਨਹੀਂ ਜਾਂਦੀ ਜੋ ਜਲ ਵਿਚ ਜਾ ਕੇ ਠੰਢਕਾਂ ਲੈ ਕੇ ਪਰਤ ਆਉਂਦੇ ਹਨ, ਤੂੰ ਤਾਂ ਸਤਿਸੰਗ ਵਿਚ ਐਉਂ ਗਇਓਂ ਜਿੱਕੂੰ ਜਲ ਤੋਂ ਵਿਛੜੀ ਮੱਛਲੀ ਜਲ ਵਿਚ ਜਾ ਕੇ ਪਿੱਛੇ ਨਹੀਂ ਪਰਤਦੀ। ਹਾ, ਹਾ, ਅੱਜ ਮੈਂ ਇਕੱਲੀ ਵੇ ਲੋਕੋ! ਅੱਜ ਮੈਂ ਇਕੱਲੀ ਹਾਂ, ਮੈਨੂੰ ਸਤਿਸੰਗ ਵਿਚ ਕੌਣ ਲਿਜਾਏ? ਮਰਨਾ ਕੂੜ ਵੇ ਲੋਕੋ, ਪਰ ਮਰਨਾ ਸੱਚ ਵੇ ਲੋਕੋ। ਧੀਰਜ ਕਰੋ ਪਰ ਮਰ ਗਿਆਂ ਦੇ ਵਿਗੋਚੇ ਆ ਜਾਂਦੇ ਹਨ। ਹੇ ਪਰਮਾਰਥ ਦੇ ਸਾਥੀਓ! ਤੋੜ ਤਾਂ ਨਿਬਾਹ ਜਾਂਦਿਓ ਜੇ। ਤੁਹਾਡੀ ਮਹਿਮਾਂ ਵਿਚ ਕਿਹਾ ਹੈ, "ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥ ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥' ਫੇਰ ਤੁਸੀਂ ਮੈਨੂੰ ਕਿਉਂ ਛੱਡ ਗਏ? ਦੇਖੋ ਹੁਣ ਮੈਂ ਇਕੱਲੀ ਹਾਂ, ਮੈਂ ਸਤਿਸੰਗ ਵਿਚ ਕਿੱਕੂੰ ਜਾਵਾਂ?....ਹੈਂ? ਤ੍ਰਬਕ ਕੇ....ਹੈਂ ਸ੍ਰੀ ਵਾਹਿਗੁਰੂ! ਮੈਂ ਕਿੱਥੇ ਚਲੀ ਗਈ, ਪਿਆਰੇ ਸਦਾ ਅੰਗ ਸੰਗ ਹਨ। ਸਤਿਸੰਗ ਕਿੱਥੇ ਹੈ? ਜਿੱਥੇ ਮਨ ਵਿਚ ਨਾਮ ਹੈ ਸੋ ਹੇ ਮਨ! ਉਲਟ, ਨਾਮ ਵਿਚ ਆ ਜਾ।" 'ਆ ਜਾ' ਕਹਿੰਦੀ ਦੇ ਅੱਥਰੂ ਆਏ

ਪਰ ਨੈਣਾਂ ਵਿਚ ਹੀ ਸੁੱਕ ਗਏ, ਸੁਰਤ ਵਿਚ ਕੜਾਕਾ ਖਾ ਕੇ ਚੜ੍ਹੀ, ਅਡੋਲ ਧੁਨਿ ਨਾਮ ਦੀ ਬੱਝ ਗਈ। ਹੁਣ ਪਿਆਰੇ ਸਤਿਗੁਰਾਂ ਦੇ ਦਰਸ਼ਨ ਹੋ ਰਹੇ ਹਨ। ਫਿਰ ਛੇਤੀ ਹੀ ਅੱਖ ਖੁਲ੍ਹ ਗਈ। ਆਵਾਜ਼ ਆ ਰਹੀ ਸੀ, ਛੋਟੇ ਸਾਹਿਬਜ਼ਾਦੇ ਖੜ੍ਹੇ ਕਹਿ ਰਹੇ ਸਨ। "ਪਿਆਰੀ ਅੰਮਾਂ ਜੀ! ਆਓ ਦਰਬਾਰ ਵਿਚ ਚੱਲੀਏ, ਅੱਜ ਹਰਿਦਿਆਲ ਸਿੰਘ ਜੀ ਰਾਗੀ ਆਏ ਹਨ, ਬਹੁਤ ਸੋਹਣਾ ਕੀਰਤਨ ਹੋਵੇਗਾ।

ਇਹ ਪਿਆਰੀ, ਲਾਡਲੀ, ਤੋਤਲੀ ਤੇ ਦਾਨੀ ਅਵਾਜ਼ ਸੁਣ ਕੇ ਮਾਈ ਉਠੀ। ਬੱਚਿਆਂ ਨੂੰ ਗੋਦ ਵਿਚ ਲੈ ਲਿਆ, ਛਾਤੀ ਨਾਲ ਲਾਇਆ, ਪਿਆਰ ਕੀਤਾ ਠੰਢ ਪੈ ਗਈ। ਅਜੇ ਮਾਈ ਨੂੰ ਤਨਕ ਆਸਰਾ ਦ੍ਰਿਸ਼ਟਮਾਨ ਦੇ ਪ੍ਰੇਮ ਦਾ ਲੋੜੀਂਦਾ ਸੀ। ਮਾਈ ਪਿਆਰਿਆਂ ਨੂੰ ਨਾਲ ਲੈ ਕੇ ਸਤਿਸੰਗ ਵਿਚ ਪਹੁੰਚੀ, ਸੁਰਤ ਬੱਚਿਆਂ ਦੇ ਪਿਆਰ ਦਾ ਸਥੂਲ ਆਸਰਾ ਲੈ ਕੇ, ਗੁਰੂ ਦਰਸ਼ਨ ਦੇ ਧਿਆਨ ਵਿਚ ਸੂਖਮ ਆਸਰਾ ਪਾ ਕੇ ਤੇ ਕੀਰਤਨ ਦਾ ਦਿਲ ਖਿੱਚਵਾਂ ਆਸਰਾ ਲੈ ਕੇ ਨਾਮ ਵਿਚ ਅਡੋਲ ਜੁੜ ਗਈ ਅਰ ਦਿਨ ਚੜ੍ਹੇ ਤਕ ਨਾਮ ਵਿਚ ਏਕਾਗਰ ਹੋਈ ਆਨੰਦ ਵਿਚ ਨਿਮਗਨ ਰਹੀ।

ਐਉਂ ਬੀਤੀ ਦੂਸਰੀ ਔਖੀ ਰਾਤ।

ਡਾਕਦਾਰਨੀ - ਭੈਣ ਜੀ! ਮਾਈ ਬਹੁਤ ਤੱਕੜੀ ਸੀ, ਰਾਤ ਕਿੰਨੀ ਵੇਰ ਸੁਖ ਦੇ ਟਿਕਾਣੇ ਜਾ ਜਾ ਕੇ ਫੇਰ ਘਬਰਾ ਵਿਚ ਆ ਕੇ ਫੇਰ ਉਚੀ ਚੜ੍ਹ ਜਾਂਦੀ ਰਹੀ ਹੈ। ਪਰ ਅਖੀਰ ਬੱਚਿਆਂ ਦੇ ਪਿਆਰ ਦਾ ਆਸਰਾ ਪਾ ਕੇ ਨਾਮ ਵਿਚ ਅਡੋਲ ਹੋ ਗਈ, ਇਹ ਕੀ ਗੱਲ ਹੋਈ?

ਸੁਭਾਗ ਜੀ - ਵਿਚੇ ਦੱਸਿਆ ਹੈ ਜੁ ਹੈ - ਸੁਰਤ ਅਜੇ ਤਨਕ ਆਸਰਾ ਦ੍ਰਿਸ਼ਟਮਾਨ ਦੇ ਪ੍ਰੇਮ ਦਾ ਲੋੜਦੀ ਸੀ। ਜਿਸ ਦਾ ਇਹ ਭਾਵ ਹੈ ਕਿ ਮਾਈ ਅਜੇ ਆਪਣੇ ਅਭਿਆਸ ਵਿਚ ਉਸ ਟਿਕਾਣੇ ਨਹੀਂ ਸੀ ਅੱਪੜੀ ਕਿ ਜਿਥੇ ਕੇਵਲ ਆਤਮਾ ਹੀ ਆਤਮਾਂ ਦਾ ਆਸਰਾ ਹੁੰਦਾ ਹੈ ਤੇ ਜੀਵ ਸਰੀਰ ਹੁੰਦਿਆਂ ਉਸ ਅੰਦਰਲੇ ਆਸਰੇ ਨਾਲ ਸੁਖ ਵਿਚ ਰਹਿੰਦਾ ਹੈ। ਸਰੀਰਧਾਰੀ ਹੋਣ ਕਰਕੇ ਬੜੀ ਦੂਰ ਤਕ ਸਰੀਰਕ ਆਸਰਿਆਂ ਦੀ ਲੋੜ ਰਹਿੰਦੀ ਹੈ। ਇਸੇ ਕਰਕੇ ਗੁਰੂ ਜੀ ਨੇ ਗ੍ਰਿਹਸਤ ਨਹੀਂ ਛੁਡਵਾਇਆ। ਜੋ ਜਦ ਤਕ ਮਨ ਕੇਵਲ ਆਤਮ ਬਲ ਦੇ ਆਸਰੇ ਸੁਖੀ ਨਹੀਂ ਰਹਿਣ ਲਗ ਜਾਂਦਾ ਤਦ ਤਕ ਪਰਤ ਪਰਤ ਕੇ ਸੰਸਾਰਕ ਆਸਰਿਆਂ ਦੀ ਲੋੜ ਪੈ ਜਾਂਦੀ ਹੈ, ਤਦੋਂ ਫੇਰ ਅਤੀਤ ਅਭਿਆਸੀ ਬਹੁਤ ਘਬਰਾਉਂਦਾ ਹੈ। ਜੇ ਵਿਚੇ ਰਹੇ ਤਾਂ ਨਾਲ ਨਾਲ ਸੁਰਤ ਪਕਦੀ ਜਾਂਦੀ ਹੈ ਤੇ ਬੇਮਲੂੰਮ ਆਪਣੇ ਆਸਰੇ ਖੜੋਂਦੀ ਜਾਂਦੀ ਹੈ। ਇਸ ਦੂਸਰੀ ਰਾਤ ਵਿਚ ਮਾਈ ਪਹਿਲੇ ਸਦਮੇ ਵਾਲੇ ਸਮੇਂ ਤੋਂ ਉਚੇਰੀ ਹੋ ਗਈ ਹੈ, ਵਧੇਰੇ ਛੇਤੀ ਟਿਕਦੀ ਰਹੀ ਹੈ ਤੇ ਅੰਦਰਲੇ ਆਤਮ ਬਲ ਨੇ ਪਹਿਲੇ ਨਾਲੋਂ ਵਧੇਰੇ ਠੱਲਾ ਪਾ ਦਿਤਾ ਹੈ, ਪਰ ਅਜੇ ਹੋਰ ਪ੍ਰਪੱਕਤਾ ਦੀ ਲੋੜ ਹੈ।

ਡਾਕਦਾਰਨੀ - ਇਹ ਜੋ ਦੁਖੀ ਮਨ ਦੇ 'ਸੁਖ ਦੇ ਘਰ' ਜਾਣ ਦੇ ਤਰਲੇ ਤੇ ਜਤਨ ਤੁਸਾਂ ਪੜ੍ਹੇ ਹਨ ਅਮੋਲਕ ਹਨ ਪਰ ਮੈਂ ਜਿਸ ਬਿਰਹੋਂ ਵਿਚ ਹਾਂ, ਉਸ ਵਿਚ ਇਹ ਤਰਲੇ ਡਾਢੇ ਅਮੁੱਲ ਲਗਦੇ ਹਨ। ਹਾਂ, ਜੇ ਕੋਈ ਇਨ੍ਹਾਂ ਨੂੰ ਐਵੇਂ ਪੜ੍ਹੇ ਕਿ ਜੋ ਵਿਜੋਗ ਵਿਚ ਨਹੀਂ ਜਾਂ ਸੁਖ ਵਿਚ ਹੈ ਤਾਂ ਉਹ ਪੜ੍ਹ ਕੇ ਸ਼ੈਤ ਪੂਰਾ ਮੁੱਲ ਨਾ ਪਾ ਸਕੇ।

ਸੁਭਾਗ - ਤੁਸੀਂ ਠੀਕ ਕਿਹਾ ਹੈ, ਪਰ ਸਦਾ ਸੁਖ ਨਹੀਂ ਨਾ ਪ੍ਰਾਪਤ ਹੁੰਦਾ। ਹਰ ਜੀਵ ਉਤੇ ਦੁੱਖ ਤੇ ਵਿਜੋਗ ਦੇ ਸਮੇਂ ਆਉਂਦੇ ਹਨ, ਇਹ ਪੋਥੀ ਤਾਂ ਉਸ ਸਮੇਂ ਦਾ ਦਾਰੂ ਹੈ ਕਿ 'ਦੁਖੀ ਦਿਲ ਕਿਵੇਂ ਹੰਭਲੇਮਾਰ ਮਾਰ ਕੇ ਦੁਖ ਦੀ ਨੈਂ ਨੂੰ ਤਰ ਨਿਕਲਣ' ਇਸੇ ਪਰਯੋਜਨ ਲਈ ਇਹ ਲਿਖੀ ਗਈ ਸਹੀ ਹੁੰਦੀ ਹੈ। ਇਸ ਲਈ ਇਹ ਪੋਥੀ ਇਕ ਦਾਰੂ ਹੈ ਜੋ ਪਿਆਰਿਆਂ ਦੇ ਵਿਣਸ ਜਾਣ ਦੀ ਪੀੜਾਂ ਵਾਲਿਆਂ ਲਈ ਕੰਮ ਆਉਣ ਵਾਲਾ ਹੈ। ਲਓ ਹੁਣ ਅੱਗੋਂ ਪੜ੍ਹਾਂ ਕਿ ਕੱਲ।

ਡਾਕਦਾਰਨੀ - ਇਕ ਰਾਤ ਹੋਰ ਅੱਜ ਸੁਣਾ ਦਿਓ, ਬਾਕੀ ਕੱਲ?

*'ਚਲਦਾ'*

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਵਲੋਂ ਹਸਪਤਾਲ ਵਾਸਤੇ ਮਾਇਆ ਭੇਜੀ ਜਾਂਦੀ ਹੈ ਉਹ ਹੇਠ ਲਿਖੇ ਹਸਪਤਾਲ ਅਕਾਊਂਟ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ -

**Vishav Gurmat Roohani Mission Charitable Trust Ratwara Sahib (Hospital A/C)**

**Postal Address :-**

**V.G.R.M. Charitable Trust, Gurdwara Ishar Parkash, Ratwara Sahib**

**P.O. Mullanpur Garibdass**

**Via : Chandigarh.**

**Distt. Ropar (Pb)-140901**

(ਪੰਨਾ 43 ਦੀ ਬਾਕੀ)

ਸੋ ਇਸ ਤਰ੍ਹਾਂ ਦੇ ਨਾਲ ਬਹੁਤ ਸਾਰੀਆਂ ਐਸੀਆਂ ਚੀਜ਼ਾਂ ਨੇ ਜਿਹੜੀਆਂ ਦਿਸਦੀਆਂ ਤਾਂ ਹੈ ਨਹੀਂ ਪਰ ਉਹ ਹੈ ਜਰੂਰ, ਪਤਾ ਉਨ੍ਹਾਂ ਦਾ ਲਗਦਾ ਹੈ ਸਰੀਰ ਦੇ ਵਿਚ। ਇਸੇ ਤਰ੍ਹਾਂ ਦੇ ਨਾਲ ਵਾਹਿਗੁਰੂ ਜੀ ਦੀ ਜੋਤ ਜੋ ਹੈ ਉਹ ਸਾਰੇ ਪਰੀਪੂਰਨ ਹੈ –

*........ ਸਰਬਤ੍ਰ ਰਮਣੰ........॥ ਪੰਨਾ - 705*

ਹਰ ਥਾਂ ਦੇ ਉਤੇ ਰਮੀ ਹੋਈ ਹੈ, ਹਰ ਬੰਦੇ ਦੇ ਅੰਦਰ, ਹਰ ਬੰਦੇ ਤੋਂ ਬਾਹਰ ਉਸ ਜੋਤੀ ਦਾ ਪ੍ਰਕਾਸ਼ ਹੈ ਲੇਕਿਨ ਇਨ੍ਹਾਂ ਅੱਖਾਂ ਨਾਲ ਨਹੀਂ ਦਿਸਦਾ। ਕਿਉਂਕਿ ਇਹ ਅੱਖਾਂ ਜਿਸ ਚੀਜ਼ ਤੇ ਪ੍ਰਕਾਸ਼ ਪੈ ਜਾਵੇ, ਬੇਗਾਨੇ ਚਾਨਣ ਨਾਲ ਇਹ ਝਾਕਦੀਆਂ ਨੇ, ਆਪਣੇ ਆਪ ਇਨ੍ਹਾਂ ਵਿਚ ਝਾਕਣ (ਦੇਖਣ) ਦੀ ਤਾਕਤ ਨਹੀਂ ਹੈ। ਚੀਜ਼ਾਂ ਸਾਰੀਆਂ ਹੁੰਦੀਆਂ ਨੇ ਪਰ ਜੇ ਹਨ੍ਹੇਰਾ ਹੋ ਜਾਵੇ ਤਾਂ ਇਹ ਨਹੀਂ ਦੇਖ ਸਕਦੀਆਂ। ਇਹ ਅੱਖਾਂ ਚਾਨਣ ਵਿਚ ਦੇਖਣ ਵਾਲੀਆਂ ਨੇ। ਇਹ ਅੱਖਾਂ ਨਾ ਤਾਂ ਗੈਸਾਂ ਨੂੰ ਦੇਖ ਸਕਦੀਆਂ ਨੇ, ਨਾ ਹਵਾ ਦੇ ਵਿਚ ਜਿਹੜੀ pollution (ਅਪਵਿੱਤਰਤਾ) ਹੋਈ ਹੋਈ ਹੈ ਉਸ ਨੂੰ ਦੇਖ ਸਕਦੀਆਂ ਨੇ। ਸਾਡੇ ਲਈ ਫੇਰ ਜੰਤ੍ਰ (ਯੰਤਰ) ਮਿਲਦੇ ਨੇ। ਕਹਿੰਦੇ ਪੰਜਾਬ ਦੇ ਵਿਚ ਜਿਹੜੀ ਹਵਾ ਹੈ ਉਹ ਸਾਹ ਲੈਣ ਦੇ ਕਾਬਲ ਨਹੀਂ ਰਹੀ। ਬਿਮਾਰੀਆਂ ਹੀ ਬਿਮਾਰੀਆਂ ਇਸ ਹਵਾ ਵਿਚੋਂ ਪੈਦਾ ਹੁੰਦੀਆਂ ਹਨ। ਸਾਨੂੰ ਤਾਂ ਪਤਾ ਨਹੀਂ ਲਗਦਾ ਲੇਕਿਨ ਜਿਹੜੇ ਯੰਤਰ ਨੇ ਉਹ ਦੱਸ ਦਿੰਦੇ ਨੇ ਕਿ ਹਵਾ ਵਿਚ ਗੰਦਾਪਣ ਆ ਗਿਆ। ਇਹ ਹਵਾ ਹਾਨੀਕਾਰਕ ਹੈ। ਜੇ ਅੰਦਰ ਗਈ ਤਾਂ ਫੇਫੜਿਆਂ ਦੇ ਵਿਚ ਟੀ.ਬੀ. (ਤਪੇਦਿਕ) ਪੈਦਾ ਕਰ ਦਏਗੀ, ਕੈਂਸਰ ਪੈਦਾ ਕਰ ਦੇਵੇਗੀ ਸਾਨੂੰ ਨਹੀਂ ਪਤਾ ਲਗਦਾ ਪਰ ਯੰਤਰ ਦਸਦੇ ਨੇ।

ਸੋ ਇਸੇ ਤਰ੍ਹਾਂ ਜੇ ਅਸੀਂ ਇਹ ਕਹੀਏ ਕਿ ਵਾਹਿਗੁਰੂ ਨੂੰ ਅਸੀਂ ਅੱਖ ਨਾਲ ਦੇਖ ਲਈਏ ਉਹ ਅੱਖ ਨਾਲ ਦੇਖਣ ਦੀ ਚੀਜ਼ ਨਹੀਂ ਹੈ। ਉਹ ਤਾਂ ਅਨੁਭਵ ਪੈਦਾ ਹੁੰਦਾ ਹੈ ਆਦਮੀ ਦੇ ਅੰਦਰ, ਉਹ ਵੀ ਬਹੁਤ ਬੰਦਗੀ ਕਰਕੇ। ਉਸ ਅਨੁਭਵ ਦੇ ਜ਼ਰੀਏ ਉਹ ਮਹਿਸੂਸ ਹੋਇਆ ਕਰਦਾ ਹੈ। ਜਦੋਂ ਮਹਿਸੂਸ ਹੁੰਦਾ ਹੈ ਫੇਰ ਵਿਸ਼ਵਾਸ 'ਚ ਆਉਂਦਾ ਹੈ ਨਹੀਂ ਆਉਂਦਾ ਨਹੀਂ ਗੁਰੂ ਸਾਹਿਬ ਦੱਸੀ ਜਾਂਦੇ ਨੇ ਕਿ ਤੇਰੇ ਅੰਦਰ ਬਾਹਰ ਸਭ ਵਾਹਿਗੁਰੂ ਹੈ –

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥ ਪੰਨਾ - 293*

ਫੇਰ ਉਹ ਹਵਾ ਵਰਗਾ ਨਹੀਂ ਹੈ ਕਿ ਤੇਰੇ ਨਾਲ ਉਸ ਦਾ ਕੋਈ ਸੰਬੰਧ ਨਹੀਂ। ਉਹ ਤਾਂ ਤੈਨੂੰ ਦੇਖ ਰਿਹਾ ਹੈ ਕਿ ਤੂੰ ਕੀ ਕਰ ਰਿਹਾ ਹੈ? ਤੈਨੂੰ ਦੇਖਦਾ ਹੈ ਤੇ ਤੇਰੀ ਗੱਲ ਸੁਣ ਰਿਹਾ ਹੈ, ਜਿਥੋਂ ਤੂੰ ਬੋਲ ਰਿਹਾ ਹੈਂ, ਉਥੇ ਉਹ ਸ਼ਕਤੀ ਦੇ ਰਿਹਾ ਹੈ, ਜੇ ਉਹ ਸ਼ਕਤੀ ਨਾ ਦੇਵੇ ਤਾਂ ਤੇਰਾ ਬੋਲ ਬੰਦ ਹੋ ਜਾਏਗਾ; ਸ਼ਕਤੀ ਬੰਦ ਕਰ ਦੇਵੇ ਅੱਖਾਂ ਦੇਖਣਤੋਂ ਉਸੇ ਵੇਲੇ ਹਟ ਜਾਣਗੀਆਂ; ਕੰਨਾਂ ਨੂੰ ਸੁਣਨ ਦੀ ਸ਼ਕਤੀ ਨਾ ਦੇਵੇ ਤਾਂ ਕੰਨ ਸੁਣਨ ਤੋਂ ਉਸੇ ਵੇਲੇ ਹਟ ਜਾਣਗੇ, ਲੱਤਾਂ ਨੂੰ ਤੁਰਨ ਦੀ ਸ਼ਕਤੀ ਨਾ ਦੇਵੇ ਤਾਂ ਉਸੇ ਵੇਲੇ ਲੱਤਾਂ ਖੜ੍ਹ ਜਾਣਗੀਆਂ› ਭਾਵੇਂ ਉਹੋ ਜਿਹੀਆਂ ਹੀ ਨੇ ਪਰ ਸ਼ਕਤੀ ਖਿੱਚ ਲਈ ਇਸ ਕਰਕੇ ਖੜ੍ਹ ਗਈਆਂ।

ਸੋ ਉਹ ਵਾਹਿਗੁਰੂ ਜੀ ਇਕ ਤਾਂ ਪਿਆਰ ਕਰਦੇ ਨੇ, ਇਕ ਹਰ ਵਕਤ ਏਸ ਜੀਵ ਨੂੰ ਉੱਚੇ ਥਾਂ ਲਿਜਾਈ ਜਾਂਦੇ ਨੇ ਪਰ ਇਹ ਜੀਵ ਗਲਤ ਪਾਸੇ ਪੈ ਕੇ ਆਪੇ ਹੀ ਹੇਠਾਂ ਨੂੰ ਜਾਂਦਾ ਹੈ। ਇਹੋ ਜਿਹੇ ਕਰਮ ਕਰ ਦਿੰਦਾ ਹੈ। ਫੇਰ ਜਦੋਂ ਉਨ੍ਹਾਂ ਦਾ ਫਲ ਭੋਗਣਾ ਪੈਂਦਾ ਹੈ ਤਾਂ ਫੇਰ ਦੁਖੀ ਹੁੰਦਾ ਹੈ। ਸੋ ਉਸ ਵਾਹਿਗੁਰੂ ਜੀ ਉਤੇ ਵਿਸ਼ਵਾਸ ਨਹੀਂ ਆਉਂਦਾ ਕਿ ਉਹ ਮੇਰੇ ਨਾਲ ਨੇ। ਸੋ ਮਹਾਰਾਜ ਏਸ ਸ਼ਬਦ ਦੇ ਵਿਚ ਇਹ ਦਸਦੇ ਨੇ ਕਿ ਤੁਸੀਂ ਵਿਸ਼ਵਾਸ ਵਿਚ ਆਓ, ਤੁਹਾਡੇ ਪਾਪਾਂ ਦਾ ਖਾਤਮਾ ਹੋ ਜਾਏਗਾ। ਦਿਸਣਾ ਤਾਂ ਨਹੀਂ ਹੈ ਉਸ ਨੇ ਪਰ ਜਦੋਂ ਅੱਖ ਖੁੱਲ੍ਹ ਜਾਣੀ ਹੈ ਫੇਰ ਉਸ ਤੋਂ ਬਗੈਰ ਹੋਰ ਕੋਈ ਨਹੀਂ ਦਿਸਣਾ, ਓਹੀ ਦਿਸੀ ਜਾਣਾ ਹੈ। ਆਹੀ ਸੰਸਾਰ ਪਰਤ ਕੇ ਵਾਹਿਗੁਰੂ ਦਾ ਰੂਪ ਬਣ ਜਾਣਾ ਹੈ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*
*ਪੰਨਾ - 922*

ਸੋ ਇਸ ਸ਼ਬਦ ਦੇ ਰਾਹੀਂ ਮਹਾਰਾਜ ਜੀ ਦਸਦੇ ਨੇ ਕਿ ਉਹ ਸਾਰੇ ਰਮਿਆ ਹੋਇਆ ਹੈ ਉਸ ਦਾ ਧਿਆਨ ਧਰਦੇ ਨੇ। ਉਸ ਦੀ ਹੋਂਦ ਨੂੰ ਆਪਣੇ ਅੰਦਰ ਰੱਖ ਕੇ, ਉਸ ਦੀ ਯਾਦ ਵਿਚ ਰਹਿੰਦੇ ਨੇ। ਜਦੋਂ ਇਹ ਚੀਜ਼ ਅੰਦਰ ਆ ਜਾਵੇ ਉਸ ਨੂੰ ਮਹਾਰਾਜ ਕਹਿੰਦੇ ਨੇ ਕਿ –

*ਅੰਤਰਿ ਹੋਇ ਗਿਆਨ ਪਰਗਾਸੁ॥*
*ਉਸੁ ਅਸਥਾਨ ਕਾ ਨਹੀ ਬਿਨਾਸੁ॥ ਪੰਨਾ - 278*

ਜਦੋਂ ਗਿਆਨ ਦਾ ਪ੍ਰਕਾਸ਼ ਹੋ ਗਿਆ, ਇਕ ਤਾਂ

ਹੁੰਦਾ ਹੈ imaginary (ਮਨਘੜਤ) ਜਾਂ ਬੁੱਧੀ ਦੇ ਬਲ ਦੇ ਨਾਲ, ਗਿਆਨ ਪ੍ਰਕਾਸ਼ ਕਰਨ ਦਾ ਯਤਨ ਕਰਨਾ ਕਿ ਮੈਂ ਆਤਮਾ ਹਾਂ, ਇਹ ਕੋਈ ਹੋਰ ਨਹੀਂ ਪ੍ਰਮੇਸ਼ਰ ਹੀ ਹੈ। ਇਕ ਉਹ ਹੈ ਜਿਥੇ ਸਚਮੁਚ ਹੀ ਅੰਦਰੋਂ ਮਨ ਮੰਨ ਜਾਂਦਾ ਹੈ। ਜਦੋਂ ਮਨ ਮੰਨ ਜਾਂਦਾ ਹੈ ਮਹਾਰਾਜ ਕਹਿੰਦੇ ਫੇਰ ਉਹ ਬਹੁਤ ਉਤਮ ਪੁਰਸ਼ ਬਣ ਜਾਂਦਾ ਹੈ –

*ਮੰਨੇ ਕੀ ਗਤਿ ਕਹੀ ਨ ਜਾਇ॥*
*ਜੇ ਕੋ ਕਹੈ ਪਿਛੈ ਪਛੁਤਾਇ॥*
*ਕਾਗਦਿ ਕਲਮ ਨ ਲਿਖਣਹਾਰੁ॥*
*ਮੰਨੇ ਕਾ ਬਹਿ ਕਰਨਿ ਵੀਚਾਰੁ॥*
*ਐਸਾ ਨਾਮੁ ਨਿਰੰਜਨੁ ਹੋਇ॥*
*ਜੇ ਕੋ ਮੰਨਿ ਜਾਣੈ ਮਨਿ ਕੋਇ॥* *ਪੰਨਾ - 3*

ਏਸ ਭਾਵਨਾ ਨੂੰ ਇਹ ਜਦੋਂ ਨਿਹਚੇ ਪਰਪੱਕ ਹੋ ਜਾਂਦਾ ਹੈ ਇਸ ਨੂੰ ਨਾਮ ਕਹਿੰਦੇ ਨੇ ਕਿ ਨਾਮ ਪ੍ਰਾਪਤ ਹੋ ਗਿਆ ਏਸ ਨੂੰ –

*ਜੇ ਕੋ ਮੰਨਿ ਜਾਣੈ ਮਨਿ ਕੋਇ॥* *ਪੰਨਾ - 3*

ਕੋਈ ਮਨ ਦੇ ਵਿਚ ਮੰਨ ਕੇ ਦੇਖੇ, ਇਸ ਚੀਜ਼ ਨੂੰ, ਫੇਰ ਇਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਹੁੰਦੀ ਹੈ। ਮੰਨ ਨਹੀਂ ਸਕਦਾ ਇਕ ਸਕਿੰਟ ਵਾਸਤੇ ਵੀ, ਨਹੀਂ ਮੰਨ ਸਕਦਾ। ਜੇ ਤੁਸੀਂ ਮੰਨ ਲਓ, ਐਵੇਂ ਹਨ੍ਹੇਰੇ ਵਿਚ ਕਹੀ ਜਾਓਗੇ ਕਿ ਮੰਨ ਲਿਆ ਪਰ ਮਨ ਸਾਰੇ ਕਿਤੇ ਹੈ ਇਹ ਮੂੰਹ ਨਾਲ ਕਹਿੰਦੇ ਹਾਂ ਅਸੀਂ।

*ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥*
*ਪੰਨਾ - 930*

ਰਹਿੰਦਾ ਹਉਮੈ ਦੇ ਮੰਡਲ ਵਿਚ ਹੈ ਕਹਿੰਦਾ ਵਾਹਿਗੁਰੂ ਹੀ ਹੈ ਇਥੇ ਹੋਰ ਕੋਈ ਨਹੀਂ ਹੈ। ਮਹਾਰਾਜ ਕਹਿੰਦੇ ਇਉਂ ਤਾਂ ਨਹੀਂ ਹੈ –

*ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥*
*ਪੰਨਾ - 930*

ਜੇ ਪਛਾਣ ਲਏ ਕਿ ਵਾਹਿਗੁਰੂ ਅੰਦਰ ਬਾਹਰ ਹੈ ਫੇਰ ਜਿਹੜਾ ਵਾਹਿਗੁਰੂ ਦਾ ਘਰ ਹੈ ਉਹ ਉਸੇ ਵੇਲੇ ਪਛਾਣ ਵਿਚ ਆ ਜਾਂਦਾ ਹੈ। ਸੋ ਮਹਾਰਾਜ ਕਹਿੰਦੇ ਉਸ ਦਾ ਵਿਨਾਸ਼ ਨਹੀਂ ਹੁੰਦਾ –

*ਮਨ ਤਨ ਨਾਮਿ ਰਤੇ ਇਕ ਰੰਗਿ॥* *ਪੰਨਾ - 278*

ਮਨ ਤੇ ਤਨ ਏਸ ਅਨੁਭਵ ਦੇ ਵਿਚ ਰੰਗਿਆ ਜਾਂਦਾ ਹੈ, ਪਿਆਰ ਵਿਚ ਆ ਜਾਂਦਾ ਹੈ ਵਾਹਿਗੁਰੂ ਸੁੰਨ ਤਾਂ ਨਹੀਂ ਹੈ। ਉਹ ਤਾਂ ਹਸਤੀ ਹੈ, ਪਿਆਰ ਕਰਦੀ ਹੈ, ਨਾਲ ਰਹਿੰਦੀ ਹੈ –

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥*
*ਪੰਨਾ - 612*

ਕਹਿੰਦੇ ਮੂਰਖ ਦੂਰ ਜਾਣਦਾ ਹੈ ਉਸ ਨੂੰ। ਸੋ ਜਦੋਂ ਇਹ ਅਵਸਥਾ ਪੈਦਾ ਹੋ ਜਾਵੇ –

*ਜਿਉ ਜਲ ਮਹਿ ਜਲੁ ਆਇ ਖਟਾਨਾ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ॥* *ਪੰਨਾ - 278*

ਉਸ ਵੇਲੇ ਜਿਵੇਂ ਜੋਤ ਜੋਤੀ ਵਿਚ ਰਲ ਜਾਂਦੀ ਹੈ, ਪਾਣੀ ਪਾਣੀ ਵਿਚ ਰਲ ਜਾਂਦਾ ਹੈ। ਇਸੇ ਤਰ੍ਹਾਂ ਪ੍ਰਮੇਸ਼ਰ ਵਿਚ ਸਾਡਾ ਜੀਵ ਰਲ ਜਾਂਦਾ ਹੈ। ਉਹ ਪ੍ਰਮੇਸ਼ਰ ਦਾ ਰੂਪ ਹੋ ਜਾਂਦਾ ਹੈ।

*ਮਿਟਿ ਗਏ ਗਵਨ ਪਾਏ ਬਿਸ੍ਰਾਮ॥* *ਪੰਨਾ - 278*

ਫੇਰ ਉਸ ਦਾ ਸੰਸਾਰ ਤੋਂ ਆਉਣਾ ਜਾਣਾ ਬੰਦ ਹੋ ਜਾਂਦਾ ਹੈ, ਫੇਰ ਟਿਕ ਜਾਂਦਾ ਹੈ।

*ਨਾਨਕ ਪ੍ਰਭ ਕੈ ਸਦ ਕੁਰਬਾਨ॥* *ਪੰਨਾ - 278*

ਐਸਾ ਪ੍ਰਭ ਹੈ ਜਿਸ ਤੋਂ ਸਦਾ ਹੀ ਕੁਰਬਾਨ ਜਾਂਦੇ ਹਾਂ। ਜਿਸ ਨੇ ਕਿਰਪਾ ਕਰਕੇ ਸਾਨੂੰ ਮੇਲ ਲਿਆ। ਸੋ ਇਸ ਤਰ੍ਹਾਂ ਪਹਿਲਾਂ ਸਤਿਸੰਗ ਵੱਲ ਰੁਚੀ ਜਾਗਦੀ ਹੈ, ਸਤਿਸੰਗ ਵਿਚ ਆਉਂਦਾ ਹੈ। ਇਸੇ ਤਰ੍ਹਾਂ ਜਦੋਂ ਪੁੰਨ ਕਰਮ ਘਟ ਜਾਣ ਤਾਂ ਸਤਿਸੰਗ ਤੋਂ ਬੇਰੁਚੀ ਹੋ ਜਾਂਦੀ ਹੈ, ਜੀਅ ਹੀ ਨਹੀਂ ਕਰਦਾ। ਕੋਈ ਕਹੇਗਾ ਕਿ ਚੱਲ ਭਾਈ! ਕਹੀ ਜਾਏਗਾ ਹਾਂ ਚਲਦਾ ਹਾਂ ਲੇਕਿਨ ਜਾਣਾ ਨਹੀਂ ਉਸ ਨੇ ਕਿਉਂਕਿ ਉਸ ਦੇ ਪਾਪਾਂ ਦਾ ਬਲ ਵਧ ਚੁਕਿਆ ਹੈ, ਹਨ੍ਹੇਰਾ ਉਸ ਦੇ ਮਨ ਵਿਚ ਛਾ ਚੁਕਿਆ ਹੈ ਤੇ ਉਸ ਦੀ ਨਿਸ਼ਾਨੀ ਹੁੰਦੀ ਹੈ। ਪਹਿਲਾਂ ਤਾਂ ਮਹਾਂਪੁਰਸ਼ਾਂ ਤੋਂ ਪਿੱਠ ਫੇਰ ਲਏਗਾ, ਫੇਰ ਸਤਿਸੰਗ 'ਚ ਆਉਣ ਤੋਂ ਹਟ ਜਾਏਗਾ ਫੇਰ ਉਸ ਦੇ ਅੰਦਰ ਲੋਚਾ ਜਾਗਦੀ ਨਹੀਂ, ਮਰ ਜਾਏਗੀ ਅੰਦਰੋਂ ਜਿਹੜੀ ਭਾਵਨਾ ਹੈ।

ਸੋ ਏਸ ਕਰਕੇ ਗੁਰੂ ਮਹਾਰਾਜ ਸਾਨੂੰ ਦਸਦੇ ਨੇ ਕਿ ਪਿਆਰਿਓ! ਵਾਹਿਗੁਰੂ ਸਾਰੇ ਰਮਿਆ ਹੋਇਆ ਹੈ। ਉਹ ਪਹਿਲਾਂ ਵੀ ਪੂਰਨ ਸੀ, ਹੁਣ ਵੀ ਪੂਰਨ ਹੈ, ਜਦੋਂ ਇਹ ਸੰਸਾਰ ਨਹੀਂ ਰਹਿਣਾ ਉਦੋਂ ਹੀ ਸੰਪੂਰਨ ਹੋਵੇਗਾ। ਸਭ ਥਾਂ ਰਮਿਆ ਹੋਇਆ ਹੈ ਤੇ ਜਦੋਂ ਸਾਡਾ ਧਿਆਨ ਓਧਰ ਜਾਂਦਾ ਹੈ ਤਾਂ ਸਾਡੇ ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

**ਵਾਹਿਗੁਰੂ ਜੀ ਕਾ ਖਾਲਸਾ॥**

**ਵਾਹਿਗੁਰੂ ਜੀ ਕੀ ਫਤਹਿ॥**

# ਕਬੀਰ ਸਤਿਗੁਰ ਸੂਰਮੇ

***ਪ੍ਰਭਜੋਤ ਕੌਰ***

ਵਕਤ ਦੀ ਰਫ਼ਤਾਰ ਬੜੀ ਤੇਜ਼ੀ ਨਾਲ, ਗੁਜ਼ਰਦੀ ਜਾ ਰਹੀ ਹੈ। ਹਰ ਰੋਜ਼ ਦਾ ਚੜ੍ਹਨ ਵਾਲਾ ਸੂਰਜ ਮਾਨੋਂ ਸਾਨੂੰ ਸਾਰਿਆਂ ਨੂੰ ਹਰ ਛਿਨ ਘਟਦੀ ਜਾ ਰਹੀ ਆਰਜਾ ਦਾ ਸੰਕੇਤ ਦਿੰਦਾ ਹੈ ਤੇ ਐਨ ਠੀਕ ਉਸੇ ਰਫਤਾਰ ਨਾਲ ਸ੍ਵਾਸਾਂ ਦੀ ਲੜੀ ਚਲਦੀ ਜਾ ਰਹੀ ਹੈ। ਕੋਈ ਪਤਾ ਹੀ ਨਹੀਂ ਕਦੋਂ ਟੁੱਟ ਜਾਵੇ। ਇਸੇ ਧੋਖੇ 'ਚ ਹੀ ਪਿਆ ਆਦਮੀ ਸਾਰੀ ਉਮਰ ਗੁਜ਼ਾਰ ਛੱਡਦਾ ਹੈ। ਹੋਰਾਂ ਨੂੰ ਮਰਦੇ ਦੇਖਦਾ ਹੈ। ਮੰਨਦਾ ਨਹੀਂ ਜ਼ੋਰ ਲਾ ਲਓ, ਜਿੰਨਾਂ ਮਰਜ਼ੀ। ਬਥੇਰਾ ਸਮਝਾਉਂਦੀ ਹੈ ਬਾਣੀ, ਮਨਾਂ ਚਲੇ ਜਾਣਾ ਸੰਸਾਰ ਤੋਂ। ਪਰ ਅੰਦਰ ਜਿਹੜਾ ਮਨ ਹੈ ਉਹ ਆਪਣੇ ਸੁਭਾਅ ਮੁਤਾਬਿਕ ਐਨਾ ਸ਼ਰਾਰਤੀ ਹੈ, ਚੰਚਲ ਹੈ। ਘੜੀ ਦੀ ਘੜੀ ਤਾਂ ਖਬਰੇ ਦ੍ਰਵ ਜਾਵੇ, ਪਰ ਮੁੜ ਆਪਣੇ ਸੁਭਾਅ ਅਨੁਕੂਲ ਚਲ ਪੈਂਦਾ ਹੈ। ਇਸ ਤਰ੍ਹਾਂ ਦੀਆਂ ਖੇਡਾਂ ਖੇਡਦਿਆਂ ਹੀ ਅਉਧ ਪੂਰੀ ਹੋ ਜਾਂਦੀ ਹੈ। ਪਰ ਜੇ ਕਿਤੇ ਸਤਿਪੁਰਸ਼ਾਂ ਦੇ ਬਚਨ ਇਸ ਤੇ ਘਾਉ ਕਰ ਜਾਣ, ਫਿਰ ਇਹ ਮਨ ਜ਼ਖਮੀ ਹੋ ਜਾਂਦਾ ਹੈ। ਇਸਨੂੰ ਹੀ ਸ਼ਾਇਦ ਬੈਰਾਗ ਕਿਹਾ ਹੈ।

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ।।***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ।।***
***ਅੰਗ - 1374***

ਰਣਭੂਮੀ ਅੰਦਰ ਸੂਰਮੇ ਆਹਮੋ-ਸਾਮ੍ਹਣੇ ਹੁੰਦੇ ਨੇ, ਮਾੜਾ ਸੂਰਮਾ ਬਾਰ-ਬਾਰ ਵਾਰ ਕਰਦਾ ਹੈ। ਉਹਦੇ ਵਾਰ, ਮਾੜਾ-ਮੋਟਾ ਅਸਰ ਕਰਦੇ ਹਨ। ਜਾਂ ਫਿਰ ਖਾਲੀ ਚਲੇ ਜਾਂਦੇ ਹਨ। ਪਰ ਜਦੋਂ ਕੋਈ ਅੱਛਾ ਸੂਰਬੀਰ, ਵਾਰ ਕਰਦਾ ਹੈ ਤਾਂ ਪਹਿਲੀ ਵਾਰੀ 'ਚ ਹੀ ਦੁਸ਼ਮਨ ਨੂੰ ਢੇਰ ਕਰ ਦਿੰਦਾ ਹੈ। ਇਹੋ ਜਿਹੇ ਹੀ ਸੂਰਮੇ, ਸੂਰਬੀਰ ਸਤਿਗੁਰੂ ਜੀ ਦੇ ਬਾਰੇ ਬਾਬਾ ਭਗਤ ਕਬੀਰ ਜੀ ਨੇ ਸੁੰਦਰ ਸਲੋਕ ਅੰਦਰ ਲਿਖਿਆ ਹੈ ਕਿ ਜਦੋਂ ਸਤਿਗੁਰੂ ਦੀ ਕ੍ਰਿਪਾ ਦਾ ਬਾਣ ਚਲਦਾ ਹੈ, ਸਭ ਤੰਦਾਂ ਕੱਟਦਾ ਜਾਂਦਾ ਹੈ ਅਰ ਹਿਰਦੇ ਵਿਚ ਜਾ ਲਗਦਾ ਹੈ। ਅੱਗੇ ਕਹਿੰਦੇ ਹਨ –

***ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥***
***ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ॥***
***ਅੰਗ - 1374***

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਵੀ ਤਦੇ ਸ੍ਰੀ ਆਸਾ ਜੀ ਦੀ ਵਾਰ ਅੰਦਰ ਫੁਰਮਾਉਂਦੇ ਹਨ –

***ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ॥***
***ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ॥***
***ਅੰਗ - 449***

ਦੁਨਿਆਵੀ ਤੌਰ ਤੇ ਵੀ ਦੇਖਿਆ ਜਾਏ, ਜਦੋਂ ਤਕ ਕੋਈ ਬੰਦਾ ਤੰਦਰੁਸਤ ਹੈ, ਉਹ ਕਿਸੇ ਦੀ ਅਧੀਨਗੀ ਪਸੰਦ ਨਹੀਂ ਕਰਦਾ ਪਰ ਜਦੋਂ ਸਰੀਰ ਹੀ ਸਾਥ ਦੇਣ ਤੋਂ ਹਟ ਜਾਏ, ਫਿਰ ਆਦਮੀ ਆਪਣੇ ਆਪ ਹੀ ਹਾਲਾਤ ਨਾਲ ਸਮਝੌਤਾ ਕਰ ਲੈਂਦਾ ਹੈ। ਇਸੇ ਤਰ੍ਹਾਂ ਮਨ ਹੈ ਜਦ ਤੱਕ ਨਦਰ ਨਹੀਂ ਹੁੰਦੀ ਇਹ ਹਿਕਮਤਾਂ ਹੁੱਜਤਾਂ, ਸੰਕਲਪ-ਵਿਕਲਪ, ਹਰਖਾਂ-ਸੋਗਾਂ 'ਚ ਪ੍ਰਵਿਰਤ ਰਹਿੰਦਾ ਹੈ। ਪਰ ਜਿੱਦਣ ਬਾਣ ਲਗ ਗਿਆ, ਜਿੱਦਣ ਕਿਸੇ ਸੂਰੇ ਵਰਿਆਮ ਦੀ ਕਮਾਨ ਤੋਂ ਸ਼ਬਦ ਰੂਪੀ ਬਾਣ ਨਿਕਲ ਕੇ ਮਨ ਤੇ ਘਾਉ ਲਗ ਗਿਆ ਫਿਰ ਇਹੋ ਜਿਹੀ ਪੁਕਾਰ ਨਿਕਲਦੀ ਹੈ। ਗੁਰੂ ਰਾਮਦਾਸ ਮਹਾਰਾਜ ਜੀ ਹੀ ਸਮਰੱਥ ਹਨ ਇਹੋ ਜਿਹੀ ਚੀਸ ਤੇ ਬੇਨਤੀ ਭਰੀ ਪੁਕਾਰ ਨੂੰ ਕਲਮਬੰਧ ਕਰਨ 'ਚ। ਗੋਂਡ ਰਾਗ 'ਚ ਸ਼ਬਦ ਉਚਾਰਿਆ –

***ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ***
***ਜਿਉ ਤ੍ਰਿਖਾਵੰਤੁ ਬਿਨੁ ਨੀਰ॥***
***ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥***
***ਹਮਰੀ ਬੇਦਨ ਹਰਿ ਪ੍ਰਭੁ ਜਾਨੈ***
***ਮੇਰੇ ਮਨ ਅੰਤਰ ਕੀ ਪੀਰ॥*** ***ਅੰਗ - 861***

ਕਹਿੰਦੇ ਹੇ ਅਕਾਲ ਪੁਰਖ! ਕਿਹੋ ਜਿਹਾ ਪ੍ਰੇਮ ਦਾ ਬਾਣ ਮਾਰਿਆ ਹੈ, ਮੇਰਾ ਤਾਂ ਵੇਦਨ ਵੀ ਤੇਰੇ ਬਾਝੋਂ ਕੋਈ ਦੂਸਰਾ ਜਾਣ ਨਹੀਂ ਸਕਦਾ। ਮੈਂ ਕਿਹਨੂੰ ਕਹਾਂ, ਤੇਰੇ ਬਾਝੋਂ ਸਮਰੱਥ ਕੋਈ ਹੋਰ ਹੈ ਹੀ ਨਹੀਂ। 'ਜੋ ਮੈਂ ਵੇਦਨ, ਸਾ ਕਿਸ ਆਖਾਂ ਸਾਈ।' ਮੈਂ ਕਿਹਨੂੰ ਸੁਣਾਵਾਂ।

ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਮੰਝ ਨੂੰ ਕਸਵੱਟੀ ਲਾਈ। ਕੀ ਕਿਹਾ ਸੀ ਭਾਈ ਮੰਝ ਨੇ ਅਗੋਂ –

***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥***
***ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥***
***ਅੰਗ - 792***

ਕਹਿੰਦੇ ਪਾਤਸ਼ਾਹ ਕਿਸੇ ਦਾ ਕੋਈ ਹੈ, ਕਿਸੇ ਦਾ ਕੋਈ ਹੈ, ਪਰ ਮੇਰਾ ਤਾਂ ਇਕੋ ਤੂੰ ਹੀ ਹੈਂ ਨਾ। ਪੜ੍ਹਦੇ ਹੁੰਦੇ ਸੀ ਪਿਤਾ ਜੀ ਧਾਰਨਾ, ਆਉ ਆਪਾਂ ਵੀ ਚੇਤੇ ਕਰ ਲਈਏ।

***ਧਾਰਨਾ - ਕੋਈ ਕਿਸੇ ਦਾ ਕਿਸੇ ਦਾ ਸਾਹਿਬਾ ਕੋਈ ਹੈ,***
***ਮੇਰਾ ਇਕ ਤੂੰਹੀ ਮਾਲਕਾ।***

ਬੜੀ ਅਜੀਬ ਗੱਲ ਹੈ। ਦੁਨੀਆਂ 'ਚ ਜਿੰਨੇ ਵੀ ਦੁਸ਼ਮਣ ਹਨ, ਉਨ੍ਹਾਂ ਦੀ ਗੋਲੀ, ਉਨ੍ਹਾਂ ਵਲੋਂ ਦਿੱਤੇ ਜ਼ਖਮਾਂ ਦਾ ਇਲਾਜ, ਉਨ੍ਹਾਂ ਕੋਲ ਨਹੀਂ ਹੁੰਦਾ। ਸਗੋਂ ਡਾਕਟਰ ਕੋਲ ਹੈ ਪਰ ਤੱਕੋ ਨਾ ਜਿਹੜੀ ਸੱਟ, ਜਿਹੜਾ ਬਾਣ ਗੁਰੂ ਮਾਰਦਾ ਹੈ ਨਾ, ਉਹਦਾ ਇਲਾਜ ਵੀ ਸਿਰਫ ਗੁਰੂ ਕੋਲ ਹੈ। 'ਸਤਿਗੁਰ ਪੂਰਾ ਵੈਦ ਹੈ।' ਭਾਈ ਗੁਰਦਾਸ ਜੀ ਕਹਿੰਦੇ ਨੇ ਸਤਿਗੁਰੂ ਹੀ ਪੂਰੇ ਵੈਦ ਨੇ ਤੇ ਤੇਰੀਆਂ ਅੰਦਰਲੀਆਂ ਬਿਮਾਰੀਆਂ – ਕਾਮ, ਕ੍ਰੋਧ, ਲੋਭ ਮੋਹ, ਅਹੰਕਾਰ, ਈਰਖਾ, ਨਿੰਦਿਆ ਪਰਾਈ ਚੁਗਲੀ ਆਦਿ ਦਾ ਇਲਾਜ ਸਿਰਫ ਸਤਿਗੁਰੂ ਦੇ ਹੱਥ ਵਿਚ ਹੈ। ਜੇ ਸਤਿਗੁਰੂ ਤੈਨੂੰ ਪ੍ਰੇਮ ਦਾ ਬਾਣ ਮਾਰਦਾ ਹੈ ਤਾਂ ਓ ਸਿੱਖਾ, ਤੱਕ ਨਾ ਸਤਿਗੁਰੂ ਤਾਂ ਤੇਰੇ ਭਲੇ ਲਈ ਮਾਰ ਰਿਹਾ ਹੈ। ਉਹ ਬਾਣ ਮਾਰਦਾ ਹੈ, ਉਹਦੇ ਬਾਣ ਦੀ ਚੀਸ ਸਹਿ ਲੈ ਤਾਂ ਕਿ ਤੈਨੂੰ ਜਮਾਂ ਦੀ ਮਾਰ ਨਾ ਸਹਿਣੀ ਪਏ। ਤੇਰਾ ਮਨ ਮਰ ਜਾਏ ਤਾ ਕਿ ਤੈਨੂੰ ਬਾਰ-ਬਾਰ ਜੰਮਣਾ-ਮਰਨਾ ਨਾ ਪਏ। ਬੋਲੀ ਤਾਂ ਲੋਕ ਵੀ ਮਾਰਦੇ ਨੇ ਤੇ ਤੇਰਾ ਤਨ ਮਨ ਬਲ ਜਾਂਦੈ। ਤੱਕ ਨਾ ਅੱਜ

ਸਤਿਗੁਰੂ ਨੇ ਬੋਲੀ ਮਾਰੀ ਹੈ, ਤੇਰਾ ਤਨ ਤੇ ਮਨ ਹਰਿਆ ਕਰਨ ਲਈ। ਸਤਿਗੁਰੂ ਜਦ ਬਾਣ ਮਾਰਦਾ ਹੈ ਨਾ, ਉਹਦਾ ਨਿਸ਼ਾਨਾ ਹੁੰਦਾ ਹੈ ਕਿ ਮੇਰਾ ਸਿੱਖ ਮੇਰਾ ਰੂਪ ਬਣ ਜਾਏ। ਖਿਆਲ ਕਰਨਾ, ਬੰਦਾ ਸਾਰੀ ਉਮਰ ਯਤਨ ਕਰੀ ਜਾਏ, ਯਤਨ ਕਰੀ ਜਾਏ ਤੇ ਉਹ ਬੰਦਾ ਹੀ ਨਹੀਂ ਬਣ ਸਕਦਾ। ਅੰਦਰ ਜਿਹੜੀਆਂ ਪਸ਼ੂ ਬਿਰਤੀਆਂ ਨੇ ਨਾ ਉਹ ਉਠ ਖੜ੍ਹਦੀਆਂ ਨੇ ਤੇ ਇਨਸਾਨ ਨੂੰ ਇਨਸਾਨ ਹੀ ਨਹੀਂ ਬਣਨ ਦਿੰਦੀਆਂ। ਪਰ ਤੱਕੋ ਨਾ ਜਦੋਂ ਗੁਰੂ ਬਾਣ ਮਾਰਦਾ ਹੈ ਬਾਣ ਫਿਰ ਬੰਦੇ ਵਿਚਲਾ ਬੰਦਾ ਖਤਮ ਕਰ ਦਿੰਦੇ ਨੇ ਤੇ ਉਹਨੂੰ ਰੱਬ ਬਣਾ ਛਡਦੇ ਨੇ। ਕੀ ਕਹਿੰਦੇ ਹਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸ ਦੋਹਰੇ ਅੰਦਰ -

***ਹਰਿ ਹਰਿ ਜਨ ਦੁਈ ਏਕ ਹੈ***
***ਬਿਬ ਬਿਚਾਰ ਕਛੁ ਨਾਹਿ॥***
***ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥***
***ਚੌਪਈ ਪਾਤਸ਼ਾਹੀ ੧੦***

ਹਰਿ ਤੋਂ ਬਾਅਦ ਵਿਸ਼ਰਾਮ ਦੇ ਕੇ ਅੱਗੇ ਆਉਂਦਾ ਹੈ ਹਰਿ ਜਨ। ਮਹਾਰਾਜ ਜੀ ਫੁਰਮਾਉਂਦੇ ਹਨ ਕਿ ਪਿਆਰਿਓ! ਜਦੋਂ ਕ੍ਰਿਪਾ ਹੋਈ ਹੁਣ ਤੇ ਪਤਾ ਨਹੀਂ ਲਗਦਾ ਬਈ ਹਰ ਕਿਹੜਾ ਤੇ ਹਰਿ ਜਨ ਕਿਹੜਾ। ਵਿਚਾਰ ਆਪਣਾ ਵਿਸ਼ਾ ਚਲ ਰਿਹਾ ਸੀ, ਕਬੀਰ ਸਤਿਗੁਰ ਸੂਰਮੇ ਅਧੀਨ ਹੈ, ਕੋਈ ਅੱਜ ਇਹੋ ਜਿਹਾ ਸੂਰਮਾ? ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦੱਸੇ ਜੋਤਾਂ ਤੇ ਉਨ੍ਹਾਂ ਦੀ ਜਾਹਰ ਮੂਰਤ। ਸਾਰੀ ਗੁਰਬਾਣੀ ਤੇ ਉਸੇ ਗੁਰਬਾਣੀ ਤੋਂ ਉਪਜੇ ਅਨੇਕਾਂ ਬੀਤਰਾਗ ਅਵਸਥਾ ਦੇ ਮਹਾਂਪੁਰਸ਼। ਕੋਈ ਅੰਤ ਹੈ ਹੀ ਨਹੀਂ। ਮੈਂ ਦੂਰ ਨਹੀਂ ਜਾਂਦੀ। ਆਪਣੇ ਪਿਤਾ ਜੀ (ਬਾਬਾ ਜੀ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ) ਦੇਖ ਲਓ। ਬਾਰ-ਬਾਰ ਬਚਨ ਨਹੀਂ ਸੀ ਕਰਦੇ, ਬਚਨ ਇਕੋ ਵਾਰ ਹੀ ਕਰਦੇ ਸੀ। ਬੀਜੀ ਦਾ ਵੀ ਮੈਂ ਐਸਾ ਹੀ ਦੇਖਿਆ, ਬਚਨ ਕਾਹਦੇ, ਅਮੋਘ ਬਾਣ ਨੇ। ਮੇਰੇ ਨਾਲ ਤਾਂ ਸੈਂਕੜੇ ਹੀ ਘਟਨਾਵਾਂ ਬੀਤੀਆਂ। ਉਹ ਸਾਰਾ ਕੁਝ ਦੱਸਣਾ ਬਹੁਤ ਔਖਾ ਹੈ। ਇਕੱਲੇ ਮੇਰੇ ਨਾਲ ਹੀ ਨਹੀਂ ਤਕਰੀਬਨ ਸਾਰੇ ਜਗਿਆਸੂਆਂ ਨਾਲ ਹੀ ਕਿੰਨੀਆਂ ਘਟਨਾਵਾਂ ਹੋਈਆਂ। ਉਹ ਸਾਰੀਆਂ ਹੱਡ ਬੀਤੀਆਂ ਬਾਰੇ ਕੁਝ ਲਿਖਣਾ ਨਾ ਮੁਮਕਿਨ ਹੀ ਹੈ।

ਸਤਿਪੁਰਸ਼ਾਂ ਦਾ ਸੁਭਾਅ ਤਾਂ ਹੈ ਹੀ ਕ੍ਰਿਪਾ ਕਰਨੀ, ਪਰ ਇਹ ਕ੍ਰਿਪਾ ਤਾਂ ਹੁੰਦੀ ਹੈ ਜੇ ਅੱਗੇ ਕੋਈ ਇਸ ਦਾ ਪਾਤਰ ਹੋਏ। ਸਾਡੇ ਸਾਮ੍ਹਣੇ ਦੀਆਂ ਗੱਲਾਂ ਨੇ। ਕਈਆਂ ਨੂੰ ਕੋਲ ਬੁਲਾ ਕੇ, ਮੱਥੇ ਤੇ ਆਪ ਜੀ ਆਪਣੀ ਮੁਬਾਰਕ ਉਂਗਲੀ ਨਾਲ ਕਾਟੇ ਮਾਰ ਦਿੰਦੇ ਸੀ। ਕਰਮ ਕੱਟੀ ਜਾਂਦੇ ਸੀ। ਪਰ ਮੈਂ ਸੱਚੋ ਸੱਚ ਕਹਾਂ ਕਿ ਪੂਰਨ ਪੁਰਖਾਂ ਦੀ ਸੰਸਾਰ ਨੂੰ ਸਮਝ ਹੀ ਨਹੀਂ ਪੈਂਦੀ ਕਿਉਂਕਿ ਉਨ੍ਹਾਂ ਦੀ ਕਿਰਿਆ ਹੀ ਐਸੀ ਹੁੰਦੀ ਹੈ ਕਿ ਆਮ ਆਦਮੀ ਨੂੰ ਭੇਤ ਹੀ ਨਹੀਂ ਲਗਣ ਦਿੰਦੇ ਤੇ ਜਦੋਂ ਮਾੜੀ ਜਿਹੀ ਸੋਝੀ ਆਉਂਦੀ ਹੈ, ਭਿਣਕ ਪੈਂਦੀ ਹੈ ਉਦੋਂ ਸਰੀਰ ਤਿਆਗ ਦਿੰਦੇ ਨੇ। ਦੂਸਰੇ ਪਾਸੇ ਇਹ ਵੀ ਹੈ ਬਈ ਉਹ ਚਾਹੇ ਲੱਖ ਛੁਪਾਈ ਜਾਣ ਪਰ ਲੁੱਕ ਨਹੀਂ ਸਕਦੇ ਕਿਉਂਕਿ ਉਨ੍ਹਾਂ ਦੀ ਕਿਰਿਆ ਤੋਂ ਰੂਹਾਨੀਅਤ ਦੀਆਂ ਫੁਹਾਰਾਂ ਸੁਤੇ ਸਿੱਧ ਕਰਮ ਗਤੀਆਂ ਨੂੰ ਪ੍ਰੇਰਦੀਆਂ ਹਨ।

ਖੈਰ, ਸ੍ਰੀ ਕਲਗੀਧਰ ਚਮਤਕਾਰ ਅੰਦਰ, ਇਕ ਰਾਜੇ ਦਾ ਜ਼ਿਕਰ ਆਉਂਦਾ ਹੈ, ਜਿਸਦਾ ਨਾਉਂ ਸੀ ਰਾਉ ਉਦੈ ਸੈਨ। ਬਿਸਾਲੀ ਰਿਆਸਤ ਦੇ ਨਾਲ ਲਗਦੀ ਰਿਸਤ ਬਿਠੌਰ ਦੀ ਸੀ। ਪੁਰਖੇ ਹੀ ਇਸ ਰਾਓ ਦੇ ਗੁਰੂ ਘਰ ਦੇ ਪ੍ਰੇਮੀ ਸਨ। ਬੜੀ ਅਨੂਠੀ ਬਿਰਤੀ ਦਾ ਮਾਲਕ ਇਹ ਰਾਉ ਚੁੱਪ ਚੁਪੀਤੇ ਅਨੰਦਪੁਰ ਸਾਹਿਬ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰ ਆਇਆ। ਕਿਸੇ ਨੂੰ ਥਹੁ ਨਾ ਲੱਗਾ ਭੇਸ ਵਟਾ ਕੇ ਗਿਆ। ਮਗਰ ਸਾਹਿਬਾਂ ਦਾ ਸਰੂਪ ਇਸ ਦੇ ਧੁਰ ਅੰਦਰ ਤਕ ਲੱਥ ਗਿਆ। ਖਬਰੇ ਕਿਸ ਵਣਜ-ਵਪਾਰ ਦੀ ਚਾਹਤ ਨਾਲ ਗਿਆ ਸੀ, ਅਰ ਉਥੇ ਜਾ ਕੇ ਸੌਦੇ ਹੋਰ ਹੀ ਕਰ ਆਇਆ। ਉਹ ਮੂਰਤ ਦਿਲ 'ਚ ਵਸਾ ਕੇ, ਉਸੇ ਧਿਆਨ ਨੂੰ ਪਰਪੱਕ ਕਰਦਾ ਆਪਣੀ ਜ਼ਿੰਦਗੀ ਦਾ ਪੈਂਡਾ ਤਹਿ ਕਰਦਾ ਚਲਿਆ ਗਿਆ। ਸਮਾਂ ਪਿਆ, ਨੌਜਵਾਨ ਹੋਇਆ, ਸ਼ਾਦੀ ਹੋ ਗਈ। ਇਸ ਦੀ ਜੋ ਰਾਣੀ ਸੀ ਉਹ ਭੀ ਬਹੁਤ ਪ੍ਰੇਮਣ ਸੀ ਗੁਰੂ ਘਰ ਦੀ। ਅਗਰ ਉਸ ਨੂੰ ਇਸ ਦੀ ਅੰਦਰਲੀ ਬਿਰਤੀ ਦੀ ਕੋਈ ਭਿਣਕ ਵੀ ਨਾ ਸੀ। ਰਾਣੀ ਰੋਜ਼ ਅੰਮ੍ਰਿਤ ਵੇਲੇ ਉਠੇ, ਆਪਣਾ ਨਿਤਨੇਮ ਕਰੇ, ਅਰਦਾਸ 'ਚ ਮੁਰਾਦਾਂ ਮੰਗਿਆ ਕਰੇ ਕਿ ਹੇ ਸੱਚੇ ਪਾਤਸ਼ਾਹ! ਮੇਰੇ ਤੇ ਵੀ ਕ੍ਰਿਪਾ ਕਰ ਤੇ ਮੇਰੇ ਪਤੀ ਤੇ ਵੀ ਕ੍ਰਿਪਾ ਕਰ। ਦੋਹਾਂ ਨੂੰ ਆਪਣਾ ਨਾਮ ਦੇਹ। ਉਧਰ ਰਾਉ, ਟਿੱਕੇ ਕੋਈ ਰਾਜਾ ਹੋ ਗਿਆ। ਇਹ ਵੀ ਮਹਾਰਾਣੀ ਬਣ ਗਈ। ਦੇਖਦੀ ਰਹਿੰਦੀ ਹੈ ਕਿ ਨੇਕ ਦਿਲ ਰਾਜਾ ਹੈ ਸਤਿਗੁਰਾਂ ਦੀ ਖਿਲਾਫਤ ਵੀ ਨਹੀਂ ਕਰਦਾ, ਹਰ ਇਕ ਧਰਮ ਦਾ ਅਦਬ ਕਰਦਾ ਹੈ। ਲੋੜਵੰਦਾਂ ਦਾ ਧਿਆਨ ਰਖਦਾ ਹੈ, ਹੋਰ ਸ਼ਾਦੀ ਵੀ ਨਹੀਂ ਕਰਵਾਈ ਇਤਿਆਦਿ। ਯਾਨਿ ਸਰਬ ਗੁਣ ਸੰਪੰਨ ਹੈ। ਹਾਂ ਪਰ ਬੋਲਦਾ ਬਹੁਤ ਘੱਟ ਹੈ। ਜੇ ਕਦੇ ਰਾਣੀ ਗੁਰੂ ਘਰ ਦੀ ਗੱਲ ਕਰਦੀ ਹੈ। ਚੁੱਪ ਕਰ ਰਹਿੰਦਾ ਹੈ। ਰਾਣੀ ਤੇ ਰਾਜ ਦਰਬਾਰੀ ਸਭ ਰਾਜੇ ਦੀ ਸ਼ਾਂਤ ਤੇ ਚੁੱਪੀ ਤੋਂ ਭਲੀ ਪ੍ਰਕਾਰ ਵਾਕਫ ਹਨ।

ਰਾਜਾ ਮਨ ਲਾ ਕੇ ਆਪਣੀ ਡਿਊਟੀ ਨਿਭਾ ਰਿਹਾ ਹੈ। ਰਾਤ ਨੂੰ ਸੌਣਾ ਤੇ ਸਵੇਰੇ ਅੰਮ੍ਰਿਤ ਵੇਲੇ ਉਠਣਾ, ਭਜਨ ਕਰਨਾ। ਪਰ ਇਸ ਗੁਪਤ ਰਹੱਸ ਦੀ ਕਨਸੋਅ ਰਾਣੀ ਤੱਕ ਨਹੀਂ ਸੀ ਪਹੁੰਚ ਸਕੀ। ਪਰ 'ਹਰਿ ਕਾ ਭਗਤ' ਤਾਂ ਛੁਪਦਾ ਨਹੀਂ। ਆਖਰ ਇਕ ਰਾਤ ਰਾਣੀ ਜਾਗਦੀ ਰਹੀ, ਰਾਜਾ ਉਠਿਆ। ਅੱਜ ਰਾਣੀ ਨੂੰ ਸ਼ੱਕ ਹੋਇਆ ਕਿ ਰਾਜਾ ਅੱਧੀ ਰਾਤ ਕਿਥੇ ਜਾਂਦਾ ਹੈ ਪਰ ਉਹ ਚੁੱਪ-ਚੁਪੀਤੇ ਆਪਣੇ ਗੁਪਤ ਸਥਾਨ ਤੇ ਜਾ ਕੇ ਆਪਣਾ ਨਿਤਨੇਮ ਨਿਭਾ ਕੇ ਵਾਪਸ ਸੌਂ ਗਿਆ ਹੁਣ ਰਾਣੀ ਜੋ ਅੰਦਰੋਂ ਜਾਗ ਰਹੀ ਸੀ ਉਠੀ। ਪਰ ਅੱਜ ਰਾਣੀ ਨੂੰ ਸ਼ੱਕ ਨੇ ਘੇਰ ਲਿਆ। ਉਧਰ ਉਸ ਦਿਨ ਕੁਦਰਤੀ ਰਾਉ ਗੁਪਤ ਕਮਰੇ ਦੀਆਂ ਚਾਬੀਆਂ ਸਣੇ ਕਮਰੇ 'ਚ ਹੀ ਭੁੱਲ ਗਿਆ ਤੇ ਖੁਦ ਰਾਜ ਦਰਬਾਰ ਦੇ ਕੰਮਾਂ ਲਈ ਚਲਾ ਗਿਆ। ਪਿਛੋਂ ਰਾਣੀ ਗੁਪਤ ਕਮਰੇ 'ਚ ਦਾਖਲ ਹੋਈ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿੱਕਾ ਸਰੂਪ ਦੇਖ ਕੇ ਉਹ ਆਪਣੇ ਭਗਤ ਪਤੀ ਜੀ ਦੀ ਚੋਰੀ ਦਾ ਰਹੱਸ ਸੁਲਝਾ ਬੈਠੀ। ਉਸ ਨੇ ਪ੍ਰਕਾਸ਼ ਕੀਤਾ। ਰੋਈ ਪਿਆਰ 'ਚ। ਸ਼ੁਕਰ ਕੀਤਾ ਉਸ ਸਾਹਿਬ ਦਾ ਜਿਸ ਨੇ ਉਸ ਨੂੰ ਐਸਾ ਪਤੀ ਦਿਤਾ ਹੈ। ਜੋ ਉਸ ਤੋਂ ਵੀ ਸ਼ਾਇਦ ਦੋ

ਕਦਮ ਅੱਗੇ ਹੀ ਹੈ। ਇਸ ਖੁਸ਼ੀ 'ਚ ਅਸਵਾਰਾਂ ਕਰਨਾ ਭੁੱਲ ਗਈ। ਵਾਪਸ ਆਈ। ਅਗਲੀ ਸਵੇਰੇ ਫਿਰ ਉਵੇਂ ਜਦ ਰਾਜਾ ਆਪਣੇ ਭਜਨ ਕਮਰੇ 'ਚ ਪਹੁੰਚਿਆ, ਸਾਮ੍ਹਣੇ ਮਹਾਰਾਜ ਜੀ ਦਾ ਪ੍ਰਕਾਸ਼ ਦੇਖ ਕੇ ਕੰਬ ਗਿਆ। ਬਾਰ-ਬਾਰ ਕੱਲ੍ਹ ਸਵੇਰੇ ਦਾ ਚੇਤਾ ਕੀਤਾ। ਬਹੁਤ ਪਛਤਾਵਾ ਹੈ ਕਿ ਗੁਰੂ ਮਹਾਰਾਜ ਦੀ ਦਾ ਅਸਵਾਰਾ ਨਹੀਂ ਕੀਤਾ। ਮਨ ਨੂੰ ਲਾਹਨਤਾਂ ਪਾ ਰਿਹਾ ਹੈ ਕਿ ਹੇ ਰਾਜਮੱਧ! ਘੱਟੋ ਘੱਟ ਇਸ ਘਰ ਵਿਚ ਆ ਕੇ ਤਾਂ ਨਿਰੋਲ ਦਾਸਾ ਭਾਵ ਭਗਤੀ ਦਾ ਸਬੂਤ ਦੇਹ। ਪਰ ਜਦੋਂ ਰਾਜਾ ਇਨ੍ਹਾਂ ਅਰਦਾਸਾਂ ਵਿਚ ਗੁਆਚਾ ਪਛਤਾਵਾ ਕਰ ਰਿਹਾ ਸੀ। ਅਚਾਨਕ ਧਰਤੀ ਤੇ ਪਈ ਇਕ ਤਿਲੇ ਦੀ ਤਾਰ ਦਿਸੀ। ਸਭ ਕੁਝ ਸਮਝ ਗਿਆ। ਫਿਰ ਇਕ ਮੋਤੀਆਂ ਦੀ ਲੜੀ ਦਿਸੀ। ਹੁਣ ਤਸੱਲੀ ਹੋ ਗਈ ਕਿ ਚੋਰ ਕੌਣ ਹੈ। ਸ਼ੁੱਕਰ ਕੀਤਾ ਕਿ ਉਸ ਦਾ ਭੇਤ ਉਸਦੀ ਪਿਆਰੀ ਪ੍ਰਿਆਵਰ ਕੋਲ ਹੀ ਖੁਲ੍ਹਾ ਹੈ।

ਰਾਜਾ ਵਾਪਸ ਆਇਆ। ਦਿਨ ਚੜ੍ਹਿਆ, ਬੀਤ ਗਿਆ ਸ਼ਾਮ ਹੋਈ। ਰਾਣੀ ਸੁਖਮਨੀ ਸਾਹਿਬ ਦਾ ਪਾਠ ਕਰ ਰਹੀ ਸੀ। 'ਉਤਮ ਸਲੋਕ ਸਾਧ ਕੇ ਬਚਨ ਅਮੁਲੀਕ ਲਾਲ ਇਹ ਰਤਨ' ਇਹ ਤੁਕ ਫੜ ਲਈ ਰਾਜੇ ਨੇ। ਰਾਜੇ ਨੇ ਉਹ ਟੁੱਟੀ ਮੋਤੀਆਂ ਦੀ ਲੜੀ ਅੱਗੇ ਕਰ ਦਿਤੀ। ਰਾਣੀ ਦਾ ਰੰਗ ਪਲਟਿਆ, ਸਮਝ ਗਈ ਕਿ ਮੇਰੇ ਚੋਰੀ ਵੀ ਫੜੀ ਗਈ। ਰਾਜਾ ਕਹਿਣ ਲੱਗਾ ਪ੍ਰਿਆਵਰ! ਚੋਰ ਦਾ ਚੇਤਾ ਚੰਗਾ ਨਹੀਂ ਹੁੰਦਾ। ਆਪਣੀ ਚੋਰੀ ਨੂੰ ਛੁਪਾਉਣ ਦੀ ਕਾਹਲ, ਉਸ ਤੋਂ ਆਪਣੀ ਪੈੜ ਛੁਡਵਾ ਜਾਂਦੀ ਹੈ ਤੇ ਇਹ ਨਿਸ਼ਾਨੀ ਹੀ ਚੋਰ ਨੂੰ ਪਕੜਵਾਉਂਦੀ ਹੈ। ਦੋਹਾਂ ਵਿਚ ਖੂਬ ਪਿਆਰ ਭਰਿਆ, ਵਾਰਤਾਲਾਪ, ਸਵਾਲ ਜਵਾਬ ਹੋਏ। ਪਰ ਅੱਜ ਰਾਜਾ ਰਾਣੀ ਇਕ ਦੂਜੇ ਦੇ ਸਨਮੁਖ ਹਨ। ਇਕ ਦੂਜੇ ਦੀ ਚੋਰੀ ਉਨ੍ਹਾਂ ਨੂੰ ਸ਼ਰਮਿੰਦਗੀ ਨਹੀਂ ਦੇ ਰਹੀ ਸਗੋਂ ਆਪਸੀ ਸਾਂਝ ਤੇ ਗੁਰੂ ਪ੍ਰੀਤ ਨੂੰ ਹੋਰ ਗੂੜ੍ਹਾ ਕਰ ਰਹੀ ਹੈ। ਹੁਣ ਕੀ ਸੀ ਦੋਹਾਂ ਦਾ ਰੱਬ ਸਾਂਝਾ ਦਰਦਾਂ ਸਾਂਝੀਆਂ। ਰਾਣੀ ਆਖੇ, ਸਤਿਗੁਰੂ ਜੀ ਬਿਸਾਲੀ ਰਿਆਸਤ 'ਚ ਚਰਨ ਪਾ ਰਹੇ ਹਨ, ਆਪਾਂ ਚੱਲ ਕੇ ਜਾਈਏ, ਨਿਉਤਾ ਦੇਈਏ। ਰਾਜਾ ਫਿਰ ਚੁੱਪ ਹੈ। ਕੋਈ ਜਵਾਬ ਨਹੀਂ ਦਿੰਦਾ। ਇਕੋ ਗੱਲ ਕਹਿੰਦਾ ਹੈ 'ਹਵਾ ਕਿਸੇ ਦੇ ਨਿਉਤੇ ਉਡੀਕਦੀ ਹੈ' ਸਾਰੀ ਸ੍ਰਿਸ਼ਟੀ ਰੱਬ ਦਾ ਘਰ ਹੈ। ਉਹ ਜਿਥੇ ਚਾਹੇ ਜਾ ਸਕਦਾ ਹੈ। ਰਾਜੇ ਦੇ ਮਨ ਦੀਆਂ ਪਿਆਰ ਭਿੱਜੀਆਂ ਤੇ ਅਤਿ ਗੁਹਜ ਰਮਜਾਂ ਰਾਣੀ ਦੀ ਸਮਝ ਨੂੰ ਮਾਤ ਕਰਦੀਆਂ ਜਾਪ ਰਹੀਆਂ ਹਨ।

ਆਖਰ ਇਕ ਦਿਨ ਰਾਜਾ ਸ਼ਿਕਾਰ ਤੇ ਚੜ੍ਹਿਆ। ਤੀਰ ਚੱਲੇ ਤੇ ਇਕ ਤੀਰ ਜਾ ਕੇ ਮ੍ਰਿਗ ਦੇ ਵਜਿਆ। ਮ੍ਰਿਗ ਨੂੰ ਤੀਰ ਵਜਦਾ ਦੇਖਦਾ ਹੈ, ਦ੍ਰਵ ਉਠਦਾ ਹੈ, ਮ੍ਰਿਗ ਵਾਂਗ ਹੀ ਤੜਫ ਉਠਦਾ ਹੈ ਤੇ ਇਕ ਦਮ ਕਹਿ ਬੈਠਦਾ ਹੈ ਕਿ ਹਾਇ ਕਦੇ ਗੁਰੂ ਕ੍ਰਿਪਾ ਦਾ ਐਸਾ ਬਾਣ ਮੇਰੇ ਵੀ ਲੱਗੇ, ਮੈਂ ਵੀ ਗੁਰੂ ਪਿਆਰ ਵਿਚ ਮਰਾਂ ਤੇ ਫਿਰ 'ਸੋ ਜੀਵਿਆ ਜਿਸੁ ਮਨ ਵਸਿਆ ਸੋਇ' ਵਾਲਾ ਜੀਵਨ ਪਾਵਾਂ।

ਕਮਾਲ ਹੋ ਗਈ। ਅੱਜ ਉਹ ਰਾਉ ਬੋਲ ਪਿਆ। ਜਿਸ ਨੇ ਕਦੀ ਦਿਲ ਦੀ ਗੱਲ ਨੂੰ ਦਿਲ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਸੀ ਦਿਤੀ। ਗੁਰੂ ਪ੍ਰੀਤ ਨੇ ਅੱਜ ਸਾਰੇ ਕੜ ਤੋੜ ਦਿਤੇ, ਉਥੇ ਹੀ ਸਮਾਧੀ 'ਚ ਬੈਠ ਗਿਆ। ਉਸ ਦਾ ਮੰਤਰੀ ਬਹੁਤ ਸਿਆਣਾ ਸੀ। ਉਸ ਨੇ ਭਾਂਪ ਲਿਆ ਕਿ ਅੱਜ ਦਾ ਸ਼ਿਕਾਰ ਰਾਜੇ ਦੀਆਂ ਤਰਬਾਂ ਨੂੰ ਡਾਢੀ ਸੱਟ ਦੇ ਗਿਆ ਹੈ। ਸਭ ਅਹਿਲਕਾਰ ਥੋੜ੍ਹੇ ਫਾਸਲੇ ਤੇ ਖਾਮੋਸ਼ ਖੜ੍ਹੇ ਹਨ। ਉਧਰੋਂ ਤੱਕਿਆ ਕਿ ਇਕ ਸਿੰਘ ਆ ਰਿਹਾ ਹੈ। ਸਿੰਘ ਜੀ ਨੇ ਕੋਲ ਪਹੁੰਚ ਕੇ ਦੱਸਿਆ ਕਿ ਭਾਈ ਸਾਡੇ ਗੁਰੂ ਮਹਾਰਾਜ ਜੀ ਵੀ ਅੱਜ ਸ਼ਿਕਾਰ ਕਰ ਰਹੇ ਹਨ। ਉਨ੍ਹਾਂ ਨੇ ਬਾਣ ਚਲਾਇਆ ਸੀ ਤੇ ਬਾਣ ਇਕ ਮਿਰਗ ਦੇ ਲੱਗਿਆ ਹੈ। ਮੰਤਰੀ ਕੁਝ ਸਮਝਿਆ ਤੇ ਝੱਟ ਹੀ ਸਿੰਘ ਜੀ ਦੇ ਨਾਲ ਹੋ ਤੁਰਿਆ। ਜਾ ਕੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਦਾ ਹੈ। ਨਮਸਕਾਰ ਕੀਤੀ, ਆਪਣੀ ਦਾਸਾ ਭਾਵ ਭਗਤੀ ਦਾ ਸਬੂਤ ਦਿੰਦਾ ਹੋਇਆ ਰਾਜ ਵਿਚ ਚਰਨ ਪਾਉਣ ਲਈ ਬੇਨਤੀ ਕਰਦਾ ਹੈ। ਘਟ-ਘਟ ਦੀਆਂ ਜਾਨਣਹਾਰੇ ਸਤਿਗੁਰੂ ਜੋ ਇਕ ਦਿਨ ਪਹਿਲਾਂ ਸ਼ਿਕਾਰ ਖੇਡਣ ਦੇ ਬਹਾਨੇ ਇਸ ਰਾਜ 'ਬਿਭੌਰ' 'ਚ ਚਰਨ ਪਾ ਗਏ ਸਨ ਤੇ ਮੁੱਖੋਂ ਫੁਰਮਾਇਆ ਸੀ ਕਿ ਇਥੇ ਸ਼ਿਕਾਰ ਅੱਛਾ ਮਿਲੇਗਾ। ਮੰਤਰੀ ਨੂੰ ਪਿਆਰ ਦਿਤਾ ਤੇ ਪੁੱਛਦੇ ਹਨ ਕਿ ਰਾਜਾ ਕਿਥੇ ਹੈ? ਕੌਣ ਸਮਝੇ ਸੂਰੇ ਸਤਿਗੁਰੂ ਦੀਆਂ ਰਮਜ਼ਾਂ। ਜਗਤ ਭੋਲਾ ਕਹਿ ਛੱਡਦਾ ਹੈ ਜੀ ਸਤਿਗੁਰੂ ਜੀ ਨੇ ਸ਼ਿਕਾਰ ਕੀਤਾ, ਜਾਨਵਰ ਮਾਰੇ। ਪਿਆਰਿਓ! ਮਾਰੇ ਨਹੀਂ, ਨਿਸਤਾਰੇ। ਸਤਿਗੁਰੂ ਮਾਰਦਾ ਨਹੀਂ, ਜੀਵਾਲਦਾ ਹੈ। 'ਸਦਾ ਚਿਰ ਜੀਵਹੁ' ਵਾਲਾ ਜੀਵਨ ਦਿੰਦਾ ਹੈ।

ਸਤਿਗੁਰ ਬਲਕਾਰ ਯੋਧੇ ਅੱਜ ਜਾ ਰਹੇ ਹਨ, ਇਕ ਇਕ ਕਦਮ ਆਪ ਜੀ ਦਾ ਜਦ ਧਰਤੀ ਮਾਤਾ ਦੀ ਹਿੱਕ ਤੇ ਲਗਦਾ ਹੈ। ਉਹ ਕ੍ਰਿਤ-ਕ੍ਰਿਤ ਹੁੰਦੀ ਹੈ, ਠਰਦੀ ਹੈ. ਰੁਮਕ ਰਹੀ ਪਉਣ ਨੂੰ ਆਪ ਜੀ ਦੀ ਛੋਹ ਸਵਾਦ-ਸਵਾਦ ਕਰ ਰਹੀ ਹੈ। ਸਤਿਗੁਰੂ ਜੀ ਦੇ ਹਰ ਵਧਦੇ ਕਦਮ, ਤੇ ਸ਼ਾਮ ਦਾ ਢਲਦਾ ਹੋਇਆ ਸੂਰਜ ਮਾਨੋਂ ਸਤਿਗੁਰੂ ਜੀ ਦੇ ਜਲਾਲ ਦਾ ਪਰਛਾਵਾਂ ਸਾਰੀ ਕਾਇਨਾਤ ਨੂੰ ਲਾ-ਲਾ ਤੇ ਬੇਹੱਦ ਰੱਤੀ ਰੰਗਣ ਵਿਚ ਰੰਗਦਾ ਭਾਸਦਾ ਹੈ। ਪਸ਼ੂ-ਪੰਛੀ ਮਾਨੋਂ ਪਿਆਰੇ ਦੀ ਦੀਦ ਇੰਨੀ ਸਿਮਤ ਲਾ ਕੇ ਕਰ ਰਹੇ ਹਨ ਕਿ ਬੁੱਤ ਹੋ ਗਏ ਨੇ। ਸਨਾਟਾ ਤਾਂ ਹੈ, ਪਰ ਐਨਾ ਆਨੰਦਮਈ, ਮਾਨੋਂ ਜੁਗਾਂ ਤੋਂ ਇਸ ਘੜੀ ਦਾ ਇੰਤਜ਼ਾਰ ਸੀ। ਧਰਤੀ ਪੁਕਾਰ ਰਹੀ ਹੈ 'ਧੰਨ-ਧੰਨ ਹਮਾਰੇ ਭਾਗ'। ਉਧਰ ਜਾ ਰਿਹਾ ਹੈ ਦੁਨੀਆਂ ਦਾ ਵਾਲੀ, ਹਰ ਮਰਿਆਦਾ ਨੂੰ ਪਾਰ ਕਰਦਾ ਜਾ ਰਿਹਾ ਹੈ, ਇੰਨੀ ਕਾਹਲੀ ਹੈ ਜਿੰਨੀ ਕਾਹਲੀ ਨਾਲ ਆਪ ਜੀ ਕਦਮ ਚੁੱਕ ਰਹੇ ਨੇ, ਓਨੀ ਕਾਹਲੀ ਨਾਲ ਕਾਇਨਾਤ ਤ੍ਰਿਪਤ ਤੇ ਸ਼ਾਂਤ ਹੋ ਰਹੀ ਹੈ। ਕੁਦਰਤ ਦਾ ਨਜ਼ਾਰਾ ਤੇ ਉਸ ਦੀ ਸ਼ਰਧਾ ਦਾ ਇਜ਼ਹਾਰ ਇਹ ਹੈ ਕਿ ਸਾਰੀ ਕਾਇਨਾਤ ਆਪਣੇ ਮਾਲਕ ਦੇ ਚਰਨਾਂ 'ਚ ਨਤ ਮਸਤਕ ਹੋਈ ਖੜ੍ਹੀ ਹੈ। ਆਖਰ ਆ ਖੜੋਤੇ ਉਸ ਰੂਹ ਦੇ ਨੇੜੇ ਜੋ ਚੌਵੀ ਘੰਟੇ ਆਪ ਜੀ ਦੇ ਦੀਦਾਰ ਨੂੰ ਤੜਫ ਰਹੀ ਹੈ। ਖੜ੍ਹੇ ਹਨ ਰਾਜੇ ਦੇ ਕੋਲ, ਬੈਠਾ ਹੈ ਰਾਜਾ ਭੁੰਜੇ ਹੀ।

ਬਿਧਨਾਂ! ਤੂੰ ਕਿਹੋ ਜਿਹੇ ਕਲੋਲ ਕਰਦੀ ਹੈਂ। ਕਦੀ ਤੂੰ ਇੰਨੀਆਂ ਤੜਫਨੀਆਂ ਦਿੰਦੀ ਹੈ ਕਿ ਆਦਮੀ ਇਕ ਆਸ ਤੇ ਬੱਝਾ ਸਾਹ ਲੈਂਦਾ ਹੈ ਅਤੇ ਕਦੀ ਦੀਦਾਰ ਸਾਮ੍ਹਣੇ ਹੁੰਦਿਆਂ ਵੀ ਹੋਸ਼ ਨੂੰ ਉਸੀ ਪਿਆਸ ਵਿਚ ਇੰਨਾਂ ਲੀਨ

ਕਰ ਦਿੰਦੀ ਹੈ ਕਿ ਦੀਦਾਰ ਸਾਮ੍ਹਣੇ ਹੁੰਦਿਆਂ ਹੋਇਆਂ ਵੀ ਉਸ ਦਾ ਆਭਾਸ ਨਹੀਂ ਹੁੰਦਾ। ਸਤਿਗੁਰੂ ਜੀ ਇਕ ਟੱਕ ਸਿਮਤ ਲਾਈਂ ਦੇਖ ਰਹੇ ਹਨ ਰਾਜੇ ਨੂੰ। ਮਾਨੋ ਜਿਵੇਂ ਕਈ ਮੁਦਤਾਂ ਤੋਂ ਸਿਕਦੀ ਮਾਂ ਆਪਣੇ ਬਾਲਕ ਨੂੰ ਅੰਕ ’ਚ ਭਰ ਲੈਣਾ ਚਾਹੇ। ਉਸ ਤੇ ਸਭ ਕੁਝ ਲੁਟਾ ਦੇਣਾ ਚਾਹੇ, ਉਸ ਨੂੰ ਆਪਣੀ ਹਰ ਅਸੀਸ ਦੇਣਾ ਚਾਹੇ। ਪਰ ਰਾਜੇ ਦੀਆਂ ਅੱਖਾਂ ਬੰਦ ਨੇ। ਕੋਈ ਵਸਿਆ ਪਿਆ ਹੈ ਅੱਖਾਂ ਵਿਚ, ਧਿਆਨ ਵਿਚ ਤੇ ਅੱਜ ਸ਼ਾਇਦ ਰਾਜਾ ਚਾਹੁੰਦਾ ਨਹੀਂ ਕਿ ਉਸ ਤੋਂ ਕਦੇ ਜੁਦਾ ਹੋਵੇ, ਉਹ ਮੂਰਤ ਅੱਖਾਂ ਤੋਂ ਉਹਲੇ ਹੋਵੇ। ਆਖਰ ਆਪ ਜੀ ਉਸ ਦੇ ਧਿਆਨ ਮੰਡਲ ’ਚ ਦਾਖਲ ਹੋ ਗਏ। ਉਸ ਦੀ ਸੁਰਤ ਨੂੰ ਟੁੰਬਿਆ, ਬੇਟਾ ਅਸੀਂ ਆ ਗਏ ਅੱਖਾਂ ਖੋਲ੍ਹੋ। ਰਾਜੇ ਦੀ ਸੁਰਤ ਨੇ ਪਲਟਾ ਖਾਧਾ। ਅੱਖਾਂ ਖੋਲ੍ਹੀਆਂ, ਯਕੀਨ ਨਹੀਂ ਹੁੰਦਾ ਫਿਰ ਬੰਦ ਕਰ ਕੇ ਫਿਰ ਖੋਲ੍ਹੀਆਂ। ਹੁਣ ਤਾਣ ਨਹੀਂ ਰਿਹਾ ਉਪਰ ਦੇਖਣ ਦਾ, ਚਰਨਾਂ ਨੂੰ ਲਿਪਟਣਾ ਚਾਹਿਆ। ਸਤਿਗੁਰੂ ਜੀ ਨੇ ਪਕੜ ਲਿਆ। ਸੀਨੇ ਨਾਲ ਲਾਇਆ ਪਿਆਰ ਕੀਤਾ, ਨਾਮ ਦੀ ਦਾਤ ਦਿਤੀ। ਗਲ ਨਾਲ ਲਾਇਆ। ਰਾਜੇ ਵਿਚਲਾ ਰਾਜਾ ਮੁੱਕ ਗਿਆ ਤੇ ਪਿਆਰ ਜੀ ਪਿਆ। ਅੱਖਾਂ ’ਚੋਂ ਟ੍ਰਪ-ਟ੍ਰਪ ਹੰਝੂ ਕਿਰਦੇ ਨੇ। ਸਤਿਗੁਰੂ ਜੀ ਨੇ ਅਕਹਿ ਪਿਆਰ ਦਿਤਾ। ਸ਼ਾਂਤ ਕੀਤਾ, ਕਹਿ ਨਹੀਂ ਹੁੰਦਾ ਉਸ ਤੋਂ। ਅੰਦਰੋਂ ਹੀ ਬੇਨਤੀ ਨਿਕਲ ਰਹੀ ਹੈ ਉਸ ਦੇ ਕਿ ਮਹਾਰਾਜ ਜੀ ਰਾਜ ਮਹਿਲਾਂ ਨੂੰ ਭਾਗ ਲਾਉ। ਦੇਖੋ ਨਾ ਸਤਿਗੁਰੂ ਦੇ ਰੰਗ। ਰਾਜੇ ਦਾ ਹੱਥ ਆਪਣੇ ਹੱਥ ਵਿਚ ਲਿਆ, ਚਲੇ ਜਾ ਰਹੇ ਨੇ, ਆਪ ਜੀ ਰਾਜ ਮਹਿਲਾਂ ਵਲ। ਕੁਦਰਤ ਬਹੁਤ ਵਿਸਮਾਦ ’ਚ ਦੇਖ ਰਹੀ ਹੈ ਕਿ ਕਿੱਦਾਂ ‘ਉਹ ਬਾਲਕ ਵਾਂਗੀ ਪਾਲੀਐ’ ਵਾਲੇ ਦਾਤਾ ਜੀ ਆਪਣੇ ਬੱਚਿਆਂ ਦੀ ਸਾਰ ਲੈਂਦੇ ਹਨ। ਜਾ ਕੇ ਰਾਜ ਮਹਿਲਾਂ ਵਿਚ ਦਾਖਲ ਹੋਏ। ਸਤਿਗੁਰੂ ਜੀ ਸਿੱਧਾ ਰਾਣੀ ਦੇ ਕਮਰੇ ਵਲ ਨੂੰ ਹੋ ਲੈਂਦੇ ਹਨ ਜਦ ਦਹਿਲੀਜ਼ ਤੇ ਪਹੁੰਚੇ, ਕੀ ਤਕਦੇ ਨੇ, ਰਾਣੀ ਕਿਸੇ ਅਰਦਾਸ ਵਿਚ ਲੀਨ ਹੈ, ਅਰਦਾਸ ਦਾ ਰੂਪ ਬਣ ਚੁੱਕੀ ਹੈ। ਰਾਜਾ ਬਾਹਰ ਦਰਵਾਜੇ ਤੇ ਰੁਕਿਆ। ਰਾਣੀ ਅੰਦਰ ਅਰਦਾਸ ਕਰੀ ਜਾ ਰਹੀ ਹੈ। ਪਿਆਰ ਕਰਨ ਵਾਲਿਆਂ ਦੀ ਉਮਰ ਤਾਂ ਮੁੱਕ ਜਾਂਦੀ ਹੈ, ਉਨ੍ਹਾਂ ਦੇ ਜਨਮ ਮੁੱਕ ਜਾਂਦੇ ਹਨ ਪਰ ਉਨ੍ਹਾਂ ਦੀ ਆਪਣੇ ਪਿਆਰੇ ਦੇ ਪਿਆਰ ਵਿਚ ਅਰਦਾਸ ਸਦੀਵੀ ਬਣ ਜਾਂਦੀ ਹੈ। ਮੁੱਕਦੀ ਨਹੀਂ। ਇਸੇ ਅਰਦਾਸ ਦੇ ਨਾਲ ਉਹ ਜੀਉਂਦੇ ਹਨ। ਰਾਣੀ ਆਪੇ ਤੋਂ ਬੇਕਾਬੂ ਹੋ ਚੁੱਕੀ ਹੈ। ਉਸਨੂੰ ਆਪਣੇ ਆਸ-ਪਾਸ ਦੀ ਕੋਈ ਸੁੱਧ ਨਹੀਂ ਹੈ। ਸਤਿਗੁਰੂ ਜੀ ਨੇ ਸਾਰਾ ਹਾਲ ਤੱਕ ਲਿਆ। ਰਾਣੀ ਨੂੰ ਵੀ ਉਸੇ ਦੇਸ਼ ’ਚੋਂ ਮੋੜ ਲਿਆ ਜਿਥੋਂ ਰਾਜੇ ਨੂੰ ਮੋੜਿਆ। ਕਹਿਣ ਲੱਗੇ ਬੇਟੀ ਅਸੀਂ ਆ ਗਏ। ਰਾਣੀ ਨੇ ਅੱਖਾਂ ਖੋਲ੍ਹੀਆਂ, ਦੇਖਦੀ ਹੈ ਸੱਚਮੁੱਚ ਹੀ ਸਤਿਗੁਰੂ ਜੀ ਨੇ। ਬਾਹਰ ਰਾਜੇ ਤੇ ਨਿਗ੍ਹਾ ਪਈ ਕਹਿਣ ਲੱਗੀ ਸਤਿਗੁਰੂ ਜੀ! ਪਹਿਲਾਂ ਮੇਰੇ ਪਤੀ ਜੀ ਨੂੰ ਤਾਰੋ। ਚਰਨਾਂ ਪਰ ਢਹਿ ਕੇ ਬੇਨਤੀ ਕਰਦੀ ਹੈ। ਮਹਾਰਾਜ ਜੀ ਨੇ ਰਾਜੇ ਨੂੰ ਪਾਸ ਬੁਲਾਇਆ ਪਿਆਰ ਕੀਤਾ। ਉਹ ਕਹਿੰਦੀ ਹੈ ਹੇ ਸਤਿਗੁਰੂ ਜੀ! ਮੇਰੀ ਪ੍ਰੀਤ ਤਾਂ ਜਿਹੋ ਜਿਹੀ ਹੈ, ਪਰ ਮੇਰੇ ਪਤੀ ਜੀ ਦੀ ਪ੍ਰੀਤ ਧੰਨ ਹੈ। ਕਦੇ ਆਪਣੇ ਆਪ ਨੂੰ ਬਿਆਨ ਨਹੀਂ ਕੀਤਾ।

ਕੀ ਬਿਆਨ ਕਰੇ ਪ੍ਰੀਤ। ਕੀ ਚੁੱਪ ਕਰਕੇ ਬੈਠੇ। ਪ੍ਰੀਤ ਨੂੰ ਤਾਂ ਪਤਾ ਹੀ ਨਹੀਂ ਲਗਦਾ ਕਿ ਉਹ ਕਰੇ ਕੀ। ਕਿਸੇ ਹਿਰਦੇ ਵਿਚੋਂ ਅਰਦਾਸ ਬਣ ਜਾਂਦੀ ਹੈ। ਕਿਸੇ ਹਿਰਦੇ ’ਚੋਂ ਆਹਾਂ ਬਣ ਕੇ ਨਿਕਲਦੀ ਹੈ। ਕਿਸੇ ਹਿਰਦੇ ਵਿਚੋਂ ਹੰਝੂ ਬਣ ਬਣ ਕੇ ਵਹਿੰਦੀ ਹੈ। ਪਰ ਕਿਤੇ ਕਿਤੇ ਅੰਦਰ ਹੀ ਗੁਪਤ ਹੋ ਜਾਂਦੀ ਹੈ। ਪਰਵਾਨੇ ਵਾਂਗੂ ਆਪਾ ਜਲਾ ਦਿੰਦੀ ਹੈ। ਹਰ ਕੋਈ ਕੋਇਲ ਵਾਂਗੂ ਕੂਕ ਨਹੀਂ ਸਕਦਾ ਤੇ ਹਰ ਕੋਈ ਪਰਵਾਨੇ ਵਾਂਗੂ ਸਦਕੇ ਨਹੀਂ ਹੋ ਸਕਦਾ। ਆਪਣੀ ਮੌਜ ਵਿਚ ਵਗਦੀ ਹੈ, ਪਰ ਸਦਵਾਉਂਦੀ ਪ੍ਰੀਤ ਹੀ ਹੈ। ਹਸਤੀ ਕੋਈ ਨਹੀਂ ਹੈ ਇਸ ਦੀ ਪਰ ਪਹਿਚਾਣ ਪ੍ਰਮੇਸ਼ਰ ਹੈ। ਉਪਜਦੀ ਹੈ ਬਿਨਸਦੀ ਨਹੀਂ ਹੈ। ਤਾ ਹੀਂ ਤਾਂ ਇਸ ਨੂੰ ‘ਸਾਚੀ ਪ੍ਰੀਤ’ ਕਿਹਾ ਹੈ।

ਤਾਂ ਤਦ ਸਤਿਗੁਰੂ ਜੀ ਨੇ ਫਿਰ ਰਾਜੇ ਨੂੰ ਗਲ ਨਾਲ ਲਾਇਆ। ਰਾਣੀ ਨੂੰ ਚੁੱਕਿਆ, ਨਾਮ ਦਾਨ ਜੀਅ ਦਾਨ ਦਿਤਾ। ਅਸੀਸਾਂ ਦਿਤੀਆਂ। ਸਤਿਗੁਰੂ ਦੇ ਘਰ ਹੋਏ ਜਨਮ ਨੇ ਗਵਨ ਮਿਟਾ ਦਿਤਾ।

ਬੜਾ ਅੱਛਾ ਸ਼ਿਕਾਰ ਕੀਤਾ। ਸਤਿਗੁਰੂ ਜੂ ਹੋਇਆ। ਅੱਖਰ ਮੁੱਕ ਜਾਂਦੇ ਨੇ ਸਤਿਗੁਰੂ ਵਲ ਦੇਖ ਕੇ। ਯਕੀਨ ਮੰਨਣਾ ਕਲਮਾਂ ਜਵਾਬ ਦੇ ਜਾਂਦੀਆਂ ਹਨ। ਕੀ ਲਿਖਿਆ ਜਾਵੇ। ਗੁਰਬਾਣੀ ਕਹਿ ਰਹੀ ਹੈ -

***‘ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤਸਰੁ।’ ਅੰਗ - 397*** ਕੋਈ ਪੂਰਾ ਹੀ ਪਿਆਰ ਦੇ ਬ੍ਰਿਤਾਂਤ ਲਿਖ ਸਕਦਾ ਹੈ। ਕਹਿਣ ਨੂੰ ਤਾਂ ਪਿਆਰ ਦੀ ਛੋਟੀ ਜਿਹੀ ਸਾਖੀ ਹੈ, ਮਗਰ ਪਿਆਰ ਦਾ ਇਨ੍ਹਾਂ ਕਰਾਰਾਂ ਵਾਰ ਹੈ ਕਿ ਆਦਮੀ ਨੂੰ ਢੇਰ ਕਰ ਦਿੰਦਾ ਹੈ। ਛੋਟਾ ਜਿਹਾ ਯਤਨ ਕੀਤਾ ਹੈ, ਉਸ ਪਿਆਰ ਨਾਲ ਜੁੜਨ ਦਾ। ਬਡਜੋਧੇ ਤੇ ਪਰਉਪਕਾਰੀ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਇਹੀ ਅਰਦਾਸ ਹੈ ਕਿ ਸਾਡੇ ਤੇ ਮਿਹਰ ਕਰਨ, ਛੇਤੀ ਉਹ ਸਮਾਂ ਆਏ ਸਾਨੂੰ ਵੀ ਗੁਰਬਾਣੀ ਦੇ ਬਾਣ ਲਗ ਜਾਣ, ਸਾਡੇ ਮਨ, ਹਿਰਦੇ ਵਿਚ ਵੀ ਛੇਕ ਪੈ ਜਾਵੇ ਤੇ ਅਸੀਂ ਵੀ ਉਸ ਮਾਲਕ ਦੇ ਬਣ ਕੇ ਸੰਸਾਰ ਨੂੰ ਅਲਵਿਦਾ ਕਹੀਏ। ਇਹੋ ਜਿਹਾ ਜੀਵਿਆ ਸ਼ਾਇਦ ਥਾਇ ਪਏਗਾ।

ਬਾਬਾ ਜੀ ਤੇ ਬੀਜੀ ਦੀ ਕ੍ਰਿਪਾ ਤੇ ਅਸੀਸ ਲਈ ਅਰਦਾਸ ਕਰਦੀ ਹਾਂ। ਬੀਜੀ ਨੂੰ ਵਾਹਿਗੁਰੂ ਜੀ ਲੰਬੀ ਆਯੂ ਤੇ ਸਰੀਰਕ ਅਰੋਗਤਾ ਬਖਸ਼ਣ। ਕੁਝ ਅਯੋਗ ਕਹਿ ਬੈਠੀ ਹੋਵਾਂ, ਖਿਮਾ ਮੰਗਦੀ ਹਾਂ। ਉਪਦੇਸ਼ ਸਤਿਪੁਰਸ਼ਾਂ ਦਾ ਹੈ ਤੇ ਖਿਆਲ ਵੀ ਉਨ੍ਹਾਂ ਦੀ ਕ੍ਰਿਪਾ ਨਾਲ ਉਪਜਦੇ ਹਨ। ਗਲਤੀਆਂ ਮੇਰੀਆਂ ਹਨ, ਉਨ੍ਹਾਂ ਲਈ ਖਿਮਾ ਮੰਗਦੀ ਹਾਂ। ਅਦਾਰਾ ‘ਆਤਮ ਮਾਰਗ’ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦੀ ਹਾਂ।”

(ਪੰਨਾ 9 ਦੀ ਬਾਕੀ)

ਕਹਿੰਦੇ ਨੇ ਖੋਜਣ ਤਾਂ ਲਗ ਗਿਆ, ਪਰ ਤੂੰ 'ਵਰਿਆਮ ਸਿੰਘ' ਨਹੀਂ ਰਹਿਣਾ ਖੋਜਣ ਤੋਂ ਬਾਅਦ, ਖਤਮ ਹੋ ਜਾਣਾ ਹੈ। ਖਤਮ ਹੋਣਾ ਜੇ ਮਨਜ਼ੂਰ ਹੈ ਤਾਂ ਆ ਜਾ। ਅਸੀਂ ਕਹਿੰਦੇ ਹਾਂ ਨਾ ਜੀ, ਸਾਡੇ ਲਿਖਾਰੀ ਲਿਖਦੇ ਨੇ ਵੱਡੇ-ਵੱਡੇ, ਕਹਿੰਦੇ ਜੀ ਇਹ ਤਾਂ ਫੇਰ ਵਿਨਾਸ਼ ਹੋਇਆ। ਅਸੀਂ ਤਾਂ ਨਹੀਂ ਇਹਨੂੰ ਮੰਨਦੇ। ਗੁਰੂ ਮਹਾਰਾਜ ਦੀ ਗੱਲ ਨਹੀਂ ਮੰਨਦੇ। ਗੁਰੂ ਮਹਾਰਾਜ ਕਹਿੰਦੇ ਜੇ ਤੂੰ ਮੇਰੇ ਕੋਲ ਆਉਣਾ ਹੈ ਨਾ ਤਾਂ ਤੂੰ ਖਤਮ ਹੋਣਾ ਮੰਨ ਲੈ। ਤੇਰੀ ਜਿਹੜੀ ਹਸਤੀ ਹੈ ਇਹੀ ਤੇਰੇ ਤੇ ਮੇਰੇ ਵਿਚ ਫਰਕ ਪਾਈਂ ਬੈਠੀ ਹੈ। ਜਿੰਨੀ ਦੇਰ ਤੂੰ ਆਪਣੇ ਆਪ ਦੀ ਹੋਂਦ ਬਣਦਾ ਰਹੇਂਗਾ, ਮੈਂ ਨਹੀਂ ਤੈਨੂੰ ਮਿਲਣਾ। ਜੇ ਤੂੰ ਹੋਂਦ ਛੱਡਣ ਨੂੰ ਤਿਆਰ ਹੋ ਗਿਆ, ਪਿਆਰਿਆ ਤੂੰ ਮੇਰੇ ਵਿਚ ਰਲ ਜਾਣਾ ਹੈ, ਤੇਰਾ ਵਜੂਦ ਖਤਮ ਹੋ ਜਾਣਾ ਹੈ, ਮੈਂ ਹੀ ਪਹਿਲਾਂ ਹਾਂ, ਮੈਂ ਹੀ ਹੁਣ ਹਾਂ। ਮੇਰੀਓ ਸ੍ਰਿਸ਼ਟੀ ਹੈ, ਮੈਂ ਹੀ ਖੇਲ੍ਹ ਕਰਦਾ ਹਾਂ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***ਜਾਪੁ ਸਾਹਿਬ***

ਪਹਿਲਾਂ ਵੀ ਮੈਂ ਸੀ। ਆਦਿ ਸੱਚ, ਫੇਰ ਮੈਂ ਹੀ ਹਾਂ, ਜੁਗਾਦਿ ਸੱਚ; ਹੁਣ ਵੀ ਮੈਂ ਹੀ ਹਾਂ, ਹੈ ਭੀ ਸੱਚ; ਜਦੋਂ ਖੇਲ੍ਹ ਖਤਮ ਹੋਏਗੀ ਫੇਰ ਵੀ ਮੈਂ ਹੀ ਹੋਵਾਂਗਾ, 'ਨਾਨਕ ਹੋਸੀ ਭੀ ਸਚੁ।' ਇਹ ਵਿਚ ਵਿਚਾਲੇ ਮੈਂ ਖੇਲ੍ਹ ਕਰੀ ਹੋਈ ਹੈ। ਆਤਮਾ ਛੁਪਾ ਦਿਤੀ ਇਹਦੇ ਵਿਚ। ਇਹਨੂੰ ਟੋਲ੍ਹ ਲੈ ਤੂੰ ਅਮਰ ਹੋ ਜਾਏਂਗਾ। ਪੂਰਾ ਹੋ ਜਾਏਂਗਾ, ਪੂਰਨ ਪੁਰਖ। ਤੈਨੂੰ ਕਿਸੇ ਚੀਜ਼ ਦੀ ਲੋੜ ਹੀ ਨਹੀਂ ਰਹਿਣੀ, ਲੋੜਾਂ ਸਭ ਖਤਮ ਹੋ ਜਾਣਗੀਆਂ। ਸਦਾ ਅਨੰਦ ਹੋ ਜਾਏਗਾ। ਆਪਣੀ ਹੋਂਦ ਹੀ ਜਦ ਖਤਮ ਹੋ ਗਈ, ਲੋੜ ਕਿਹੜੀ ਰਹਿ ਗਈ। ਸੋ ਇਹ ਉਚਾ ਉਪਦੇਸ਼ ਸਾਵਣ ਦੇ ਮਹੀਨੇ ਰਾਹੀਂ ਗੁਰੂ ਮਹਾਰਾਜ ਸਾਨੂੰ ਕਰਦੇ ਨੇ। ਮਹਾਰਾਜ ਕਹਿੰਦੇ -

***ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥***
***ਅੰਗ - 134***

ਜਿਹਨੇ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ, ਅੰਦਰ ਨੂੰ ਸਾਹ ਜਾਂਦੈ, ਬਾਹਰ ਨੂੰ ਜਾਂਦੈ, ਹਾਰ ਵਾਂਗੂੰ ਪਹਿਨਿਆ ਹੋਇਐ, ਉਨ੍ਹਾਂ ਤੋਂ ਬਲਿਹਾਰ ਜਾਂਦੇ ਹਾਂ।

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ - ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ......................
2. ਨਾਮ/ Name.................................................................
3. ਪਿਤਾ ਦਾ ਨਾਮ/Father's Name..........................................
4. ਪੂਰਾ ਪਤਾ/Full address.....................................................

.....................................................

.....................................................

PINCODE.......................Telephone..............

ਮੈਂ ............ ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.......................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ..................................

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 4, 11, 18, 25 ਜੁਲਾਈ।

**ਸੰਗਰਾਂਦ** - 16 ਜੁਲਾਈ, ਦਿਨ ਸ਼ੁਕਰਵਾਰ।

**ਪੂਰਨਮਾਸ਼ੀ** - 2 ਜੁਲਾਈ, ਦਿਨ ਸ਼ੁਕਰਵਾਰ

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 31 ਜੁਲਾਈ 2004, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ

## For more information
**please visit us on internet at -**

http://www.atammarg.org

&

http://www.Ratwara sahib.com

## ਇਨਕਮ ਟੈਕਸ (Income Tax) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/2001-2002/3050 ਮਿਤੀ 22.2.2002/ 6.3.2002 ਅਨੁਸਾਰ ਇਹ ਛੋਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੋਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

## ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

**ਦਫਤਰ ਆਤਮ ਮਾਰਗ ਫੋਨ ਨੰਬਰ -**

**0160-2255002**

**0160-2255009 (ਫੈਕਸ)**

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

**ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ, ਰਤਵਾੜਾ ਸਾਹਿਬ ਦੇ ਫੋਨ ਨੰਬਰ** - 0160-2255003

**ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ਼ ਟੈਕਨਾਲੌਜੀ, ਰਤਵਾੜਾ ਸਾਹਿਬ** - 0160-2255005, 2255006. 2255007

**ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ, ਰਤਵਾੜਾ ਸਾਹਿਬ** - 98142-80259